A1 Roofing & Siding Ltd.
•ROOFING •SIDING •SOFFIT •STUCCO •HARDIE •FASCIA •EAVESTROUGH
ਘਰਾਂ ਦੀਆਂ ਛੱਤਾਂ ਅਤੇ ਸਾਈਡਿੰਗ, ਸਟੱਕੋ ਦਾ ਤਸੱਲੀਬਖ਼ਸ਼ ਕੰਮ ਕਰਵਾਓ
Jaswinder 403-614-2094 Harwinder 403-402-5615

The Punjabi Newspaper
ਪੰਜਾਬੀਅਤ ਦਾ ਪਹਿਰੇਦਾਰ
# ਪੰਜਾਬੀ ਅਖ਼ਬਾਰ
Punjabi Akhbaar
ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000
Edmonton : 780 599 2000 | Regina/Saskatoon : 639 999 1000 : Winnipeg 431 733 3000
Chief Editor : Harbans Buttar

Look & Find your dream home with
MANJIT JASWAL REALTOR®
THE NAME YOU CAN TRUST FOR YOUR ALL BUYING & SELLING REAL ESTATE NEEDS
CENTURY 21 Bravo Realty
403.861.2253

Vol: 11 No: 257 Website : www.punjabiakhbaar.ca Email: editor@punjabiakhbaar.ca Friday, 6 December 2024

# ਕਨੇਡਾ ਦੇ ਸਰਕਾਰੀ ਖਜਾਨੇ ਦਾ ਮੂੰਹ ਲੋਕਾਂ ਵੱਲ ਖੁੱਲਿਆ

## ਘਰ ਬੈਠਿਆਂ ਨੂੰ 250 ਡਾਲਰ ਦੇ ਚੈੱਕ, ਗਰੌਸਰੀ ਅਤੇ ਕੁੱਝ ਹੋਰ ਚੀਜਾਂ ਉੱਪਰ ਟੈਕਸ ਤੋਂ ਛੋਟਾਂ





ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ)- ਕਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਐਲਾਨ ਕੀਤਾ ਹੈ ਕਿ ਉਹਨਾਂ ਦੀ ਸਰਕਾਰ ਵੱਲੋਂ ਕ੍ਰਿਸਮਸ ਦੇ ਮੱਦੇ ਨਜ਼ਰ ਕੁੱਝ ਜਰੂਰੀ ਵਸਤਾਂ ਉੱਪਰ ਅਸਥਾਈ ਤੌਰ ਤੇ ਫੈਡਰਲ ਸੇਲ ਟੈਕਸ ਹਟਾਇਆ ਜਾ ਰਿਹਾ ਹੈ ਅਤੇ ਇਸ ਤੋਂ ਇਲਾਵਾ ਦੇਸ਼ ਦੇ ਲੱਖਾਂ ਲੋਕਾਂ ਨੂੰ ਜਿਨਾਂ ਦੀ ਕਮਾਈ ਪਿਛਲੇ ਸਾਲ ਡੇਢ ਲੱਖ ਡਾਲਰ ਤੋਂ ਘੱਟ ਰਹੀ ਨੂੰ ਢਾਈ ਢਾਈ ਸੌ ਡਾਲਰ ਦੇ ਚੈੱਕ ਭੇਜੇ ਜਾ ਰਹੇ ਹਨ। ਵਿੱਤ ਮੰਤਰੀ ਕ੍ਰਿਸਟੀਆ ਫਰੀਲੈਂਡ ਨਾਲ ਇਹ ਐਲਾਨ ਕਰਦਿਆਂ ਪ੍ਰਧਾਨ ਮੰਤਰੀ ਨੇ ਆਖਿਆ ਕਿ ਜੋ ਟੈਕਸ ਅਸਥਾਈ ਤੌਰ ਤੇ ਹਟਾਏ ਜਾ ਰਹੇ ਹਨ ਉਹ 14 ਦਸੰਬਰ ਤੋਂ ਲੈ ਕੇ 15 ਫਰਵਰੀ ਤੱਕ ਹਟਾਏ ਜਾਣਗੇ। ਪ੍ਰਧਾਨ ਮੰਤਰੀ ਨੇ ਆਖਿਆ ਕਿ ਜੋ ਢਾਈ ਢਾਈ ਸੌ ਡਾਲਰ ਦੇ ਚੈੱਕ ਭੇਜੇ ਜਾ ਰਹੇ ਹਨ ਉਸ ਨਾਲ ਦੇਸ਼ ਦੇ 18.7 ਮਿਲੀਅਨ ਲੋਕਾਂ ਨੂੰ ਇਹ ਚੈੱਕ ਮਿਲਣ ਮਿਲਣਗੇ। ਇਸ ਨਾਲ ਸਰਕਾਰ ਦੇ ਖਜ਼ਾਨੇ ਚੋਂ ਇਹਨਾਂ ਚੈੱਕਾਂ ਲਈ 4.7 ਬਿਲੀਅਨ ਡਾਲਰ ਦਿੱਤੇ ਜਾਣਗੇ। ਜੋ ਸੇਲ ਟੈਕਸ ਜਾਂ ਜੀਐਸਟੀ ਹਟਾਈ ਜਾ ਰਹੀ ਹੈ ਉਸ ਨਾਲ ਸਰਕਾਰ ਉੱਪਰ 1.6 ਬਿਲੀਅਨ ਡਾਲਰ ਦਾ ਬੋਝ ਪਵੇਗਾ। ਪ੍ਰਧਾਨ ਮੰਤਰੀ ਨੇ ਆਖਿਆ ਕਿ ਸਰਕਾਰ ਚੀਜ਼ਾਂ ਦੀਆਂ ਕੀਮਤਾਂ ਤਾਂ ਨਿਰਧਾਰਿਤ ਨਹੀਂ ਕਰ ਸਕਦੀ ਪਰ ਅਸੀਂ ਲੋਕਾਂ ਦੀ ਜੇਬ ਵਿੱਚ ਕੁੱਝ ਵਾਧੂ ਰਾਸ਼ੀ ਜਰੂਰ ਪਾ ਸਕਦੇ ਹਾਂ। ਉਹਨਾਂ ਕਿਹਾ ਕਿ ਸਾਨੂੰ ਪਤਾ ਹੈ ਕਿ ਲੋਕ ਇਸ ਸਮੇਂ ਤੰਗੀ ਮਹਿਸੂਸ ਕਰ ਰਹੇ ਹਨ ਅਤੇ ਅਸੀਂ ਉਹਨਾਂ ਦੀ ਮੱਦਦ ਵਾਸਤੇ ਹਾਜ਼ਿਰ ਹਾਂ।ਪਰ ਦੂਜੇ ਪਾਸੇ ਕੈਨੇਡਾ ਦੀ ਮੁੱਖ ਵਿਰੋਧੀ ਧਿਰ ਕੰਜਰਵੇਟਿਵ ਪਾਰਟੀ ਦੇ ਲੀਡਰ ਪੀਅਰੇ ਪੋਲੀਵਰ ਨੇ ਫੈਡਰਲ ਲਿਬਰਲ ਸਰਕਾਰ ਵੱਲੋਂ ਕੁੱਝ ਵਸਤੂਆਂ ਲਈ ਜੀਐਸਟੀ ਅਸਥਾਈ ਤੌਰ ਤੇ ਬੰਦ ਕਰਨ ਨੂੰ ਇੱਕ ਸੋਸ਼ਾ ਦੱਸਿਆ ਹੈ ਅਤੇ ਆਖਿਆ ਹੈ ਕਿ ਸਰਕਾਰ ਨੂੰ ਸਥਾਈ ਤੌਰ ਤੇ ਜੀ ਐਸ ਟੀ ਉੱਪਰ ਕੱਟ ਲਗਾਉਣਾ ਚਾਹੀਦਾ ਹੈ। ਉਧਰ ਐਨਡੀਪੀ ਲੀਡਰ ਜਗਮੀਤ ਸਿੰਘ ਨੇ ਆਖਿਆ ਹੈ ਕਿ ਉਹਨਾਂ ਦੀ ਪਾਰਟੀ ਟੈਕਸ ਹੋਲੀਡੇ ਬਿੱਲ ਨੂੰ ਪਾਸ ਕਰਵਾਉਣ ਉੱਪਰ ਕੰਮ ਕਰੇਗੀ ਤਾਂ ਕਿ ਕੈਨੇਡਾ ਦੇ ਲੋਕਾਂ ਨੂੰ ਜਲਦੀ ਰਾਹਤ ਮਿਲ ਸਕੇ

# ਸੁਖਬੀਰ ਬਾਦਲ ਨੇ ਗੋਲੀਕਾਂਡ, ਡੇਰਾ ਮੁਖੀ ਨੂੰ ਮੁਆਫੀ ਸਣੇ ਸਾਰੇ ਗੁਨਾਹ ਕਬੂਲੇ...



ਅੰਮ੍ਰਿਤਸਰ (ਪੰਜਾਬੀ ਅਖਬਾਰ ਬਿਊਰੋ)- ਤਨਖਾਹੀਆ ਕਰਾਰ ਦਿੱਤੇ ਗਏ ਸੁਖਬੀਰ ਸਿੰਘ ਬਾਦਲ ਦੇ ਮਾਮਲੇ ਨੂੰ ਲੈ ਕੇ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਸ੍ਰੀ ਅਕਾਲ ਤਖ਼ਤ ਵਿਖੇ ਹੋਈ, ਜਿਸ ਵਿੱਚ ਸੁਖਬੀਰ ਬਾਦਲ ਸਣੇ ਸ਼੍ਰਮਣੀ ਅਕਾਲੀ ਦਲ ਦੇ ਹੋਰ ਆਗੂਆਂ ਖ਼ਿਲਾਫ਼ ਸ੍ਰੀ ਅਕਾਲ ਤਖਤ ਤੋਂ ਫੈਸਲਾ ਸੁਣਾਇਆ ਜਾ ਰਿਹਾ ਹੈ। ਇਸ ਦੌਰਾਨ ਸੁਖਬੀਰ ਬਾਦਲ ਨੇ ਆਪਣੇ ਉੱਤੇ ਲੱਗੇ ਤਕਰੀਬਨ ਸਾਰੇ ਦੋਸ਼ ਕਬੂਲ ਲਏ। ਸਿੰਘ ਸਾਹਿਬਾਨ ਨੇ ਉਨ੍ਹਾਂ ਨੂੰ 'ਹਾਂ' ਜਾਂ 'ਨਾਂਹ ਵਿੱਚ ਜਵਾਬ ਦੇਣ ਲਈ ਆਖਿਆ ਸੀ। ਇਸ ਮੌਕੇ ਸੁਖਬੀਰ ਬਾਦਲ ਨੇ ਸਾਰੇ ਸਵਾਲਾਂ ਦੇ ਜਵਾਬ 'ਹਾਂ' ਵਿੱਚ ਦਿੱਤੇ।ਸ੍ਰੀ ਅਕਾਲ ਤਖ਼ਤ ਵਿਖੇ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ 'ਚ ਸੁਖਬੀਰ ਸਿੰਘ ਬਾਦਲ ਅਤੇ ਹੋਰ ਅਕਾਲੀ ਆਗੂਆਂ ਦੇ ਮਾਮਲੇ ਨੂੰ ਵਿਚਾਰਿਆ ਗਿਆ ਅਤੇ ਅਗਲੇਰੀ ਕਾਰਵਾਈ ਕੀਤੀ ਗਈ ਹੈ। ਇਸ ਸਬੰਧ 'ਚ ਸੁਖਬੀਰ ਸਿੰਘ ਬਾਦਲ ਸਣੇ 2007 ਤੋਂ ਲੈ ਕੇ 2017 ਤੱਕ ਅਕਾਲੀ ਸਰਕਾਰ ਵੇਲੇ ਕੈਬਨਿਟ ਮੰਤਰੀ ਰਹੇ 17 ਅਕਾਲੀ ਆਗੂਆਂ, ਸ਼੍ਰਮਣੀ ਅਕਾਲੀ ਦਲ ਦੀ ਤਤਕਾਲੀ ਕੋਰ ਕਮੇਟੀ ਤੇ ਅੰਤਰਿੰਗ ਕਮੇਟੀ ਦੇ ਮੈਂਬਰਾਂ ਆਦਿ ਨੂੰ ਅਕਾਲ ਤਖਤ ਵਿਖੇ ਤਲਬ ਕੀਤਾ ਗਿਆ ਸੀ।

ਭਾਜਪਾ ਆਗੂ ਮਨਜਿੰਦਰ ਸਿੰਘ ਸਿਰਸਾ ਨੂੰ ਵੀ ਇਸੇ ਸੰਦਰਭ ਵਿੱਚ ਸੱਦਿਆ ਗਿਆ। ਮਿਲੇ ਵੇਰਵਿਆਂ ਮੁਤਾਬਕ ਲਗਭਗ 50 ਅਕਾਲੀ ਆਗੂਆਂ ਨੂੰ ਸਵੇਰੇ ਸ੍ਰੀ ਅਕਾਲ ਤਖਤ ਵਿਖੇ ਤਲਬ ਕੀਤਾ ਹੋਇਆ ਹੈ, ਜਿਨ੍ਹਾਂ ਖ਼ਿਲਾਫ਼ ਅਗਲੇਰੀ ਕਾਰਵਾਈ ਹੋਣ ਦੀ ਸੰਭਾਵਨਾ ਹੈ।

Barinder Ubhi
Realtor
C (204)807-5013
E babbu_ubhi@yahoo.com
WIN MAX REAL ESTATE LTD
10- 998 Keewatin St. Winnipeg, MB, R2R 2V1
P:(204) 905-9798

Always Fresh
Always Delicious
OPEN
11am - Midnight
ਪਹਿਲੀ ਅਤੇ ਆਖਰੀ ਬਾਈਟ ਦੀ ਤਸੱਲੀ ਦਾ ਨਾਂ ਹੀ ਪੀਜ਼ਾ ਬਾਈਟ ਐ !
Pizza Bite
Perfect place for Perfect taste
Authentic Indian Curry and Sweet House
•Pizza and Indian Food
•Indian Sweets
•Tiffin Service
•Catering
Pizzabite saskatoon
Pizza Bite
www.pizzabite.ca
Call - (306)954-0011 , (306)-954-0077
#2 606 22nd St West Saskatoon , SK.

PANGEA IMMIGRATION
ਕਨੇਡਾ ਪੱਕੇ ਹੋਣ ਦਾ ਰਾਹ, ਪੈਨਜੀਆ ਇਮੀਗ੍ਰੇਸ਼ਨ ਵਾਲਿਆਂ ਦੀ ਸਲਾਹ
Contact Us For All Your Immigration Needs
RCIC-IRB Regulated Canadian Immigration Consultant
•Student Visa •Work permit •Visitor Visa •LMIA •PR Application
•Refugee Cases and Appeals •PNP Family Sponsorship •Citizenship •Nanny Caregiver •USA Visa
Raman Dhaliwal (RCIC-IRB)
Commissioner for oaths in and for Alberta
Member of CAPIC
Cell: +1 403-672-1313
Office: +1 403-401-5911
Email: info@pangeaimmigration.ca
Website: www.pangeaimmigration.ca
Green Plaza Unit 232, 4818 Westwinds Dr NE Calgary AB T3J 3Z5

Cityscape Family Dental
Dr. Rashmi Bajaj & Associates
403 226 2121
Serving Individuals, Families & Communities Since 2016

RANDY SINGH
306.361.7810
REALTOR®, CENTURY 21 Fusion
Residential | Commercial | Farm
Home Buyer & Listing Specialist!
Serving Saskatoon, Warman, Martensville and surrounding area, offering the highest level of expertise and service with integrity.
AWARD WINNING SERVICE
Top 30 Under 30 by Units (C21 Canada 2023)
randy.singh@c21.ca | randysinghrealty.com

Amrit Singh Kang
Mortgage Expert
Call Me For All Your Mortgage Needs
ਮੰਨ ਗਏ ਤੁਹਾਡੀ ਘਰ ਦੀ ਪਸੰਦ ਨੂੰ ਹੁਣ ਮਾਰਗੇਜ ਲਈ ਕਾਲ ਕਰੋ ਕੰਗ ਨੂੰ
204-218-3852
Just4kang@gmail.com

CARPET EMPIRE
Calgary Carpet Empire
SALE
CARPET, HARDWOOD, LAMINATE, TILES, VINYL PLANKS, CARPET TILES & LINO
Carpet Starting at $1.99 Sf (Burber material with installation)
FINANCING OPTIONS AVAILABLE
Special Discount Over 2000 Sf
Kam: 403 991 0074
Office: 403 510 1515
2935 19 St NE Calgary(AB) T2E7A2
sales@carpetempire.ca www.carpetempire.ca

SARDAR SUPER MARKET
ਸਰਦਾਰ ਸੁਪਰ ਮਾਰਕੀਟ
ਸਸਤੀ ਅਤੇ ਸਿਹਤਮੰਦ ਵਰਾਇਟੀ ਵਾਲਾ ਗਰੌਸਰੀ ਸਟੋਰ
204 416 0999
E1-55 Waterford Green Commons, Winnipeg (MB) R2R 0Z9

Buta Singh Dhillon
Sales Associates
ਘਰ ਖਰੀਦਣ ਜਾਂ ਵੇਚਣ ਲਈ ਤਜ਼ਰਬੇਕਾਰ ਅਤੇ ਭਰੋਸੇਯੋਗ ਨਾਂ
Cell:204.880.6600
Office:204.987.9800
RE/MAX executives realty
butadhillon@remax.net www.remax.ca

SHORY LAW LLP
• IMMIGRATION • BUSINESS
• CRIMINAL • REAL ESTATE
www.shorylaw.com (403) 216-1199
220 - 4851 Westwinds Dr. N.E., Calgary
@shorylaw
Chetan Shory Sarvesh Jeet Devinder Shory Jatin Shory





## MODERN SINGLE-FAMILY HOME WITH SPICE KITCHEN & LEGAL BASEMENT SUITE OPTIONS

Starting from Mid $600's Excl. GST.

ਸਾਡੇ ਮਾਡਰਨ ਸਿੰਗਲ ਫੈਮਿਲੀ ਹੋਮਜ਼ ਸਮਕਾਲੀ ਬਾਹਰੀ ਆਰਕੀਟੈਕਚਰ ਪੇਸ਼ ਕਰਦੇ ਹਨ ਜਿਸ ਵਿੱਚ ਡਬਲ ਫਰੰਟ ਗੈਰੇਜ ਅਤੇ ਇੱਕ ਨਿੱਜੀ ਪਰ ਸੱਦਾ ਦੇਣ ਵਾਲਾ ਸਾਹਮਣੇ ਪ੍ਰਵੇਸ਼ ਦੁਆਰ ਹੈ। ਇੱਕ ਬਹੁ-ਪੀੜ੍ਹੀ ਜੀਵਨ ਸ਼ੈਲੀ ਵਾਲਾ ਇਹ ਘਰ ਮੌਰਗੇਜ ਸਹਾਇਕ ਜਾਂ ਪੂਰਕ ਵਜੋਂ ਸੇਵਾ ਕਰਨ ਲਈ ਅਧੂਰੇ ਅਤੇ ਮੁਕੰਮਲ ਕਾਨੂੰਨੀ ਬੇਸਮੈਂਟ ਸੂਟ ਵਿਕਲਪਾਂ ਦੇ ਨਾਲ ਨੌਜਵਾਨ ਅਤੇ ਬਹੁ-ਪੀੜ੍ਹੀ ਪਰਿਵਾਰਾਂ ਲਈ ਕਾਫੀ ਥਾਂ ਪ੍ਰਦਾਨ ਕਰਦੇ ਹਨ।

ਰੋਜ਼ਾਨਾ ਜੀਵਨ ਨੂੰ ਹੋਰ ਵੀ ਸੁਵਿਧਾਜਨਕ ਬਣਾਉਣ ਲਈ ਮੁੱਖ ਵਿਕਲਪਾਂ 'ਤੇ ਘਰੇਲੂ ਵਿਸ਼ੇਸ਼ਤਾਵਾਂ ਜਿਵੇਂ ਕਿ ਇੱਕ ਵਿਸ਼ਾਲ ਘਰ ਦਾ ਦਫਤਰ, ਬੋਨਸ ਰੂਮ, ਮਸਾਲਾ ਰਸੋਈ ਅਤੇ ਬੈੱਡਰੂਮ ਵੀ ਉਪਲਬਧ ਹਨ। ਮੌਰਗੇਜ ਭੁਗਤਾਨਾਂ ਵਿੱਚ ਸਹਾਇਤਾ ਲਈ ਮਹੀਨਾਵਾਰ ਕਿਰਾਏ ਦੀ ਆਮਦਨ ਲਈ ਇੱਕ 1- ਜਾਂ 2- ਬੈੱਡਰੂਮ ਕਾਨੂੰਨੀ ਆਮਦਨ ਸੂਟ ਸ਼ਾਮਲ ਕਰੋ।

**ਹੋਰ ਜਾਣਕਾਰੀ ਲਈ ਅੱਜ ਹੀ ਰਜਿਸਟਰ ਕਰੋ!!**


Den


Great room


Walk-in spice kitchen


Kitchen

**SHOWHOMES NOW OPEN**
1233 Copperfield Blvd SE,
Calgary, AB T2Z 5G1

Monday to Wednesday - 2 PM to 8 PM
Thursday & Friday - By Appointment Only
Saturday & Sunday - 12 PM to 5 PM

**587.352.4266 | COPPERSTONELIVING.COM**

VESTA PROPERTIES

ਤੁਸੀ ਆਪਣੇ ਬਿਜਨਸ ਦੀ ਐਡ ਇਸ ਥਾਂ ‘ਤੇ ਲਗਵਾ ਸਕਦੇ ਹੋ

The Punjabi Newspaper
ਪੰਜਾਬੀਅਤ ਦਾ ਪਹਿਰੇਦਾਰ
ਪੰਜਾਬੀ ਅਖ਼ਬਾਰ
Punjabi Akhbaar
ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000
Edmonton : 780 599 2000 I Regina/Saskatoon : 639 999 1000 : Winnipeg 431 733 3000

ਤੁਸੀ ਆਪਣੇ ਬਿਜਨਸ ਦੀ ਐਡ ਇਸ ਥਾਂ ‘ਤੇ ਲਗਵਾ ਸਕਦੇ ਹੋ

Vol: 11 No: 257 Website : www.punjabiakhbaar.ca EmaiI: editor@punjabiakhbaar.ca Friday, 6 December 2024

# ਟਰੰਪ ਗੱਦੀ ਉੱਪਰ ਬੈਠਦਿਆਂ ਸਾਰ ਹੀ ਕਨੇਡੀਅਨ ਉਤਪਾਦਾਂ ਉੱਪਰ 25 ਫੀਸਦੀ ਟੈਕਸ ਲਗਾਉਣ ਦੀ ਸੋਚ ਰਿਹਾ ਹੈ

ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) ਅਮਰੀਕਾ ਦੇ ਚੁਣੇ ਗਏ ਰਾਸ਼ਟਰਪਤੀ ਡੋਨਲਡ ਟਰੰਪ ਨੇ ਕਿਹਾ ਹੈ ਕਿ ਗੈਰ-ਕਾਨੂੰਨੀ ਪ੍ਰਵਾਸੀਆਂ ਅਤੇ ਨਸ਼ਿਆਂ ਦੇ ਪ੍ਰਵਾਹ ਨੂੰ ਰੋਕਣ ਲਈ ਕੈਨੇਡਾ ਅਤੇ ਮੈਕਸੀਕੋ ਤੋਂ ਆਉਣ ਵਾਲੇ ਸਾਰੇ ਉਤਪਾਦਾਂ ’ਤੇ 25 ਫ਼ੀਸਦੀ ਅਤੇ ਚੀਨ ਤੋਂ ਆਉਣ ਵਾਲੇ ਉਤਪਾਦਾਂ ’ਤੇ 10 ਫ਼ੀਸਦੀ ਟੈਕਸ ਲੱਗੇਗਾ। ਟਰੰਪ ਨੇ ਸੋਸ਼ਲ ਮੀਡੀਆ ’ਤੇ ਜਾਣਕਾਰੀ ਦਿੰਦਿਆਂ ਕਿਹਾ ਕਿ ਉਹ 20 ਜਨਵਰੀ ਨੂੰ ਅਹੁਦਾ ਸੰਭਾਲਣ ਤੋਂ ਬਾਅਦ ਇਨ੍ਹਾਂ ਤਿੰਨਾਂ ਦੇਸ਼ਾਂ ‘ਤੇ ਟੈਰਿਫ ਲਗਾਉਣ ਵਾਲੇ ਕਾਰਜਕਾਰੀ ਆਦੇਸ਼ਾਂ ‘ਤੇ ਦਸਤਖਤ ਕਰਨ ਵਾਲੇ ਪਹਿਲੇ ਵਿਅਕਤੀ ਹੋਣਗੇ। ਉਨ੍ਹਾਂ ਕਿਹਾ ਕਿ ਜਿਵੇਂ ਕਿ ਸਭ ਜਾਣਦੇ ਹਨ ਕਿ ਹਜ਼ਾਰਾਂ ਲੋਕ ਮੈਕਸੀਕੋ ਅਤੇ ਕੈਨੇਡਾ ਤੋਂ ਹੋ ਕੇ ਆਉਂਦੇ ਹਨ ਅਤੇ ਨਸ਼ੀਲੇ ਪਦਾਰਥ ਲਿਆਉਂਦੇ ਹਨ। ਉਨ੍ਹਾਂ ਕਿਹਾ ਕਿ 20 ਜਨਵਰੀ ਨੂੰ ਆਪਣੇ ਪਹਿਲੇ ਕਾਰਜਕਾਰੀ ਆਦੇਸ਼ਾਂ ਵਿੱਚ ਇੱਕ ਦੇ ਰੂਪ ਵਿੱਚ ਮੈਕਸੀਕੋ ਅਤੇ ਕੈਨੇਡਾ ਤੋਂ ਅਮਰੀਕਾ ਆਉਣ ਵਾਲੇ ਸਾਰੇ ਉਤਪਾਦਾਂ ’ਤੇ 25 ਪ੍ਰਤੀਸ਼ਤ ਟੈਕਸ ਵਾਲੀਆਂ ਫਾਈਲਾਂ ’ਤੇ ਹਸਤਾਖ਼ਰ ਕਰਾਂਗਾ ਅਤੇ ਇਹ ਟੈਕਸ ਉਦੋਂ ਤੱਕ ਜਾਰੀ ਰਹੇਗਾ ਜਦੋਂ ਤੱਕ ਨਸ਼ੀਲੇ ਪਦਾਰਥ ਖਾਸਕਰ ਫੈਂਟਾਨਿਲ ਬੰਦ ਨਹੀਂ ਹੁੰਦੇ ਅਤੇ ਵਿਦੇਸ਼ੀ ਇਹ ਸਭ ਕਰਨਾ ਬੰਦ ਨਹੀਂ ਕਰ ਦਿੰਦੇ। ਉਨ੍ਹਾਂ ਕਿਹਾ, ‘‘ਮੈਕਸੀਕੋ ਅਤੇ ਕੈਨੇਡਾ ਦੋਹੇਂ ਦੇਸ਼ਾਂ ਕੋਲ ਲੰਮੇ ਸਮੇਂ ਤੋਂ ਜਾਰੀ ਇਸ ਸਮੱਸਿਆ ਨੂੰ ਅਸਾਨੀ ਨਾਲ ਹੱਲ ਕਰਲ ਦਾ ਪੂਰਾ ਅਧਿਕਾਰ ਅਤੇ ਸ਼ਕਤੀ ਹੈ, ਅਸੀਂ ਮੰਗ ਕਰਦੇ ਹਾਂ ਉਹ ਆਪਣੀ ਸ਼ਕਤੀਆਂ ਦੀ ਵਰਤੋਂ ਕਰਨ ਨਹੀਂ ਤਾਂ ਉਦੋਂ ਤੱਕ ਉਨ੍ਹਾਂ ਨੂੰ ਬਹੁਤ ਵੱਡੀ ਕੀਮਤ ਚੁਕਾਉਣੀ ਪਵੇਗੀ।’

ਪਰ ਡੋਨਲਡ ਟਰੰਪ ਵੱਲੋਂ ਕੈਨੇਡਾ ਦੇ ਉਤਪਾਦਾਂ ‘ਤੇ 25 ਫੀਸਦੀ ਟੈਰੀਫ ਲਗਾਉਣ ਸਬੰਧੀ ਆਏ ਬਿਆਨ ਉਪਰੰਤ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕਿਹਾ ਕਿ ਅਮਰੀਕਾ ਦੇ ਚੁਣੇ ਹੋਏ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਨਵੇਂ ਟੈਰਿਫਾਂ ਦੇ ਮੱਦੇਨਜ਼ਰ ‘‘ਟੀਮ ਕੈਨੇਡਾ ਦੀ ਪਹੁੰਚ’’ ਮਹੱਤਵਪੂਰਨ ਹੋਣ ਜਾ ਰਹੀ ਹੈ। ਟਰੂਡੋ ਨੇ ਕਿਹਾ ਕਿ ਉਨ੍ਹਾਂ ਦੀ ਟਰੰਪ ਨਾਲ ‘‘ਚੰਗੀ ਗੱਲਬਾਤ ਹੋਈ ਸੀ ਉਨਾਂ ਕਿਹਾ ਕਿਹਾ, ‘‘ਅਸੀਂ ਸਪੱਸ਼ਟ ਤੌਰ ‘ਤੇ ਤੱਥਾਂ ਬਾਰੇ ਗੱਲ ਕੀਤੀ, ਅਤੇ ਇਹ ਗੱਲ ਵੀ ਕੀਤੀ ਕਿ ਸਾਡੇ ਦੋਵਾਂ ਦੇਸ਼ਾਂ ਦਰਮਿਆਨ ਗੂੜ੍ਹੇ ਅਤੇ ਪ੍ਰਭਾਵਸ਼ਾਲੀ ਸਬੰਧ ਕਿਵੇਂ ਨਾਲ - ਨਾਲ ਚੱਲਦੇ ਹਨ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਇਸ ਦੇ ਨਾਲ ਹੀ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਜਾਣਕਾਰੀ ਸਾਂਝੀ ਕੀਤੀ ਕਿ ਡੋਨਲਡ ਟਰੰਪ ਵੱਲੋਂ ਕੈਨੇਡਾ ਦੇ ਉਤਪਾਦਾਂ ਉੱਪਰ 25 ਫੀਸਦ ਟੈਰਿਫ ਲਗਾਏ ਜਾਣ ਦੇ ਮੁੱਦੇ ਤੇ ਉਹ ਇਸ ਹਫਤੇ ਕੈਨੇਡਾ ਦੇ ਸਾਰੇ ਪ੍ਰੀਮੀਅਰਾਂ ਨਾਲ ਮੁਲਾਕਾਤ ਕਰਨਗੇ। ਕੈਨੇਡਾ ਦੀ ਮੁੱਖ ਵਿਰੋਧੀ ਧਿਰ ਕੰਜ਼ਰਵਟਿਵ ਪਾਰਟੀ ਦੇ ਲੀਡਰ ਪੀਅਰੇ ਪੋਲੀਵਰ ਨੇ ਆਖਿਆ ਹੈ ਕਿ ਟਰੰਪ ਵੱਲੋਂ ਕੈਨੇਡਾ ਨੂੰ ਨਾਜਾਇਜ਼ ਧਮਕੀ ਦਿੱਤੀ ਗਈ ਹੈ ਇਸ ਲਈ ਜਸਟਿਨ ਟਰੂਡੋ ਦੀ ਅਗਵਾਈ ਵਾਲੀ ਸਰਕਾਰ ਨੂੰ ਕੈਨੇਡਾ ਫਸਟ ਨੀਤੀ ਉੱਪਰ ਕੰਮ ਕਰਨਾ ਚਾਹੀਦਾ ਹੈ। ਉਹਨਾਂ ਕਿਹਾ ਕਿ ਸਾਡੀ ਆਰਥਿਕਤਾ ਢਹਿ ਢੇਰੀ ਹੋਣ ਦੇ ਕੰਢੇ ਤੇ ਖੜੀ ਹੈ ਤੇ ਹੁਣ ਅਸੀਂ ਇਸ ਨਵੇਂ ਖਤਰੇ ਦਾ ਸਾਹਮਣਾ ਕਰ ਰਹੇ ਹਾਂ। ਇਸ ਮੁੱਦੇ ‘ਤੇ ਓਂਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਨੇ ਆਖਿਆ ਹੈ ਕਿ ਕੈਨੇਡਾ ਨੂੰ ਮੈਕਸੀਕੋ ਦੇ ਬਰਾਬਰ ਨਾ ਸਮਝਿਆ ਜਾਵੇ ਉਹਨਾਂ ਨੇ ਆਖਿਆ ਕਿ ਡੋਨਲਡ ਟਰੰਪ ਦਾ ਇਹ ਬਿਆਨ ਕੈਨੇਡਾ ਵਾਸਤੇ ਅਪਮਾਨਜਨਕ ਹੈ




## ਟਰੰਪ ਵੱਲੋਂ ਨਿਯੁਕਤੀਆਂ ਵਿੱਚ ਭਾਰਤੀਆਂ ਦਾ ਨਾਂ ਵੀ ਬੋਲਦੈ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਅਮਰੀਕਾ ‘ਚ ਨਵੇਂ ਚੁਣੇ ਗਏ ਰਾਸ਼ਟਰਪਤੀ ਡੋਨਾਲਡ ਟਰੰਪ ਆਪਣੀ ਸਰਕਾਰ ਲਈ ਅਹਿਮ ਅਹੁਦਿਆਂ ‘ਤੇ ਨਿਯੁਕਤੀ ਕਰ ਰਹੇ ਹਨ। ਭਾਰਤੀ ਮੂਲ ਦੇ ਕੁੱਝ ਲੋਕਾਂ ਨੂੰ ਵੀ ਇਸ ਵਿੱਚ ਥਾਂ ਮਿਲੀ ਹੈ। ਟਰੰਪ ਨੇ ਭਾਰਤੀ ਮੂਲ ਦੇ ਡਾਕਟਰ ਅਤੇ ਅਰਥ ਸ਼ਾਸਤਰੀ ਡਾਕਟਰ ਜੈ ਭੱਟਾਚਾਰੀਆ ਨੂੰ ਨੈਸ਼ਨਲ ਇੰਸਟੀਚਿਊਟ ਆਫ਼ ਹੈਲਥ (ਐਨ ਆਈ ਐਚ) ਦਾ ਡਾਇਰੈਕਟਰ ਨਿਯੁਕਤ ਕਰਨ ਦਾ ਫੈਸਲਾ ਕੀਤਾ ਹੈ। ਜੈ ਭੱਟਾਚਾਰੀਆ ਦੇਸ਼ ਦੇ ਪ੍ਰਮੁੱਖ ਮੈਡੀਕਲ ਖੋਜ ਸੰਸਥਾਨ ਦੀ ਜ਼ਿੰਮੇਵਾਰੀ ਸੰਭਾਲਣਗੇ। ਐਨ ਆਈ ਐਚ ਦੇ ਨਿਰਦੇਸ਼ਕ ਵੱਜੋਂ, ਭੱਟਾਚਾਰੀਆ 27 ਸੰਸਥਾਵਾਂ ਦੀ ਨਿਗਰਾਨੀ ਕਰਨਗੇ। ਭੱਟਾਚਾਰੀਆ ਨੇ ਐਕਸ ‘ਤੇ ਪੋਸਟ ਕਰਕੇ ਇਸ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਡਾਇਰੈਕਟਰ ਚੁਣੇ ਜਾਣ ‘ਤੇ ਮੈਨੂੰ ਮਾਣ ਹੈ। ਅਸੀਂ ਅਮਰੀਕਾ ਦੀਆਂ ਵਿਗਿਆਨਕ ਸੰਸਥਾਵਾਂ ਨੂੰ ਸੁਧਾਰਾਂਗੇ ਤਾਂ ਜੋ ਉਨ੍ਹਾਂ ‘ਤੇ ਦੁਬਾਰਾ ਭਰੋਸਾ ਕੀਤਾ ਜਾ ਸਕੇ ਅਤੇ ਅਮਰੀਕਾ ਨੂੰ ਦੁਬਾਰਾ ਸਿਹਤਮੰਦ ਬਣਾਉਣ ਲਈ ਵਿਗਿਆਨ ਦੀ ਬਿਹਤਰ ਵਰਤੋਂ ਕਰਾਂਗੇ।

WE'RE IN THE PEOPLE BUSINESS, WE JUST HAPPEN TO DO MORTGAGES.®
Bob Dhindsa
Mortgage Associate & SK Regional Team Lead
306.596.5047
bob.dhindsa@vinegroup.ca
ਰੀਜਾਇਨਾ ਅਤੇ ਆਸ ਪਾਸ ਦੇ ਇਲਾਕੇ ਵਿੱਚ ਮੌਰਗੇਜ ਕਰਵਾਉਣ ਲਈ ਭਰੋਸੇਮੰਦ ਨਾਂਅ
VINE GROUP MORTGAGE BROKERAGE LIC. 512011
200 1965 Broad Street, Regina, SK S4P 1Y1

## ਸੀਰੀਆ ਵਿਚ ਬਾਗੀ ਸਮੂਹਾਂ ਦਾ ਹੱਥ ਉੱਪਰ ਜਾਪਦਾ ਹੈ

ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) ਸੀਰੀਆ ‘ਚ ਬਾਗੀ ਸਮੂਹਾਂ ਦੇ ਤਾਜ਼ਾ ਹਮਲਿਆਂ ‘ਚ 89 ਲੋਕ ਮਾਰੇ ਗਏ ਹਨ । ਨਿਊਯਾਰਕ ਟਾਈਮਜ਼ ਦੀ ਰਿਪੋਰਟ ਮੁਤਾਬਕ ਪਿਛਲੇ 4 ਸਾਲਾਂ ‘ਚ ਬਾਗੀਆਂ ਵੱਲੋਂ ਕੀਤਾ ਗਿਆ ਇਹ ਸਭ ਤੋਂ ਵੱਡਾ ਹਮਲਾ ਸੀ। ਉਨ੍ਹਾਂ ਨੇ ਸੀਰੀਆਈ ਫੌਜ ਦੇ ਇੱਕ ਫੌਜੀ ਅੱਡੇ ‘ਤੇ ਵੀ ਕਬਜ਼ਾ ਕਰ ਲਿਆ ਹੈ। ਹਮਲਾ ਕਰਨ ਵਾਲੇ ਸਮੂਹਾਂ ਵਿੱਚੋਂ ਇੱਕ ਹਯਾਤ ਤਹਿਰੀਰ ਅਲ-ਸ਼ਾਮ ਨੂੰ ਅਲ ਕਾਇਦਾ ਦਾ ਸਮਰਥਨ ਪ੍ਰਾਪਤ ਹੈ। ਇਹ ਅੱਤਵਾਦੀ ਸੰਗਠਨ ਸੀਰੀਆ ਦੇ ਸਭ ਤੋਂ ਵੱਡੇ ਸ਼ਹਿਰਾਂ ਵਿੱਚੋਂ ਇੱਕ ਅਲੇਪੋ ਵਿੱਚ ਘੁਸਪੈਠ ਕਰ ਚੁੱਕੇ ਹਨ। ਇਸ ਦੇ ਲੜਾਕਿਆਂ ਨੇ ਬਸ਼ਰ ਅਲ-ਅਸਦ ਦੀ ਸਰਕਾਰ ਦੀ ਹਮਾਇਤ ਕਰਨ ਵਾਲੇ ਬਲਾਂ ਦੇ ਹਥਿਆਰਾਂ ਅਤੇ ਵਾਹਨਾਂ ‘ਤੇ ਕਬਜ਼ਾ ਕਰ ਲਿਆ ਹੈ। ਸੀਰੀਆ ਦੇ ਬਾਗੀ ਗਰੁੱਪਾਂ ਨੇ ਟੈਲੀਗ੍ਰਾਮ ‘ਤੇ ਦਾਅਵਾ ਕੀਤਾ ਹੈ ਕਿ ਉਨ੍ਹਾਂ ਨੇ ਸੀਰੀਆਈ ਸਰਕਾਰ ਦੇ 46 ਫੌਜੀ ਟਿਕਾਣਿਆਂ ‘ਤੇ ਕਬਜ਼ਾ ਕਰ ਲਿਆ ਹੈ। ਉਨ੍ਹਾਂ ਨੇ ਸਿਰਫ 10 ਘੰਟਿਆਂ ਦੇ ਅੰਦਰ ਅਲੇਪੋ ਸ਼ਹਿਰ ਦੇ ਕਈ ਪਿੰਡਾਂ ‘ਤੇ ਕਬਜ਼ਾ ਕਰ ਲਿਆ। ਹਾਲਾਂਕਿ ਸੀਰੀਆਈ ਸਰਕਾਰ ਨੇ ਇਨ੍ਹਾਂ ਦਾਅਵਿਆਂ ‘ਤੇ ਕੁੱਝ ਨਹੀਂ ਕਿਹਾ ਹੈ।

## ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਵੀਜੇ ਬੰਦ ਹੋਣ ਕਾਰਣ ਕਨੇਡਾ ਦੇ ਕਾਲਿਜਾਂ ਦੀ ਵੀ ਜਿੰਦਰਿਆਂ ਨਾਲ ਰਿਸ਼ਤੇਦਾਰੀ ਜੁੜ ਚੱਲੀ ਐ

ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) ਫੈਡਰਲ ਸਰਕਾਰ ਵੱਲੋਂ ਅੰਤਰਰਾਸ਼ਟਰੀ ਪੋਸਟ-ਸੈਕੰਡਰੀ ਵਿਦਿਆਰਥੀਆਂ ਲਈ ਸਟੱਡੀ ਪਰਮਿਟਾਂ ’ਤੇ ਕੈਪ ਲਗਾਉਣ ਦੇ ਐਲਾਨ ਕਰਨ ਤੋਂ ਬਾਅਦ ਓਨਟਾਰੀਓ ਦੇ ਸ਼ੈਰੀਡਨ ਕਾਲਜ ਨੇ ਸਰਕਾਰੀ ਨੀਤੀ ਵਿੱਚ ਤਬਦੀਲੀ ਅਤੇ ਦਾਖ਼ਲੇ ਵਿੱਚ ਗਿਰਾਵਟ ਦਾ ਹਵਾਲਾ ਦਿੰਦੇ ਹੋਏ ਆਪਣੇ ਦਰਜਨਾਂ ਪ੍ਰੋਗਰਾਮਾਂ ਨੂੰ ਮੁਅੱਤਲ ਕਰ ਦਿੱਤਾ ਹੈ ਅਤੇ ਆਪਣੇ ਸਟਾਫ਼ ਨੂੰ ਘਟਾ ਦਿੱਤਾ ਹੈ। ਸ਼ੈਰੀਡਨ ਕਾਲਜ ਨੇ ਆਪਣੀ ਵੈੱਬਸਾਈਟ ‘ਤੇ ਕਿਹਾ ਹੈ ਕਿ ਇਨ੍ਹਾਂ ਪ੍ਰੋਗਰਾਮਾਂ ਵਿੱਚ ਸਾਰੇ ਮੌਜੂਦਾ ਵਿਦਿਆਰਥੀਆਂ ਨੂੰ ਗ੍ਰੈਜੂਏਟ ਹੋਣ ਦਾ ਮੌਕਾ ਮਿਲੇਗਾ, ਪਰ ਅਸੀਂ ਅੱਗੇ ਨਵੇਂ ਸਾਲ ਦੇ ਵਿਦਿਆਰਥੀਆਂ ਨੂੰ ਦਾਖਲਾ ਨਹੀਂ ਦੇਵਾਂਗੇ। ਬਰੈਂਪਟਨ, ਮਿਸੀਸਾਗਾ ਅਤੇ -ਕਵਿਲੇ ਵਿੱਚ ਕੈਂਪਸ ਰੱਖਣ ਵਾਲੇ ਕਾਲਜ ਨੇ ਕਿਹਾ ਕਿ ਕੁੱਝ ਮੁਅੱਤਲੀਆਂ ਮਈ ਦੇ ਸ਼ੁਰੂ ਵਿੱਚ ਲਾਗੂ ਹੋਣਗੀਆਂ ਪਰ ਆਉਣ ਵਾਲੇ ਮਹੀਨਿਆਂ ਅਤੇ ਸਾਲਾਂ ਵਿੱਚ ਪ੍ਰੋਗਰਾਮ ਬੰਦ ਹੋ ਜਾਣਗੇ। ਸ਼ੈਰੀਡਨ ਕਾਲਜ ਵਿੱਚ ਪ੍ਰਭਾਵਿਤ ਮੁਅੱਤਲ ਕੀਤੇ ਜਾ ਰਹੇ ਪ੍ਰੋਗਰਾਮਾਂ ਵਿੱਚ ਅਪਲਾਈਡ ਸਾਇੰਸ ਐਂਡ ਟੈਕਨਾਲੋਜੀ ਦੀ ਫੈਕਲਟੀ ਵਿੱਚ 13, ਬਿਜ਼ਨਸ ਪ੍ਰੋਗਰਾਮਾਂ ਦੇ 13, ਐਨੀਮੇਸ਼ਨ, ਆਰਟਸ ਅਤੇ ਡਿਜ਼ਾਈਨ ਦੀ ਫੈਕਲਟੀ ਵਿੱਚ 6, ਅਪਲਾਈਡ ਹੈਲਥ ਐਂਡ ਕਮਿਊਨਿਟੀ ਸਟੱਡੀਜ਼ ਦੀ ਫੈਕਲਟੀ ਵਿੱਚ 5 ਅਤੇ ਹਿਊਮੈਨਿਟੀ ਅਤੇ ਸਮਾਜਿਕ ਵਿਗਿਆਨ ਵਿੱਚ 3 ਪ੍ਰੋਗਰਾਮ ਸ਼ਾਮਲ ਹਨ। ਵਰਨਣਯੋਗ ਹੈ ਕਿ ਪਿਛਲੇ ਮਹੀਨੇ ਕੌਂਸਲ ਆਫ਼ -ਨਟਾਰੀ- ਯੂਨੀਵਰਸਿਟੀਜ਼ ਨੇ ਕਿਹਾ ਸੀ ਕਿ ਫ਼ੈਡਰਲ ਸਰਕਾਰ ਵੱਲੋਂ ਲਗਾਈ ਗਈ ਕੈਪ ਨਾਲ -ਨਟਾਰੀ- ਦੇ ਸਕੂਲਾਂ ਨੂੰ ਲਗਭਗ 1 ਬਿਲੀਅਨ ਡਾਲਰ ਦਾ ਨੁਕਸਾਨ ਹੋ ਸਕਦਾ ਹੈ। ਸ਼ੈਰੀਡਨ ਕਾਲਜ ਦੀ ਪ੍ਰੈਜ਼ੀਡੈਂਟ ਜੈਨੇਟ ਮੌਰੀਸਨ ਵੱਲੋਂ ਆਏ ਬਿਆਨ ਅਨੁਸਾਰ ਕਾਲਜ ਦਾ ਅਨੁਮਾਨ ਹੈ ਕਿ ਅਗਲੇ ਸਾਲ 30% ਘੱਟ ਵਿਦਿਆਰਥੀ ਦਾਖ਼ਲਾ ਲੈਣਗੇ ਜਿਸ ਨਾਲ ਮਾਲੀਏ ਵਿੱਚ ਤਕਰੀਬਨ 112 ਮਿਲੀਅਨ ਡਾਲਰ ਦੀ ਕਮੀ ਆਵੇਗੀ।

JBK LAW OFFICE
IMMIGRATION & LEGAL EXPERT TEAM
JBK LAW OFFICE
SPECIALIZATION:
Family Law,
Estate Planning,
Corporate Commercial &
Real Estate, Family Sponsorship,
PNP and Federal Applications
Habibat Larai Kasim
LL.B, BL., LL.M
Ph: 306-782-5040
Fax: 306-782-5041
habibat@jblawoffice.com
ਸੈਸਕੈਚਵਨ ਵਿੱਚ ਵਕਾਲਤ ਦੀ ਸਫਲਤਾ ਦਾ ਨਾਂ
SPECIALIZATION:
Criminal Law, Immigration Law
(Appeals & Judicial Reviews)
Inadmissibility, SINP Secondary
Reviews, CBSA Detention Reviews,
Misrepresentation,
Bhavan Jaggi
(Barrister & Solicitor)
Ph: 306-757-7998
Fax-306 700 2430
email: bjaggi@jbklawoffice.com
www.Jbklawoffice.com
2-31 Broadway St. E. Yorkton, SK S3N 0K4
2010-11th Avenue, 7th Floor, RBC Building, Regina, SK S4P 0J3

LISTING SPECIALISTS
For A Stress Free Home Selling Process
Contact Team HomeswithNav
NAV SINGH CHAHIL
306 209 1635
homeswithnav@gmail.com
GARY SUMAN
306 620 2362
garysuman@gmail.com
yourhomes.ca
www.yourhomes.ca
YOURHOMES.ca
REALTY EXECUTIVES DIVERSIFIED REALTY

EVERY DAY AUTO SALES LTD
• Cars for Newcomers
• Used cars sale & purchase.
• Many cars available around $10,000
ਹੁਣ ਹਰ ਕੋਈ ਕਾਰ ਦਾ ਮਾਲਕ ਬਣ ਸਕਦਾ ਹੈ
306 988 2200
1675 Winnipeg Street, Regina

DA INDIA CURRY HOUSE
INDIA CURRY HOUSE — WE TAKE FOOD SERIOUSLY
“We take food Seriously”
Dine-In | Pub | Takeout | Catering (Indoor and Outdoor)
ਇਥੇ ਮਸਾਲਾ ਲੱਗਿਆ ਚਿਕਨ ਵੀ ਮਿਲਦਾ ਹੈ।
10% Discount ON ONLINE ORDERS
www.daindiacurry.com
Ph: 306-522-1331
WE ARE ON
# 806 Victoria Ave, Regina S4N 0R6

ਕਨੇਡਾ ਅਮਰੀਕਾ ਲਈ ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ
H&H TRANSPORTS INC.
1575 PARK STREET, REGINA
Needs Driver for Canada, Prairies and Local Runs
Turn Pikes Runs
Health benefits
• Great Mile Rate
• SINP/LMIA ਲਈ ਵੀ ਮਦਦ ਕਰਦੇ ਹਨ।
• Home Time on Every Weekend
• Just CAN-USA Runs
• Long and Short Haul
HARRY 306-537-6403
GARRY 306-201-9222

MOHAMMAD DERAKHSHANFAR
MORTGAGE ASSOCIATE Lic#316587
ਸਾਰੇ ਹੀ ਬੈਂਕਾ ਨਾਲ ਕੰਮ ਕਰਦੇ ਹੋਣ ਕਾਰਣ ਤੁਹਾਨੂੰ ਮਾਰਗੇਜ ਸਸਤੀ ਅਤੇ ਵਧੀਆ ਸਿਰਫ਼ ਇੱਥੇ ਹੀ ਮਿਲ ਸਕਦੀ ਹੈ।
I work for YOU, NOT the BANK!
DOMINION LENDING CENTRES
MORTGAGEFIRM.CA
CELL: 306.351.4340
mohammad.d@dominionlending.ca
www.momomortgages.ca
Dominion Lending Centres - The Mortgage Firm
3889 Arcola Avenue E, Regina, SK S4V 1P5 Canada
independently Owned & Operated - Brokerage Lic. #316454

Nav Immigration Services
Nav Immigration Services
· Student Visa · Worker Visa · Visitor Visa · Supervisa
· Permanent Residency Applications · PR Card Renewal
· Express Entry · Family Sponsorhip · Refugee Applications
· Citizenship Applications · LMIA Applications · PNP
Giving my best for your success
ਕਨੇਡਾ ਵਿੱਚ ਚੰਗੇ ਭਵਿੱਖ ਲਈ ਚੰਗੇ ਇਮੀਗ੍ਰੇਸ਼ਨ ਸਲਾਹਕਾਰ ਦਾ ਹੋਣਾ ਜਰੂਰੀ ਹੈ
Navjeet Kaur
Director, RCIC
(Regulated Canadian Immigraton Consultant)
306-201-4464
Regina, SK navimmigrationservices@gmail.com

Bullet
Now Hiring
We are hiring Company Drivers & Owner Operators for USA Open Board
SPECIAL OFFER
- Steady Milage and Home time
- Bi Week Directly diposit
- Execellent equipment Dedicated to you
- Paid Border cross and waiting time
- after 2 hHours !
MUST HAVE
- Clean Driver Abstract and CVOR
- Clear Crimnal Search
- Minimum 6 months verifiable experience
COMPETITIVE GREAT WAGES & REGULAR HOME TIME
COME INTO CHECK OUT OUR FAMILY, SEE OUR TRUCKS AND MEET OUR TEAM
BULLET EXPRESS INC, 1041 KEARNS CRES, REGINA
info@bulletexpress.ca
306-914-7733/647-221-4700

# ਸਰੀ ਸਹਿਰ ਕੋਲ ਹੁਣ ਆਪਣੀ ਪੁਲਿਸ ਹੋਵੇਗੀ




ਸਰੀ (ਪੰਜਾਬੀ ਅਖ਼ਬਾਰ ਬਿਊਰੋ) ਆਖਿਰਕਾਰ ਲੰਬੇ ਇੰਤਜ਼ਾਰ ਤੋਂ ਬਾਅਦ ਬ੍ਰਿਟਿਸ਼ ਕੋਲੰਬੀਆ ਦੇ ਸਰੀ ਸ਼ਹਿਰ ਦਾ ਪੁਲਿਸ ਪ੍ਰਬੰਧ ਆਰਸੀਐਮਪੀ ਦੀ ਜਗਹਾ ਸਰੀ ਪੁਲੀਸ ਦੇ ਹੱਥਾਂ ਵਿੱਚ ਆ ਗਿਆ ਹੈ ਸਰੀ ਪੁਲਿਸ ਨੇ ਸਰੀ ਆਰਸੀਐਮਪੀ ਕੋਲੋਂ ਸ਼ਹਿਰ ਦਾ ਚਾਰਜ ਲੈ ਲਿਆ ਹੈ ਅਤੇ ਇਸ ਦਿਨ ਤੱਕ ਪਹੁੰਚਣ ਲਈ ਸਰੀ ਪੁਲਿਸ ਸਰਵਿਸ ਨੂੰ ਛੇ ਸਾਲ ਦਾ ਵਕਤ ਲੱਗਾ। ਇਸ ਮੌਕੇ ਤੇ ਸੰਬੋਧਨ ਕਰਦਿਆਂ ਸਰੀ ਪੁਲਿਸ ਦੇ ਚੀਫ ਕਾਂਸਟੇਬਲ ਨੋਰਮ ਲਪਿੰਸਕੀ ਨੇ ਕਿਹਾ ਕਿ ਉਹਨਾਂ ਨੂੰ ਇਹ ਮਾਣ ਹਾਸਲ ਹੋਇਆ ਹੈ ਕਿ ਰਾਤ 12 ਵਜੇ ਤੋਂ ਬਾਅਦ ਉਹਨਾਂ ਨੇ ਸਰੀ ਪੁਲਿਸ ਸਰਵਿਸ ਵੱਲੋਂ ਸਭ ਤੋਂ ਪਹਿਲਾ ਰੇਡੀਓ ਬਰਾਡਕਾਸਟ ਕੀਤਾ। ਸਰੀ ਸ਼ਹਿਰ ਦੀ ਮੇਅਰ ਇਹ ਬ੍ਰੈਂਡਾ ਲੌਕ ਨੇ ਇਸ ਮੌਕੇ ਸੰਬੋਧਨ ਕਰਦਿਆਂ ਆਖਿਆ ਕਿ ਆਰਸੀਐਮਪੀ ਵੱਲੋਂ ਦਿੱਤੀਆਂ ਗਈਆਂ ਸੇਵਾਵਾਂ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ ਜਿਸਨੇ 1950 ਵਿੱਚ ਸ਼ਹਿਰ ਦੀ ਕਮਾਨ ਸੰਭਾਲਣ ਉਪਰੰਤ 73 ਸਾਲ ਤੱਕ ਸ਼ਹਿਰ ਦੀ ਸੁਰੱਖਿਆ ਦਾ ਜ਼ਿੰਮਾ ਸੰਭਾਲੀ ਰੱਖਿਆ। ਉਹਨਾਂ ਆਖਿਆ ਕਿ ਇਹ ਬੇਹੱਦ ਭਾਵਕ ਕਰਨ ਵਾਲੇ ਪਲ ਹਨ ਜਦੋਂ ਉਹ ਆਰਸੀਐਮਪੀ ਨੂੰ ਸ਼ਹਿਰ ਚੋਂ ਜਾਂਦਿਆਂ ਦੇਖ ਰਹੇ ਹਨ। ਇੱਥੇ ਇਹ ਵੀ ਵਰਨਣ ਯੋਗ ਹੈ ਕਿ ਸਰੀ ਆਰਸੀਐਮਪੀ ਦੇ ਕਈ ਅਧਿਕਾਰੀ ਆਉਂਦੇ ਕਈ ਸਾਲਾਂ ਤੱਕ ਸਰੀ ਪੁਲਿਸ ਨੂੰ ਸਹਿਯੋਗ ਦਿੰਦੇ ਰਹਿਣਗੇ ਇਸ ਕਾਰਨ ਸ਼ਹਿਰ ਵਿੱਚ ਉਹ ਕਈ ਸਾਲਾਂ ਤੱਕ ਨਜ਼ਰ ਆਉਣਗੇ।

# ਟਰੰਪ ਨੇ ਐਫ ਬੀ ਆਈ ਦਾ ਨਵਾਂ ਡਾਇਰੈਕਟਰ ਭਾਰਤੀ ਮੂਲ ਦੇ ਕਸ਼ਯਪ ਉਰਫ਼ ਕਸ਼ ਪਟੇਲ ਨੂੰ ਨਾਮਜਦ ਕੀਤਾ



ਨਿਊਯਾਰਕ (ਪੰਜਾਬੀ ਅਖ਼ਬਾਰ ਬਿਊਰੋ) ਅਮਰੀਕਾ ਦੇ ਚੁਣੇ ਗਏ ਰਾਸ਼ਟਰਪਤੀ ਡੋਨਲਡ ਟਰੰਪ ਨੇ ਭਾਰਤੀ ਮੂਲ ਦੇ ਕਸ਼ਯਪ ਉਰਫ਼ ਕਸ਼ ਪਟੇਲ ਨੂੰ ਫ਼ੈਡਰਲ ਜਾਂਚ ਏਜੰਸੀ ਐਫ ਬੀ ਆਈ ਦਾ ਨਵਾਂ ਡਾਇਰੈਕਟਰ ਨਾਮਜ਼ਦ ਕੀਤਾ ਹੈ। ਕਸ਼ ਪਟੇਲ ਨੂੰ ਡੋਨਲਡ ਟਰੰਪ ਦੇ ਕਾਫੀ ਕਰੀਬ ਮੰਨਿਆ ਜਾਂਦਾ ਹੈ ਅਤੇ ਟਰੰਪ ਦੀ ਜਿੱਤ ਤੋਂ ਬਾਅਦ ਹੀ ਇਹ ਚਰਚਾ ਸੀ ਕਿ ਟਰੰਪ ਕਸ਼ ਪਟੇਲ ਨੂੰ ਅਹਿਮ ਜ਼ਿੰਮੇਵਾਰੀ ਦੇ ਸਕਦੇ ਹਨ। ਡੋਨਾਲਡ ਟਰੰਪ ਨੇ ਸੋਸ਼ਲ ਮੀਡੀਆ 'ਤੇ ਸ਼ੇਅਰ ਕੀਤੀ ਇੱਕ ਪੋਸਟ 'ਚ ਲਿਖਿਆ ਕਿ 'ਕਸ਼ ਇੱਕ ਸ਼ਾਨਦਾਰ ਵਕੀਲ, ਜਾਂਚਕਰਤਾ ਅਤੇ ਅਮਰੀਕਾ ਦਾ ਪਹਿਲਾ ਯੋਧਾ ਹੈ, ਜਿਸ ਨੇ ਭ੍ਰਿਸ਼ਟਾਚਾਰ ਦਾ ਪਰਦਾਫਾਸ਼ ਕਰਨ, ਨਿਆਂ ਦੀ ਰੱਖਿਆ ਕਰਨ ਅਤੇ ਅਮਰੀਕੀ ਲੋਕਾਂ ਦੀ ਸੁਰੱਖਿਆ ਲਈ ਆਪਣਾ ਕਰੀਅਰ ਲਗਾਇਆ ਹੈ।' ਡੋਨਾਲਡ ਟਰੰਪ ਦੇ ਪਹਿਲੇ ਕਾਰਜਕਾਲ ਦੌਰਾਨ ਕਸ਼ ਪਟੇਲ ਨੇ 'ਰੂਸ ਹੋਕਸ' ਮਾਮਲੇ ਦਾ ਪਰਦਾਫਾਸ਼ ਕਰਨ 'ਚ ਅਹਿਮ ਭੂਮਿਕਾ ਨਿਭਾਈ ਸੀ। ਵਰਨਣਯੋਗ ਹੈ ਕਿ ਡੋਨਾਲਡ ਟਰੰਪ ਐਫ ਬੀ ਆਈ ਦੇ ਮੌਜੂਦਾ ਡਾਇਰੈਕਟਰ ਕ੍ਰਿਸਟੋਫਰ ਰੇਅ ਦੀ ਕਾਰਗੁਜ਼ਾਰੀ ਤੋਂ ਖੁਸ਼ ਨਹੀਂ ਹਨ। ਟਰੰਪ ਨੇ ਰੇਅ ਨੂੰ 2017 ਵਿੱਚ ਐਫਬੀਆਈ ਦਾ ਡਾਇਰੈਕਟਰ ਨਿਯੁਕਤ ਕੀਤਾ ਸੀ ਪਰ ਗੁਪਤ ਦਸਤਾਵੇਜ਼ਾਂ ਨਾਲ ਸਬੰਧਤ ਜਾਂਚ ਵਿੱਚ ਰੇਅ ਨੇ ਜਿਸ ਤਰ੍ਹਾਂ ਟਰੰਪ ਖ਼ਿਲਾਫ਼ ਕਾਰਵਾਈ ਕੀਤੀ, ਉਸ ਤੋਂ ਟਰੰਪ ਬਹੁਤ ਨਾਰਾਜ਼ ਹਨ।

# ਨਾਰਥ ਕੈਲਗਰੀ ਕਲਚਰਲ ਐਸੋਸੀਏਸ਼ਨ ਦੀ ਮੀਟਿੰਗ ਵੰਨਗੀਆਂ ਭਰਪੂਰ ਰਹੀ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਨਾਰਥ ਕੈਲਗਰੀ ਕਲਚਰਲ ਐਸੋਸੀਏਸ਼ਨ ਦੀ ਮੀਟਿੰਗ 25 ਨਵੰਬਰ ਨੂੰ ਵੀਵੋ ਦੇ ਹਾਲ ਵਿੱਚ ਹੋਈ। ਪ੍ਰਧਾਨ ਸੁਰਿੰਦਰਜੀਤ ਪਲਾਹਾ ਨੇ ਪਿਛਲੇ ਦਿਨੀਂ ਕੈਸੀਨੋ ਵਿਖੇ ਵਾਲੰਟੀਅਰ ਦੀ ਡਿਊਟੀ ਦੇਣ ਵਾਲੇ 25 ਮੈਂਬਰਾਂ ਦਾ ਧੰਨਵਾਦ ਕੀਤਾ। ਪੁਰਸ਼ੋਤਮ ਭਾਰਦਵਾਜ ਅਤੇ ਮਾਇਆਵਤੀ ਭਾਰਦਵਾਜ ਦੇ ਵਿਆਹ ਦੀ 65ਵੀਂ ਵਰ੍ਹੇਗੰਢ ਅਤੇ ਬਰਿੰਦਰ ਮਦਾਨ ਤੇ ਤੇਜਿੰਦਰ ਮਦਾਨ ਦੀ 51ਵੀਂ ਵਰ੍ਹੇਗੰਢ ਦੀਆਂ ਉਨ੍ਹਾਂ ਨੂੰ ਵਧਾਈਆਂ ਦਿੱਤੀਆਂ। ਉਨ੍ਹਾਂ ਨੇ ਭਾਰਤ ਵਿੱਚ ਸਤੀ ਦੀ ਰਸਮ ਖ਼ਤਮ ਹੋਣ ਬਾਰੇ ਅਤੇ ਗੁਰੂ ਨਾਨਕ ਦੇਵ ਜੀ ਦੁਆਰਾ ਔਰਤ ਨੂੰ ਮਰਦ ਦੇ ਬਰਾਬਰ ਦਰਜਾ ਦੇਣ ਬਾਰੇ ਵਿੱਚਾਰ ਰੱਖੇ। ਮੈਂਬਰਾਂ ਨੂੰ ਫੂਡ ਬੈਂਕ ਲਈ ਦਾਨ ਦੇਣ ਵਾਸਤੇ ਅਪੀਲ ਕੀਤੀ। ਨਵੰਬਰ ਮਹੀਨੇ ਵਿੱਚ ਪੈਂਦੇ ਜਨਮ ਦਿਨ ਵਾਲੇ ਇਨ੍ਹਾਂ ਮੈਂਬਰਾਂ ਅਮਰਜੀਤ ਕੌਰ ਕਾਹਲੋਂ, ਬਲਵਿੰਦਰ ਕੌਰ ਢਿੱਲੋਂ, ਜਸਵੰਤ ਸਿੰਘ ਕਪੂਰ ਅਤੇ ਸਤੀਸ਼ ਸ਼ਰਮਾ ਨੂੰ ਤੋਹਫ਼ੇ ਦੇ ਕੇ ਮੁਬਾਰਕਾਂ ਦਿੱਤੀਆਂ ਗਈਆਂ। ਕਰਮ ਸਿੰਘ ਮੁੰਡੀ ਨੇ ਮਾਂਟਰੀਅਲ ਵਿੱਚ ਹੋਈਆਂ ਅੱਗਜ਼ਨੀ ਅਤੇ ਭੰਨ-ਤੋੜ ਦੀਆਂ ਦੁੱਖਦਾਈ ਘਟਨਾਵਾਂ ਤੇ ਚਿੰਤਾ ਜ਼ਾਹਿਰ ਕੀਤੀ। ਜਸਵੀਰ ਸਿਹੋਤਾ ਨੇ ਦਿਲਚਸਪ ਕਹਾਣੀ ਸਮੇਤ ਕੁੱਝ ਟੱਪੇ ਸੁਣਾਏ। ਦਿਲਾਵਰ ਸਮਰਾ ਨੇ ਗੁਰੂ ਨਾਨਕ ਦੇਵ ਜੀ ਦੇ ਇੱਕ ਸ਼ਬਦ ਦੀ ਢੁਕਵੀਂ ਵਿਆਖਿਆ ਕੀਤੀ। ਸਰਦਾਰ ਲਾਲ ਮੱਟੂ ਨੇ ਪਹਿਲੇ ਮਹਾਂਯੁੱਧ ਦੇ ਸ਼ਹੀਦ ਸੁੱਖਾ ਦੀ ਮਿਸਾਲ ਦੇ ਕੇ ਜਾਤਪਾਤ ਨੂੰ ਨਕਾਰਿਆ ਜਿਸ ਦੀਆਂ ਆਖਰੀ ਰਸਮਾਂ ਗੋਰਿਆਂ ਨੇ ਫੰਡ ਉਗਰਾਹ ਕੇ ਪੂਰੀਆਂ ਕੀਤੀਆਂ ਸਨ। ਜਸਵੰਤ ਸਿੰਘ ਕਪੂਰ ਨੇ ਗੁਰਬਾਣੀ ਦੀਆਂ ਤੁਕਾਂ ਰਾਹੀਂ ਜਾਤਪਾਤ ਦਾ ਖੰਡਨ ਕੀਤਾ। ਸੁਰਜੀਤ ਕੌਰ ਕੰਮੋਹ ਨੇ ਦਰਸ਼ਕਾਂ ਦੀਆਂ ਭਰਪੂਰ ਤਾੜੀਆਂ ਵਿੱਚ ਗੀਤ ਗਾਇਆ। ਸੁਖਮੰਦਰ ਗਿੱਲ ਨੇ ਗੀਤ ਰਾਹੀਂ ਗੁਰੂ ਨਾਨਕ ਦੇਵ ਜੀ ਨੂੰ ਸਿਜਦਾ ਕੀਤਾ। ਮੁਨੱਵਰ ਅਹਿਮਦ ਨੇ ਬਿਨਾ ਸਾਜ਼ ਗਾਇਕੀ ਰਾਹੀਂ ਹੀਰ ਵਾਰਿਸ ਸ਼ਾਹ ਦੀ ਬੈਂਤ ਕਮਾਲ ਦੀ ਤਰਜ਼ ਵਿੱਚ ਪੇਸ਼ ਕੀਤੀ। ਜਨਾਬ ਤਾਰਿਕ ਮਲਿਕ ਨੇ ਸੁਖਾਵੀਂ ਜ਼ਿੰਦਗੀ ਦੇ ਗੁਰ ਦੱਸ ਕੇ ਉਮਦਾ ਸ਼ੇਅਰ ਫੁਰਮਾਏ। ਡਾ: ਰਾਜਵੰਤ ਕੌਰ ਮਾਨ ਨੇ ਰੀਮੈਂਬਰੈਂਸ ਡੇ ਨੂੰ ਆਪਣੇ ਪਿਤਾ ਜੀ ਦੁਆਰਾ ਪਹਿਲੀ ਸੰਸਾਰ ਜੰਗ ਲੜ ਕੇ ਆਉਣ ਦੀ ਘਟਨਾ ਨਾਲ ਜੋੜ ਕੇ ਯਾਦ ਕੀਤਾ। ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਦੀ ਸਾਰੀ ਜ਼ਿੰਦਗੀ ਇਪਟਾ ਦੀ ਰੰਗਕਰਮੀ ਵਜੋਂ ਸੰਸਾਰ-ਅਮਨ ਲਈ ਸਮਰਪਿਤ ਰਹੀ ਹੈ। ਹਰਿੰਦਰ ਕੌਰ ਮੁੰਡੀ ਨੇ ਪਰਿਵਾਰਿਕ ਸੰਬੰਧਾਂ ਵਿੱਚ ਆਈ ਤਬਦੀਲੀ ਨੂੰ ਉਜਾਗਰ ਕੀਤਾ। ਭਜਨ ਸਿੰਘ ਸੱਗੂ ਨੇ ਲਘੂ ਕਹਾਣੀਆਂ ਸੁਣਾ ਕੇ ਵੱਖਰੀ ਤਕਨੀਕ ਰਾਹੀਂ ਖ਼ੂਬ ਹਾਸਰਸ ਬਿਖੇਰਿਆ। ਮੰਚ-ਸੰਚਾਲਨ ਦੀ ਜ਼ਿੰਮੇਵਾਰੀ ਜਗਦੇਵ ਸਿੱਧੂ ਨੇ ਨਿਭਾਈ। ਅਖੀਰ ਵਿੱਚ ਸੁਰਿੰਦਰਜੀਤ ਪਲਾਹਾ ਨੇ ਹਾਜ਼ਰੀਨ ਦਾ ਧੰਨਵਾਦ ਕੀਤਾ ਅਤੇ 13 ਦਸੰਬਰ ਨੂੰ ਸਾਲਾਨਾ ਰਾਤਰੀ-ਭੋਜ ਵਿੱਚ ਸ਼ਾਮਲ ਹੋਣ ਲਈ ਸੱਦਾ ਦਿੱਤਾ।

# ਇੰਕਾ ਸੀਨੀਅਰ ਸਿਟੀਜਨ ਸੋਸਾਇਟੀ ਕੈਲਗਰੀ ਵੱਲੋਂ ਗੁਰੂ ਨਾਨਕ ਸਾਹਿਬ ਜੀ ਦਾ ਜਨਮਦਿਨ ਮਨਾਇਆ ਗਿਆ



ਕੈਲਗਰੀ (ਪੰਜਾਬੀ ਅਖਬਾਰ ਬਿਊਰੋ)ਬੀਤੇ ਦਿਨੀ ਇੰਕਾ ਸੀਨੀਅਰ ਸਿਟੀਜਨ ਸੋਸਾਇਟੀ ਦੇ ਹਾਲ ਵਿੱਚ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮਦਿਨ ਮਨਾਉਣ ਲਈ ਭਾਰੀ ਇਕੱਤਰਤਾ ਹੋਈ। ਜਿਸ ਵਿੱਚ ਵੱਖ ਵੱਖ ਸੀਨੀਅਰ ਸੁਸਾਇਟੀਆਂ ਦੇ ਮੈਂਬਰਾਂ ਨੇ ਸ਼ਮੂਲੀਅਤ ਕੀਤੀ। ਸ਼ੁਰੂਆਤ ਵਿੱਚ ਸੰਸਥਾ ਦੇ ਜਰਨਲ ਸਕੱਤਰ ਮੇਜਰ ਸਿੰਘ ਧਾਲੀਵਾਲ ਨੇ ਹਾਜ਼ਰੀਨ ਨੂੰ ਗੁਰੂ ਸਾਹਿਬ ਦੇ 555ਵੇਂ ਜਨਮਦਿਨ ਦੀਆਂ ਵਧਾਈਆਂ ਦਿੱਤੀਆਂ। ਉਹਨਾਂ ਕਿਹਾ ਕਿ ਗੁਰੂ ਜੀ ਨੇ ਲੋਕਾਈ ਨੂੰ ਅੰਧੇਰੇ ਚੋ ਕੱਢ ਕੇ ਚਾਨਣ ਦਾ ਰਾਹ ਵਿਖਾਇਆ ਸੀ। ਜਰਨੈਲ ਸਿੰਘ ਤੱਗੜ ਨੇ ਆਪਣੇ ਵਿਚਾਰ ਪ੍ਰਗਟ ਕੀਤੇ ਅਤੇ ਧੰਨ ਗੁਰੂ ਨਾਨਕ ਨਾਮ ਦੀ ਇੱਕ ਕਵਿਤਾ ਵੀ ਸੁਣਾਈ। ਪ੍ਰਿੰਸੀਪਲ ਸਤਪਾਲ ਕੌਸ਼ਿਲ ਹੋਰਾਂ ਨੇ ਗੁਰੂ ਸਾਹਿਬ ਦੀ ਫਿਲਾਸਫੀ ਬਾਰੇ ਗੱਲਾਂ ਕੀਤੀਆਂ ਅਤੇ ਇੱਕ ਕਵਿਤਾ ਵੀ ਪੇਸ਼ ਕੀਤੀ। ਗੁਰਬਖਸ਼ ਸਿੰਘ ਜੱਸਲ ਅਨੁਸਾਰ ਗੁਰਬਾਣੀ ਨੇ ਵੱਖ-ਵੱਖ ਮਹਾਨ ਵਿਅਕਤੀਆਂ ਨੂੰ ਪ੍ਰਭਾਵਿਤ ਕੀਤਾ। ਜੀਰੇ ਵਾਲੇ ਕਵੀਸ਼ਰ ਮਾਸਟਰ ਬਚਿੱਤਰ ਸਿੰਘ ਗਿੱਲ ਨੇ ਗੁਰੂ ਜੀ ਦੀਆਂ ਉਦਾਸੀਆਂ ਬਾਰੇ ਵਿਸਥਾਰ ਨਾਲ ਦੱਸਿਆ। ਉਹਨਾਂ ਗੁਰਬਾਣੀ ਦੁਆਰਾ ਦਿੱਤੀ ਗਈ ਸਿੱਖਿਆ ਅਤੇ ਉਸ ਸਮੇਂ ਬਾਬਰ ਵੱਲੋਂ ਵਰਤਾਏ ਗਏ ਕਹਿਰ ਸਬੰਧੀ ਆਪਣੇ ਵਿਚਾਰ ਪ੍ਰਗਟ ਕੀਤੇ ਜਿਸ ਨੂੰ ਸਰੋਤਿਆਂ ਨੇ ਬਹੁਤ ਹੀ ਧਿਆਨ ਨਾਲ ਸੁਣਿਆ। ਰੇਡੀਓ ਰੈਡ ਐਫ ਐਮ ਦੇ ਹੋਸਟ ਰਿਸ਼ੀ ਨਾਗਰ ਹੋਰਾਂ ਨੇ ਜਸਵੰਤ ਸਿੰਘ ਜਫਰ ਦੀ ਰਚਿੱਤ ਕਵਿਤਾ "ਅਸੀਂ ਨਾਨਕ ਦੇ ਕੀ ਲੱਗਦੇ ਹਾਂ" ਪੇਸ਼ ਕੀਤੀ। ਦਰਸ਼ਨ ਸਿੰਘ ਧਾਲੀਵਾਲ ਨੇ ਕੈਨੇਡਾ ਵਿੱਚ ਅੱਜ ਦੇ ਹਾਲਾਤ ਅਤੇ ਸਾਂਝੀਵਾਲਤਾ ਦੇ ਉੱਪਰ ਜ਼ੋਰ ਦਿੱਤਾ। ਬਿੱਕਰ ਸਿੰਘ ਸੰਧੂ ਨੇ ਗੁਰਬਾਣੀ ਵਿੱਚੋਂ ਹਵਾਲਾ ਦੇ ਕੇ ਅਧਿਆਤਮਕ ਵਿਚਾਰ ਪੇਸ਼ ਕੀਤੇ। ਇਸ ਮੌਕੇ ਬਜ਼ੁਰਗਾਂ ਨੇ ਜਨਮਦਿਨ ਵੀ ਮਨਾਏ ਗਏ ਅਤੇ ਉਹਨਾਂ ਨੂੰ ਵਧਾਈਆਂ ਦਿੱਤੀਆਂ ਗਈਆਂ। ਸੰਸਥਾ ਦੇ ਪ੍ਰਧਾਨ ਮੋਤਾ ਸਿੰਘ ਮਿਨਹਾਸ ਨੇ ਸਭਨਾਂ ਨੂੰ ਜੀ ਆਇਆ ਆਖਿਆ।ਹਮੇਸ਼ਾ ਦੀ ਤਰਾਂ ਚਾਹ ਪਾਣੀ ਦੀ ਸੇਵਾ ਸਰਮੁਖ ਸਿੰਘ ਕੂਨਰ ਅਤੇ ਕੁਲਬੀਰ ਕਾਲਕਟ ਹੋਰਾਂ ਨੇ ਨਿਭਾਈ।

# ਸਾਊਥ ਏਸ਼ੀਅਨ ਕਨੇਡੀਅਨ ਐਸੋਸੀਏਸ਼ਨ ਦੀ ਮਿਲਣੀ ਤਿਉਹਾਰਾਂ ਨੂੰ ਸਮਰਪਿਤ ਰਹੀ



ਕੈਲਗਰੀ (ਪੰਜਾਬੀ ਅਖਬਾਰ ਬਿਊਰੋ) ਬੀਤੇ ਦਿਨੀ ਕੈਲਗਰੀ ਦੇ ਟੈਂਪਲ ਕਮਿਊਨਿਟੀ ਹਾਲ ਵਿੱਚ ਸਾਊਥ ਏਸ਼ੀਅਨ ਕਨੇਡੀਅਨ ਐਸੋਸੀਏਸ਼ਨ ਕੈਲਗਰੀ ਵੱਲੋਂ ਸਾਡੇ ਤਿਉਹਾਰਾਂ ਨੂੰ ਸਮਰਪਿਤ ਇੱਕ ਸਮਾਗਮ ਦਾ ਆਯੋਜਨ ਕੀਤਾ ਗਿਆ। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਅਵਤਾਰ ਦਿਹਾੜਾ, ਬੰਦੀਛੋੜ ਦਿਵਸ ਅਤੇ ਦਿਵਾਲੀ ਦੇ ਤਿਹਾਰਾਂ ਨੂੰ ਸਮਾਪਤ ਇਸ ਸਮਾਗਮ ਵਿੱਚ ਤਕਰੀਬਨ 170 ਦੇ ਕਰੀਬ ਮੈਂਬਰਾਂ ਨੇ ਹਿੱਸਾ ਲਿਆ। ਪਰੋਗਰਾਮ ਦੀ ਸੁਰੂਆਤ ਕਨੇਡਾ ਅਤੇ ਭਾਰਤ ਦੇ ਰਾਸ਼ਟਰੀ ਗੀਤਾਂ ਤੋਂ ਇਲਾਵਾ ਦੇਹਿ ਸ਼ਿਵਾ ਵਰ ਮੋਹਿ ਸ਼ਬਦ ਨਾਲ ਹੋਈ। ਜਸਵਿੰਦਰ ਕੌਰ ਬਰਾੜ ਨੇ ਧਾਰਮਿਕ ਗੀਤ ਬੋਲਿਆ। ਮੁੱਖ ਮਹਿਮਾਨ ਡਾਕਟਰ ਜਗਦੀਸ਼ ਆਨੰਦ ਜੀ ਨੇ ਅੱਖਾਂ ਦੀਆਂ ਬਿਮਾਰੀਆਂ ਅਤੇ ਉਹਨਾਂ ਦੇ ਇਲਾਜ ਬਾਰੇ ਵਿਸਥਾਰ ਪੂਰਵਕ ਚਾਨਣਾ ਪਾਇਆ। ਸਿਹਤ ਸਹੂਲਤਾਂ ਬਾਰੇ ਸਰਕਾਰ ਦੀ ਅਣਗੌਲੀ ਨੂੰ ਉਹਨਾਂ ਨੇ ਕਰੜੇ ਹੱਥੀ ਲਿਆ ਅਤੇ ਪੁੱਛੇ ਗਏ ਸਵਾਲਾਂ ਦੇ ਜਵਾਬ ਵੀ ਵਿਸਥਾਰ ਪੂਰਵਕ ਢੰਗ ਨਾਲ ਦਿੱਤੇ। ਕੈਲਗਰੀ ਵਿੱਚ ਦੂਸਰੀਆਂ ਸੁਸਾਇਟੀਆਂ, ਜਿਨਾਂ ਵਿੱਚ ਇੰਡੀਅਨ ਐਕਸ ਸਰਵਿਸ ਇਮੀਗਰਾਂਟ ਐਸੋਸੀਏਸ਼ਨ, ਸ਼ਬਦ ਸਾਂਝ, ਇੰਕਾ, ਅਰਪਣ ਲਿਖਾਰੀ ਸਭਾ, ਪ੍ਰਵਾਸੀ ਗਲੋਬਲ ਸੁਸਾਇਟੀ ਦੇ ਮੈਂਬਰਾਂ ਨੇ ਵੱਡੀ ਗਿਣਤੀ ਵਿੱਚ ਹਿੱਸਾ ਲਿਆ। ਰਾਜਨੀਤਿਕ ਸ਼ਖਸੀਅਤਾਂ ਵਿੱਚੋਂ ਵਾਰਡ 5 ਤੋਂ ਕੌਂਸਲਰ ਰਾਜ ਧਾਲੀਵਾਲ, ਐਮ ਐਲ ਏ ਇਰਫਾਨ ਸਾਬਿਰ,ਐਮ ਐਲ ਏ ਗੁਰਿੰਦਰ ਬਰਾੜ, ਬਲਵਿੰਦਰ ਕੌਰ ਬਰਾੜ, ਅਤੇ ਗੁਰਚਰਨ ਕੌਰ ਥਿੰਦ ਨੇ ਆਪੋ ਆਪਣੇ ਢੰਗ ਨਾਲ ਸਾਡੇ ਤਿਉਹਾਰਾਂ ਬਾਰੇ ਹਾਜ਼ਰੀਨ ਨਾਲ ਸਾਂਝ ਪਾਈ। ਰੇਡੀਓ ਰੈਡ ਐਫ ਐਮ ਕੈਲਗਰੀ ਹੋਸਟ ਰਿਸ਼ੀ ਨਾਗਰ ਨੇ ਕਿਹਾ ਕਿ ਸਾਡੇ ਭਾਈਚਾਰੇ ਨੂੰ ਸੰਭਾਲਣ ਦੀ ਲੋੜ ਹੈ, ਸਾਨੂੰ ਗੁਰੂ ਨਾਨਕ ਸਾਹਿਬ ਦੀ ਵਿਚਾਰਧਾਰਾ ਨੂੰ ਅਪਨਾਉਣਾ ਚਾਹੀਦਾ ਹੈ। ਸਾਡੇ ਦੁੱਖ ਸੁੱਖ ਅਤੇ ਰੀਤੀ ਰਿਵਾਜ ਸਾਂਝੇ ਹਨ ਇਸ ਲਈ ਭਾਈਚਾਰੇ ਦੇ ਆਪਸੀ ਮੇਲ ਮਿਲਾਪ ਨੂੰ ਵਧਾਉਣ ਦੀ ਲੋੜ ਹੈ। ਡਾਕਟਰ ਜੋਗਾ ਸਿੰਘ, ਜਰਨੈਲ ਤੱਗੜ, ਸੁਖਵਿੰਦਰ ਸਿੰਘ ਤੂਰ, ਡਾਕਟਰ ਹਰਿੰਦਰ ਸਿੰਘ, ਗੁਰਦੀਸ਼ ਕੌਰ ਗਰੇਵਾਲ, ਪ੍ਰੀਤਮ ਸਿੰਘ, ਤਾਰਾ ਸਿੰਘ ਬਰਾੜ, ਗੁਰਤੇਜ ਕੌਰ ਸਿੱਧੂ ਨੇ ਕਵਿਤਾਵਾਂ ਬੋਲੀਆਂ।ਕਰਵਾ ਚੌਥ ਦੇ ਵਰਤ ਦੀ ਕਹਾਣੀ ਨੂੰ ਮਿੰਨੀ ਨਾਟਕ ਦੇ ਰੂਪ ਵਿੱਚ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕੀਤਾ ਗਿਆ। ਛੇ ਸਾਲ ਦੀ ਬੱਚੀ ਤਮੰਨਾ ਨੇ ਗਾਣੇ ਉੱਪਰ ਡਾਂਸ ਕੀਤਾ ਜੋ ਕਿ ਉਸ ਦੀ ਉਮਰ ਅਨੁਸਾਰ ਪ੍ਰਭਾਵਸ਼ਾਲੀ ਸੀ।ਜੇਕਰ ਇੱਥੇ ਮਾਸਟਰ ਬਚਿੱਤਰ ਗਿੱਲ ਦੀ ਕਵੀਸ਼ਰੀ ਦਾ ਜ਼ਿਕਰ ਨਾ ਕਰੀਏ ਤਾਂ ਪ੍ਰੋਗਰਾਮ ਅਧੂਰਾ ਹੀ ਜਾਪੇਗਾ ਭਾਵੇਂ ਕਵੀਸ਼ਰੀ ਕਾਫੀ ਲੰਬੀ ਸੀ ਜਿਸ ਵਿੱਚ ਪੰਜਾਬ ਦੇ ਪਿੰਡਾਂ ਦੀ ਵਿਲੱਖਣਤਾ ਨੂੰ ਲੜੀ ਵਿੱਚ ਪਰੋਇਆ ਸੀ ਪਰ ਉਹਨਾਂ ਨੇ ਲੜੀ ਟੁੱਟਣ ਨਹੀਂ ਦਿੱਤੀ। ਗੁਰਤੇਜ ਕੌਰ ਸਿੱਧੂ ਦੀ ਟੀਮ ਨੇ ਗਿੱਧੇ ਦੀ ਟੀਮ ਨੇ ਬਾਕਮਾਲ ਰੰਗ ਬੰਨਿਆ। ਹਰਦੀਪ ਸਿੰਘ ਸਿੱਧੂ ਨੇ ਸਾਰੇ ਆਏ ਹੋਇਆਂ ਦਾ ਧੰਨਵਾਦ ਕੀਤਾ। ਚਾਹ ਪਾਣੀ ਅਤੇ ਸਾਮ ਦੇ ਡਿੱਨਰ ਵਰਤਾਉਣ ਦੀ ਸੇਵਾ ਜਸਵੰਤ ਸਿੰਘ ਹੀਰ, ਰਵਿੰਦਰ ਪਾਲ ਸਿੰਘ ਚਾਹਲ, ਕੁਲਦੀਪ ਸਿੰਘ ਗਿੱਲ, ਮਹਿੰਦਰ ਸਿੰਘ ਸੰਧੂ, ਜਗਜੀਤ ਸਿੰਘ ਸੋਹੀ, ਜਸਵੰਤ ਸਿੰਘ ਸਿੱਧੂ, ਨਿਰਮਲ ਸਿੰਘ ਕੱਲ੍ਹਾ, ਦਲਵੀਰ ਕੌਰ ਕੰਗ ਅਤੇ ਮਨਜੀਤ ਸਿੰਘ ਚਾਹਲ ਨੇ ਬਾਖੂਬੀ ਨਿਭਾਈ। ਸਟੇਜ ਦਾ ਬਾਕਮਾਲ ਸੰਚਾਲਨ ਸ: ਗੁਰਮੇਲ ਸਿੰਘ ਸੰਧੂ ਨੇ ਕੀਤਾ।











# ਕੈਲਗਰੀ ਵੂਮੈਨ ਕਲਚਰਲ ਐਸੋਸੀਏਸ਼ਨ ਦੀ ਮੀਟਿੰਗ ਬਾਬੇ ਨਾਨਕ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਰਹੀ



ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਵੂਮੈਨ ਕਲਚਰਲ ਐਸੋਸੀਏਸ਼ਨ ਦੀ ਮਹੀਨਾਵਾਰ ਮੀਟਿੰਗ 17 ਨਵੰਬਰ ਨੂੰ ਜੈਨੇਸਸ ਸੈਂਟਰ ਵਿਖੇ ਭਰਪੂਰ ਹਾਜ਼ਰੀ ਵਿੱਚ ਹੋਈ। ਸਭਾ ਦੇ ਪ੍ਰਧਾਨ ਸ੍ਰੀ ਮਤੀ ਬਲਵਿੰਦਰ ਕੌਰ ਬਰਾੜ ਜੋ ਕਿ ਦੋ ਮਹੀਨੇ ਬਾਅਦ ਪੰਜਾਬ ਫੇਰੀ ਤੋਂ ਪਰਤੇ ਸਨ, ਨੇ ਭੈਣਾਂ ਨੂੰ ਜੀ ਆਇਆਂ ਕਹਿੰਦਿਆਂ ਹੋਇਆਂ ਆਪਣੇ ਵਤਨ ਦੇ ਅਨੁਭਵ ਵੀ ਸਾਂਝੇ ਕੀਤੇ।ਸਕੱਤਰ ਗੁਰਨਾਮ ਕੌਰ ਨੇ ਇਸ ਮਹੀਨੇ ਵਿੱਚ ਆਏ ਮਹੱਤਵਪੂਰਨ ਦਿਹਾੜਿਆਂ ਬਾਬੇ ਨਾਨਕ ਦਾ ਪ੍ਰਕਾਸ਼ ਪੁਰਬ, ਨੌਵੇਂ ਪਾਤਸ਼ਾਹ ਦੀ ਸ਼ਹਾਦਤ, ਮਾਂ ਬੋਲੀ ਦਿਵਸ ਅਤੇ ਰਿਮੈਂਬਰਸ ਡੇ ਬਾਰੇ ਜਾਣਕਾਰੀ ਸਾਂਝੀ ਕੀਤੀ। ਨਵੇਂ ਆਏ ਮੈਂਬਰਾਂ ਕੁਲਵਿੰਦਰ ਕੌਰ, ਰਵਿੰਦਰ ਕੌਰ, ਦਲਜੀਤ ਕੌਰ ਤੇ- ਨੌਜਵਾਨ ਬੱਚੀਆਂ ਜਸਕੀਰਤ ਕੌਰ, ਕਰਮਪ੍ਰੀਤ ਕੌਰ ਅਤੇ ਛੋਟੀ ਬੱਚੀ ਪ੍ਰਭਕੀਰਤ ਕੌਰ ਨਾਲ ਜਾਣ ਪਛਾਣ ਕਰਵਾਈ ਗਈ। ਗੁਰਦੀਸ਼ ਕੌਰ ਗਰੇਵਾਲ, ਸੁਖਬਿੰਦਰ ਕੌਰ ਬਾਠ, ਗੁਰਿੰਦਰ ਕੌਰ ਸਿੱਧੂ, ਗੁਰਜੀਤ ਕੌਰ ਬੈਦਵਾਨ, ਅਮਰਜੀਤ ਟਿਵਾਣਾ, ਹਰਜੀਤ ਜੌਹਲ, ਜੁਗਿੰਦਰ ਪੁਰਬਾ, ਸੁਰਿੰਦਰ ਕੌਰ ਸੰਧੂ, ਅਮਰਜੀਤ ਵਿਰਦੀ, ਜਤਿੰਦਰ ਪੇਲੀਆ, ਰਣਜੀਤ ਕੌਰ ਲੰਮੇ, ਰਣਜੀਤ ਕੌਰ ਕੰਗ, ਪ੍ਰੀਤਮ ਕੌਰ, ਲਖਵਿੰਦਰ ਕੌਰ ਅਤੇ ਪਰਮਜੀਤ ਕੌਰ ਕੰਗ ਨੇ ਗੁਰੂ ਨਾਨਕ ਦੇਵ ਜੀ ਬਾਰੇ ਕਵਿਤਾਵਾਂ ਗੀਤ ਅਤੇ ਸ਼ਬਦ ਸੁਣਾ ਕੇ, ਬਾਬੇ ਨਾਨਕ ਦੇ 555ਵੇਂ ਪ੍ਰਕਾਸ਼ ਪੁਰਬ ਤੇ ਮਾਹੌਲ ਸੁਰਮਈ ਬਣਾ ਦਿੱਤਾ। ਦਲਜੀਤ ਕੌਰ ਨੇ ਕਸ਼ਮੀਰੀ ਪੰਡਤਾਂ ਦੀ ਪੁਕਾਰ ਦਾ ਗੀਤ, ਜਸਮਿੰਦਰ ਕੌਰ ਬਰਾੜ ਨੇ ਮਾਂ ਬੋਲੀ ਪੰਜਾਬੀ ਬਾਰੇ ਭਾਵਪੂਰਤ ਕਵਿਤਾ, ਸਰਬਜੀਤ ਉੱਪਲ ਨੇ ਜਾਦੂ ਟੂਣੇ ਦੇ ਪਖੰਡਾਂ ਦਾ ਪਰਦਾ ਫਾਸ਼ ਕਰਦੀ ਹੋਈ ਕਵਿਤਾ, ਅਤੇ ਅਮਰਜੀਤ ਗਰੇਵਾਲ ਅਤੇ ਸੁਰਿੰਦਰ ਸੰਧੂ ਨੇ ਰਲ਼ ਕੇ ਲੰਬੀ ਹੇਕ ਦਾ ਗੀਤ ਗਾ ਕੇ ਪੁਰਾਤਨ ਵਿਰਸੇ ਦੀ ਝਲਕ ਪੇਸ਼ ਕੀਤੀ। ਕਿਰਨ ਕਲਸੀ ਨੇ ਬਰਾੜ ਮੈਡਮ ਦੇ ਕਾਲਮ ਉਹ ਵੇਲਾ ਯਾਦ ਕਰ ਦੀ ਸ਼ਲਾਘਾ ਕੀਤੀ ਜਦ ਕਿ ਭਗਵੰਤ ਕੌਰ ਨੇ ਪੰਜਾਬ ਪਹੁੰਚ ਕੇ ਸਕੂਨ ਮਿਲਣ ਦੀ ਗੱਲ ਕੀਤੀ। ਬਾਕੀ ਮੈਂਬਰਾਂ ਨੇ ਵਧੀਆ ਸਰੋਤੇ ਹੋਣ ਦਾ ਰੋਲ ਨਿਭਾਇਆ। ਸਮਾਪਤੀ ਤੇ ਬਲਵਿੰਦਰ ਕੌਰ ਬਰਾੜ ਨੇ ਸਭ ਦਾ ਧੰਨਵਾਦ ਕਰਦਿਆਂ, ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਦਿਹਾੜੇ ਨੂੰ ਮਨੁੱਖੀ ਅਧਿਕਾਰ ਦਿਵਸ ਵੱਜੋਂ ਮਨਾਉਣ ਦੀ ਮੰਗ ਉਠਾਈ। ਨਾਲ ਹੀ ਉਨ੍ਹਾਂ ਕਨੇਡਾ ਦੀ ਫੌਜ ਵੱਲੋਂ ਲੜਨ ਵਾਲੇ, 26 ਸਾਲਾ ਪਹਿਲੇ ਪੰਜਾਬੀ ਸਿੱਖ ਸ਼ਹੀਦ ਬੁੱਕਣ ਸਿੰਘ ਦੀ ਸਮਾਧ ਬਾਰੇ ਵੀ ਜਾਣਕਾਰੀ ਸਾਂਝੀ ਕੀਤੀ। ਚਾਹ ਸਮੋਸੇ ਅਤੇ ਲੱਡੂਆਂ ਦੀ ਸੇਵਾ ਜੁਗਿੰਦਰ ਪੁਰਬਾ ਵੱਲੋਂ ਅਪਣੇ ਦੋਹਤੇ ਦੇ ਡਾਕਟਰ ਬਣਨ ਦੀ ਖੁਸ਼ੀ ਵਿੱਚ ਕੀਤੀ ਗਈ।

## ਅਮਰੀਕੀ ਰਾਸ਼ਟਰਪਤੀ ਨੇ ਆਪਣੇ ਬੇਟੇ ਦੀ ਸਜ਼ਾ ਮੁਆਫ ਕਰ ਦਿੱਤੀ



ਨਿਊਯਾਰਕ (ਪੰਜਾਬੀ ਅਖ਼ਬਾਰ ਬਿਊਰੋ) ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੇ ਆਪਣੇ ਬੇਟੇ ਹੰਟਰ ਬਾਇਡਨ ਦੀ ਸਜ਼ਾ ਮੁਆਫ ਕਰ ਦਿੱਤੀ ਹੈ। ਨਿਊਯਾਰਕ ਟਾਈਮਜ਼ ਦੇ ਮੁਤਾਬਕ, ਉਹ ਗੈਰ-ਕਾਨੂੰਨੀ ਢੰਗ ਬੰਦੂਕ ਰੱਖਣ ਅਤੇ ਟੈਕਸ ਚੋਰੀ ਲਈ ਸਜ਼ਾ ਦਾ ਸਾਹਮਣਾ ਕਰ ਰਿਹਾ ਸੀ। ਬਾਇਡਨ ਨੇ ਕਿਹਾ ਕਿ ਜਿਸ ਦਿਨ ਤੋਂ ਮੈਂ ਅਹੁਦਾ ਸੰਭਾਲਿਆ ਹੈ, ਮੈਂ ਕਿਹਾ ਸੀ ਕਿ ਮੈਂ ਨਿਆਂ ਵਿਭਾਗ ਦੇ ਫੈਸਲਿਆਂ ਵਿੱਚ ਦਖਲ ਨਹੀਂ ਦੇਵਾਂਗਾ। ਮੈਂ ਇਹ ਵਾਅਦਾ ਨਿਭਾਇਆ ਹੈ, ਪਰ ਮੈਂ ਦੇਖਿਆ ਕਿ ਮੇਰੇ ਪੁੱਤਰ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਸੀ। ਉਸ 'ਤੇ ਗਲਤ ਢੰਗ ਨਾਲ ਮੁਕੱਦਮਾ ਚਲਾਇਆ ਗਿਆ ਸੀ। ਬਾਇਡਨ ਨੇ ਕਿਹਾ ਕਿ ਉਨ੍ਹਾਂ ਨੂੰ ਕਾਨੂੰਨ ਵਿਵਸਥਾ 'ਤੇ ਪੂਰਾ ਭਰੋਸਾ ਹੈ ਪਰ ਰਾਜਨੀਤੀ ਨੇ ਇਸ ਨੂੰ ਭ੍ਰਿਸ਼ਟ ਕਰ ਦਿੱਤਾ ਹੈ। ਇਹ ਨਿਆਂ ਪ੍ਰਣਾਲੀ ਦੀ ਨਾਕਾਮੀ ਹੈ।ਉਨ੍ਹਾਂ ਕਿਹਾ ਕਿ ਹੰਟਰ ਦੇ ਕੇਸ ਦੀ ਪੈਰਵੀ ਕਰਨ ਵਾਲੇ ਕਿਸੇ ਵੀ ਸਮਝਦਾਰ ਵਿਅਕਤੀ ਨੂੰ ਪਤਾ ਹੋਵੇਗਾ ਕਿ ਉਸ ਨੂੰ ਸਿਰਫ ਇਸ ਲਈ ਨਿਸ਼ਾਨਾ ਬਣਾਇਆ ਗਿਆ ਸੀ ਕਿਉਂਕਿ ਉਹ ਮੇਰਾ ਪੁੱਤਰ ਹੈ।

ਰਾਸ਼ਟਰਪਤੀ ਨੇ ਕਿਹਾ, "ਹੰਟਰ ਨੂੰ ਤਬਾਹ ਕਰਨ ਦੀ ਕੋਸ਼ਿਸ਼ ਵਿੱਚ, ਕੁੱਝ ਲੋਕਾਂ ਨੇ ਮੈਨੂੰ ਵੀ ਕਮਜ਼ੋਰ ਕਰਨ ਦੀ ਕੋਸ਼ਿਸ਼ ਕੀਤੀ। ਇਹ ਹੁਣ ਨਹੀਂ ਰੁਕਦਾ, ਇਸ ਲਈ ਮੈਨੂੰ ਆਪਣੀਆਂ ਸ਼ਕਤੀਆਂ ਦੀ ਵਰਤੋਂ ਕਰਨੀ ਪਈ। ਅਮਰੀਕੀ ਲੋਕ ਸਮਝਣਗੇ ਕਿ ਇੱਕ ਪਿਤਾ ਅਤੇ ਰਾਸ਼ਟਰਪਤੀ ਨੇ ਇਹ ਫੈਸਲਾ ਕਿਉਂ ਲਿਆ।"

## ਨਾਰਥ ਕੈਲਗਰੀ ਸੀਨੀਅਰਜ਼ ਸੋਸਾਇਟੀ ਦੀ ਮਿਲਣੀ ਗੁਰੂ ਨਾਨਕ ਸਾਹਿਬ ਦੇ ਜਨਮ ਦਿਨ ਨੂੰ ਸਮਰਪਿਤ ਰਹੀ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਨਾਰਥ ਕੈਲਗਰੀ ਸੀਨੀਅਰਜ਼ ਸੋਸਾਇਟੀ ਦੀ ਮਾਸਿਕ ਮੀਟਿੰਗ 20 ਨਵੰਬਰ ਨੂੰ ਲਿਵਿੰਗਸਟਨ ਕਮਿਊਨਿਟੀ ਸੈਂਟਰ ਵਿਖੇ ਹੋਈ। ਚੇਅਰਮੈਨ ਕੁਲਵੰਤ ਰਾਏ ਸ਼ਰਮਾ ਨੇ ਗੁਰੂ ਨਾਨਕ ਦੇਵ ਜੀ ਦੇ 555ਵੇਂ ਸਾਲਾਨਾ ਪ੍ਰਕਾਸ਼ਪੁਰਬ ਦੀ ਵਧਾਈ ਦਿੰਦਿਆਂ ਕਿਹਾ ਕਿ ਗੁਰੂ ਜੀ ਦੇ ਤਿੰਨ ਸਿਧਾਂਤਾਂ - ਨਾਮ ਜਪਣਾ, ਕਿਰਤ ਕਰਨੀ ਅਤੇ ਵੰਡ ਛਕਣਾ - ਨੂੰ ਅਮਲੀ ਤੌਰ ਤੇ ਅਪਨਾਉਣ ਨਾਲ ਹੀ ਮਨੁੱਖਤਾ ਦਾ ਭਲਾ ਹੋਵੇਗਾ। ਸ਼ਰਮਾ ਜੀ ਨੇ ਸਾਰੇ ਮੈਂਬਰਾਂ ਖਾਸ ਕਰ ਕੇ ਸੋਸਾਇਟੀ ਨੂੰ ਖੁੱਲ੍ਹੇ ਦਿਲ ਨਾਲ ਦਾਨ ਦੇਣ ਵਾਲ਼ਿਆਂ ਦਾ ਉਚੇਚਾ ਧੰਨਵਾਦ ਕੀਤਾ। ਜ਼ਹੀਨ ਇਨਸਾਨ ਤਾਰਿਕ ਮਲਿਕ ਨੇ ਉੱਚ ਕੋਟੀ ਦੇ ਸ਼ਿਅਰ ਫੁਰਮਾਏ। ਜਗਦੇਵ ਸਿੱਧੂ ਨੇ ਗੁਰੂ ਨਾਨਕ ਦੇਵ ਜੀ ਬਾਰੇ ਆਪਣੀ ਆਰਤੀ ਨਾਂ ਦੀ ਕਵਿਤਾ ਦਾ ਉਚਾਰਨ ਕੀਤਾ ਅਤੇ ਗੁਰੂ ਜੀ ਦੇ ਤਿੰਨ ਸਿਧਾਂਤਾਂ -ਨਾਮ ਜਪਣਾ, ਕਿਰਤ ਕਰਨੀ ਅਤੇ ਵੰਡ ਛਕਣਾ- ਨੂੰ ਕੈਨੇਡਾ ਦੇ ਮੂਲਨਿਵਾਸੀਆਂ ਦੀਆਂ ਰਵਾਇਤਾਂ ਨਾਲ਼ ਜੋੜ ਕੇ ਪੇਸ਼ ਕੀਤਾ। ਪੰਜਾਬੀ ਨੂੰ ਅਥਾਹ ਪਿਆਰ ਕਰਨ ਵਾਲ਼ੇ ਮੁਨੱਵਰ ਅਹਿਮਦ ਨੇ ਹੀਰ ਵਾਰਿਸ ਸ਼ਾਹ ਦੀ ਬੈਂਤ - ਡੋਲੀ ਚੜ੍ਹਦਿਆਂ ਮਾਰੀਆਂ ਹੀਰ ਚੀਕਾਂ ਮੈਨੂੰ ਲੈ ਚਲੇ ਬਾਬਲਾ ਲੈ ਚਲੇ ਵੇ - ਕਮਾਲ ਦੇ ਅੰਦਾਜ਼ ਵਿਚ ਪੇਸ਼ ਕੀਤੀ। ਸੁਖਮੰਦਰ ਗਿੱਲ ਨੇ ਦੋ ਗਾਣੇ ਗਾ ਕੇ ਗੁਰੂ ਜੀ ਨੂੰ ਸਿਜਦਾ ਕੀਤਾ। ਸ਼ਮਿੰਦਰ-ਸੁਰਜੀਤ ਕੰਮੋਹ ਦੀ ਦੰਪਤੀ ਜੋੜੀ, ਬਿੱਕਰ ਸਿੰਘ ਸੰਧੂ,ਕੁਲਵੰਤ ਕੌਰ ਬਾਜਵਾ, ਸੁਰਿੰਦਰ ਢਿੱਲੋਂ,ਗਾਇਕ ਰਵੀ ਪ੍ਰਕਾਸ਼ ਜਨਾਗਲ, ਨੂਰ ਅਤੇ ਸਾਊਂਡ ਇੰਜੀਨੀਅਰ,ਪਰਮਜੀਤ ਭੰਗੂ,ਬੀਬਾ ਰਮਨ ਗਿੱਲ, ਜਸਪਾਲ ਸਿੰਘ ਕੰਗ ਨੇ ਮੰਚ ਉਪਰੋਂ ਹਾਜ਼ਿਰੀ ਲਗਵਾਈ। ਅਖੀਰ ਵਿੱਚ ਪ੍ਰਧਾਨ ਸੰਤੋਖ ਸਿੰਘ ਕੰਦੋਲਾ ਨੇ ਵਧੀਆ ਇੰਤਜ਼ਾਮ ਲਈ ਪ੍ਰਬੰਧਕਾਂ, ਲਜ਼ੀਜ਼ ਭੋਜਨ ਪਰੋਸਣ ਵਾਲ਼ੀਆਂ ਬੀਬੀਆਂ ਅਤੇ ਸਮੂਹ ਹਾਜ਼ਰੀਨ ਦਾ ਧੰਨਵਾਦ ਕੀਤਾ।

## ਸਾਊਥ ਏਸ਼ੀਅਨ ਕਨੇਡੀਅਨ ਐਸੋਸੀਏਸ਼ਨ ਦੀ ਮਿਲਣੀ ਤਿਉਹਾਰਾਂ ਨੂੰ ਸਮਰਪਿਤ ਰਹੀ



ਕੈਲਗਰੀ (ਪੰਜਾਬੀ ਅਖਬਾਰ ਬਿਊਰੋ) ਬੀਤੇ ਦਿਨੀ ਕੈਲਗਰੀ ਦੇ ਟੈਂਪਲ ਕਮਿਊਨਿਟੀ ਹਾਲ ਵਿੱਚ ਸਾਊਥ ਏਸ਼ੀਅਨ ਕਨੇਡੀਅਨ ਐਸੋਸੀਏਸ਼ਨ ਕੈਲਗਰੀ ਵੱਲੋਂ ਸਾਡੇ ਤਿਉਹਾਰਾਂ ਨੂੰ ਸਮਰਪਿਤ ਇੱਕ ਸਮਾਗਮ ਦਾ ਆਯੋਜਨ ਕੀਤਾ ਗਿਆ। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਅਵਤਾਰ ਦਿਹਾੜਾ, ਬੰਦੀਛੋੜ ਦਿਵਸ ਅਤੇ ਦਿਵਾਲੀ ਦੇ ਤਿਹਾਰਾਂ ਨੂੰ ਸਮਾਪਤ ਇਸ ਸਮਾਗਮ ਵਿੱਚ ਤਕਰੀਬਨ 170 ਦੇ ਕਰੀਬ ਮੈਂਬਰਾਂ ਨੇ ਹਿੱਸਾ ਲਿਆ । ਪਰੋਗਰਾਮ ਦੀ ਸੁਰੂਆਤ ਕਨੇਡਾ ਅਤੇ ਭਾਰਤ ਦੇ ਰਾਸ਼ਟਰੀ ਗੀਤਾਂ ਤੋਂ ਇਲਾਵਾ ਦੇਹਿ ਸ਼ਿਵਾ ਵਰ ਮੋਹਿ ਸ਼ਬਦ ਨਾਲ ਹੋਈ । ਜਸਵਿੰਦਰ ਕੌਰ ਬਰਾੜ ਨੇ ਧਾਰਮਿਕ ਗੀਤ ਬੋਲਿਆ । ਮੁੱਖ ਮਹਿਮਾਨ ਡਾਕਟਰ ਜਗਦੀਸ਼ ਆਨੰਦ ਜੀ ਨੇ ਅੱਖਾਂ ਦੀਆਂ ਬਿਮਾਰੀਆਂ ਅਤੇ ਉਹਨਾਂ ਦੇ ਇਲਾਜ ਬਾਰੇ ਵਿਸਥਾਰ ਪੂਰਵਕ ਚਾਨਣਾ ਪਾਇਆ। ਸਿਹਤ ਸਹੂਲਤਾਂ ਬਾਰੇ ਸਰਕਾਰ ਦੀ ਅਣਗੌਲੀ ਨੂੰ ਉਹਨਾਂ ਨੇ ਕਰੜੇ ਹੱਥੀ ਲਿਆ ਅਤੇ ਪੁੱਛੇ ਗਏ ਸਵਾਲਾਂ ਦੇ ਜਵਾਬ ਵੀ ਵਿਸਥਾਰ ਪੂਰਵਕ ਢੰਗ ਨਾਲ ਦਿੱਤੇ। ਕੈਲਗਰੀ ਵਿੱਚ ਦੂਸਰੀਆਂ ਸੁਸਾਇਟੀਆਂ, ਜਿਨਾਂ ਵਿੱਚ ਇੰਡੀਅਨ ਐਕਸ ਸਰਵਿਸ ਇਮੀਗਰਾਂਟ ਐਸੋਸੀਏਸ਼ਨ, ਸ਼ਬਦ ਸਾਂਝ, ਇੰਕਾ, ਅਰਪਣ ਲਿਖਾਰੀ ਸਭਾ, ਪ੍ਰਵਾਸੀ ਗਲੋਬਲ ਸੁਸਾਇਟੀ ਦੇ ਮੈਂਬਰਾਂ ਨੇ ਵੱਡੀ ਗਿਣਤੀ ਵਿੱਚ ਹਿੱਸਾ ਲਿਆ। ਰਾਜਨੀਤਿਕ ਸ਼ਖਸੀਅਤਾਂ ਵਿੱਚੋਂ ਵਾਰਡ 5 ਤੋਂ ਕੌਂਸਲਰ ਰਾਜ ਧਾਲੀਵਾਲ, ਐਮ ਐਲ ਏ ਇਰਫਾਨ ਸਾਬਿਰ,ਐਮ ਐਲ ਏ ਗੁਰਿੰਦਰ ਬਰਾੜ, ਬਲਵਿੰਦਰ ਕੌਰ ਬਰਾੜ, ਅਤੇ ਗੁਰਚਰਨ ਕੌਰ ਥਿੰਦ ਨੇ ਆਪੋ ਆਪਣੇ ਢੰਗ ਨਾਲ ਸਾਡੇ ਤਿਉਹਾਰਾਂ ਬਾਰੇ ਹਾਜ਼ਰੀਨ ਨਾਲ ਸਾਂਝ ਪਾਈ। ਰੇਡੀਓ ਰੈਡ ਐਫ ਐਮ ਕੈਲਗਰੀ ਹੋਸਟ ਰਿਸ਼ੀ ਨਾਗਰ ਨੇ ਕਿਹਾ ਕਿ ਸਾਡੇ ਭਾਈਚਾਰੇ ਨੂੰ ਸੰਭਾਲਣ ਦੀ ਲੋੜ ਹੈ, ਸਾਨੂੰ ਗੁਰੂ ਨਾਨਕ ਸਾਹਿਬ ਦੀ ਵਿਚਾਰਧਾਰਾ ਨੂੰ ਅਪਣਾਉਣਾ ਚਾਹੀਦਾ ਹੈ। ਸਾਡੇ ਦੁੱਖ ਸੁੱਖ ਅਤੇ ਰੀਤੀ ਰਿਵਾਜ ਸਾਂਝੇ ਹਨ ਇਸ ਲਈ ਭਾਈਚਾਰੇ ਦੇ ਆਪਸੀ ਮੇਲ ਮਿਲਾਪ ਨੂੰ ਵਧਾਉਣ ਦੀ ਲੋੜ ਹੈ। ਡਾਕਟਰ ਜੋਗਾ ਸਿੰਘ, ਜਰਨੈਲ ਤੱਗੜ, ਸੁਖਵਿੰਦਰ ਸਿੰਘ ਤੂਰ, ਡਾਕਟਰ ਹਰਿੰਦਰ ਸਿੰਘ, ਗੁਰਦੀਸ਼ ਕੌਰ ਗਰੇਵਾਲ, ਪ੍ਰੀਤਮ ਸਿੰਘ, ਤਾਰਾ ਸਿੰਘ ਬਰਾੜ, ਗੁਰਤੇਜ ਕੌਰ ਸਿੱਧੂ ਨੇ ਕਵਿਤਾਵਾਂ ਬੋਲੀਆਂ ।ਕਰਵਾ ਚੌਥ ਦੇ ਵਰਤ ਦੀ ਕਹਾਣੀ ਨੂੰ ਮਿੰਨੀ ਨਾਟਕ ਦੇ ਰੂਪ ਵਿੱਚ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕੀਤਾ ਗਿਆ। ਛੇ ਸਾਲ ਦੀ ਬੱਚੀ ਤਮੰਨਾ ਨੇ ਗਾਣੇ ਉੱਪਰ ਡਾਂਸ ਕੀਤਾ ਜੋ ਕਿ ਉਸ ਦੀ ਉਮਰ ਅਨੁਸਾਰ ਪ੍ਰਭਾਵਸ਼ਾਲੀ ਸੀ ।ਜੇਕਰ ਇੱਥੇ ਮਾਸਟਰ ਬਚਿੱਤਰ ਗਿੱਲ ਦੀ ਕਵੀਸ਼ਰੀ ਦਾ ਜ਼ਿਕਰ ਨਾ ਕਰੀਏ ਤਾਂ ਪ੍ਰੋਗਰਾਮ ਅਧੂਰਾ ਹੀ ਜਾਪੇਗਾ ਭਾਵੇਂ ਕਵੀਸ਼ਰੀ ਕਾਫੀ ਲੰਬੀ ਸੀ ਜਿਸ ਵਿੱਚ ਪੰਜਾਬ ਦੇ ਪਿੰਡਾਂ ਦੀ ਵਿਲੱਖਣਤਾ ਨੂੰ ਲੜੀ ਵਿੱਚ ਪਰੋਇਆ ਸੀ ਪਰ ਉਹਨਾਂ ਨੇ ਲੜੀ ਟੁੱਟਣ ਨਹੀਂ ਦਿੱਤੀ। ਗੁਰਤੇਜ ਕੌਰ ਸਿੱਧੂ ਦੀ ਟੀਮ ਨੇ ਗਿੱਧੇ ਦੀ ਟੀਮ ਨੇ ਬਾਕਮਾਲ ਰੰਗ ਬੰਨਿਆ। ਹਰਦੀਪ ਸਿੰਘ ਸਿੱਧੂ ਨੇ ਸਾਰੇ ਆਏ ਹੋਇਆਂ ਦਾ ਧੰਨਵਾਦ ਕੀਤਾ। ਚਾਹ ਪਾਣੀ ਅਤੇ ਸਾਮ ਦੇ ਡਿੱਨਰ ਵਰਤਾਉਣ ਦੀ ਸੇਵਾ ਜਸਵੰਤ ਸਿੰਘ ਹੀਰ, ਰਵਿੰਦਰ ਪਾਲ ਸਿੰਘ ਚਾਹਲ, ਕੁਲਦੀਪ ਸਿੰਘ ਗਿੱਲ, ਮਹਿੰਦਰ ਸਿੰਘ ਸੰਧੂ, ਜਗਜੀਤ ਸਿੰਘ ਸੋਹੀ, ਜਸਵੰਤ ਸਿੰਘ ਸਿੱਧੂ, ਨਿਰਮਲ ਸਿੰਘ ਕੱਲ੍ਹਾ, ਦਲਵੀਰ ਕੌਰ ਕੰਗ ਅਤੇ ਮਨਜੀਤ ਸਿੰਘ ਚਾਹਲ ਨੇ ਬਾਖੂਬੀ ਨਿਭਾਈ। ਸਟੇਜ ਦਾ ਬਾਕਮਾਲ ਸੰਚਾਲਨ ਸ: ਗੁਰਮੇਲ ਸਿੰਘ ਸੰਧੂ ਨੇ ਕੀਤਾ।










## ਸੰਪਾਦਕੀ



**ਸੰਵਾਦ ਨਾਲ ਯਕੀਨ ਬੱਝਦਾ ਹੈ।**
**-ਸੈੱਥ ਗੋਡਿਨ**

# ਇਤਿਹਾਸਕ ਫੈਸਲਿਆਂ ਦਾ ਦਿਨ

2 ਦਸੰਬਰ 2024 ਦਾ ਦਿਨ ਇੱਕ ਨਵਾਂ ਇਤਿਹਾਸ ਬਣ ਗਿਆ ਜਦੋਂ ਸਿੰਘ ਸਾਹਿਬਾਨ ਨੇ ਅਕਾਲੀ ਲੀਡਰਸ਼ਿਪ ਖਾਸ ਕਰਕੇ ਸੁਖਬੀਰ ਸਿੰਘ ਬਾਦਲ, ਸੁਖਦੇਵ ਸਿੰਘ ਢੀਂਡਸਾ ਅਤੇ ਹੋਰ ਆਗੂਆਂ ਨੂੰ ਤਨਖਾਹੀਆ ਕਰਾਰ ਦਿੱਤਾ। ਇਹ ਫੈਸਲਾ ਇਸ ਲਈ ਅਹਿਮ ਹੈ ਕਿਉਂਕਿ ਜਥੇਦਾਰ ਫੂਲਾ ਸਿੰਘ ਤੋਂ ਬਾਅਦ ਬਰਨਾਲਾ ਸਰਕਾਰ ਵੇਲੇ ਉਸ ਵੇਲੇ ਦੇ ਜਥੇਦਾਰ ਪ੍ਰੋ: ਦਰਸਨ ਸਿੰਘ ਨੇ ਮੌਕੇ ਦੇ ਮੁੱਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਨੂੰ ਥਮਲੇ ਨਾਲ ਬੰਨਕੇ ਸਜਾ ਸੁਣਾਈ ਸੀ ਪਰ ਉਸ ਘਟਨਾ ਤੋਂ ਬਾਦ ਸ੍ਰੀ ਅਕਾਲ ਤਖਤ ਸਾਹਿਬ ਦੀ ਮਾਣ ਮਰਿਆਦਾ ਉੱਪਰ ਮੌਕੇ ਦੀਆਂ ਸਰਕਾਰਾਂ ਦਾ ਰਾਜਨੀਤਕ ਪ੍ਰਭਾਵ ਉਸਦੇ ਅਕਸ ਨੂੰ ਪ੍ਰਭਾਵਿਤ ਕਰਦਾ ਰਿਹਾ। ਪਰ 2 ਦਸੰਬਰ 2024 ਦਾ ਦਿਨ ਅਜਿਹੇ ਮਘਦੇ ਸੂਰਜ ਦੀ ਲਾਲੀ ਨਾਲ ਚੜ੍ਹਿਆ ਕਿ ਸ੍ਰੀ ਅਕਾਲ ਤਖਤ ਸਾਹਿਬ ਦੀ ਫਸੀਲ ਉਪਰੋਂ ਹੋਏ ਫੁਰਮਾਨਾਂ ਦੌਰਾਨ ਸੁਖਬੀਰ ਬਾਦਲ ਸਮੇਤ ਹੋਰਨਾਂ ਅਕਾਲੀ ਲੀਡਰਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਅੱਗੇ ਨਾ ਸਿਰਫ਼ ਆਪਣੇ ਗੁਨਾਹਾਂ ਦਾ ਇਕਬਾਲ ਕੀਤਾ ਸਗੋਂ ਉਹਨਾਂ ਨੂੰ ਅਜਿਹੀਆਂ ਮਿਸਾਲੀ ਸਜ਼ਾਵਾਂ ਵੀ ਮਿਲੀਆਂ, ਜਿਨ੍ਹਾਂ ਦੀ ਸਿਫ਼ਤ ਸਿਰਫ਼ ਪੰਜਾਬ ਤੱਕ ਹੀ ਸੀਮਤ ਜਾਂ ਭਾਰਤ ਨੇ ਨਹੀਂ, ਸਗੋਂ ਦੁਨੀਆਂ ਭਰ ਵਿੱਚ ਵਸਦੇ ਸਿੱਖਾਂ ਅਤੇ ਹੋਰ ਧਰਮਾਂ ਦੇ ਲੋਕਾਂ ਨੇ ਕੀਤੀ ਹੈ। ਇਹ ਫੈਸਲੇ ਆਉਣ ਵਾਲੀਆਂ ਪੀੜੀਆਂ ਲਈ ਚਾਨਣ ਮੁਨਾਰਾ ਬਣਨਗੇ। ਸਿੱਖ ਕੌਮ ਵਿੱਚ ਮੀਰੀ ਪੀਰੀ ਦੇ ਸਿਧਾਂਤ ਦੀ ਬਹੁਤ ਮਹੱਤਤਾ ਹੈ। ਮੀਰੀ ਭਾਵ ਰਾਜਨੀਤੀ ਨੇ ਮਨੁੱਖ ਨੂੰ ਹਮੇਸ਼ਾ ਦੂਜਿਆਂ 'ਤੇ ਰਾਜ ਕਰਨ ਦੀ ਹਿੰਮਤ ਦਿੱਤੀ ਹੈ। ਇਸੇ ਹੌਸਲੇ ਸਦਕਾ ਅੱਜ ਜੇਕਰ ਕੋਈ ਸਰਪੰਚ ਹੈ ਤਾਂ ਕੱਲ੍ਹ ਨੂੰ ਉਹ ਵਿਧਾਇਕ ਬਣਨਾ ਚਾਹੁੰਦਾ ਹੈ। ਜੇ ਅੱਜ ਉਹ ਵਿਧਾਇਕ ਹੈ ਤਾਂ ਕੱਲ੍ਹ ਨੂੰ ਮੰਤਰੀ ਬਣਨਾ ਚਾਹੁੰਦਾ ਹੈ ਤੇ ਮੰਤਰੀ ਮੁੱਖ ਮੰਤਰੀ ਬਣਨਾ ਚਾਹੁੰਦਾ ਹੈ। ਇਸ ਅਮਲ ਵਿੱਚ ਦਿਖਾਵਾ ਲੋਕ ਸੇਵਾ ਦਾ ਹੁੰਦਾ ਹੈ ਅਤੇ ਜਾਇਦਾਦਾਂ ਆਪਣੇ ਪਰਿਵਾਰਾਂ ਦੀਆਂ ਬਣੀਆਂ ਹੁੰਦੀਆਂ ਹਨ। ਇਸ ਲਈ ਸੱਤਾ ਵਿੱਚ ਬਣੇ ਰਹਿਣ ਲਈ ਸਿਆਸੀ ਆਗੂ ਹਰ ਗਲਤ ਰਣਨੀਤੀ ਅਪਣਾਉਂਦੇ ਹਨ। ਇਸ ਸਬੰਧ ਵਿੱਚ ਕੋਈ ਉਦਾਹਰਣ ਦੇਣ ਦੀ ਲੋੜ ਨਹੀਂ ਹੈ ਜਦਕਿ ਦੂਜੇ ਪਾਸੇ ਧਰਮ ਭਾਵ ਪਿਆਰ ਮਨੁੱਖ ਨੂੰ ਆਪਣਾ ਗੁਲਾਮ ਬਣਾਉਣ ਲਈ ਪ੍ਰੇਰਿਤ ਕਰਦਾ ਹੈ। ਇਸੇ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਆਵਾਜ਼ ਆਈ ਕਿ ਸੁਖਬੀਰ ਬਾਦਲ ਅਤੇ ਉਸਦੇ ਸਾਥੀਆਂ ਦਾ ਸਮੂਹ ਨਿਮਾਣਾ ਸਿੱਖ ਬਣ ਕੇ ਪੇਸ਼ ਹੋ ਜਾਵੇ। ਫਿਰ ਵੀ ਕਈ ਆਗੂਆਂ ਨੇ ਤਰ੍ਹਾਂ-ਤਰ੍ਹਾਂ ਦੇ ਹੱਥਕੰਡੇ ਅਪਣਾ ਕੇ ਸਥਿੱਤੀ ਨੂੰ ਕਾਬੂ ਕਰਨ ਦੀ ਕੋਸ਼ਿਸ਼ ਕੀਤੀ। ਪਰ ਜਦੋਂ ਅਕਾਲ ਤਖਤ ਸਾਹਿਬ ਦੀ ਅਦਾਲਤ ਦਾ ਫੈਸਲਾ ਆਇਆ ਤਾਂ ਇਨ੍ਹਾਂ ਸਿਆਸਤਦਾਨਾਂ ਕੋਲ ਆਪਣਾ ਜੁਰਮ ਕਬੂਲ ਕਰਨ ਤੋਂ ਇਲਾਵਾ ਹੋਰ ਕੋਈ ਚਾਰਾ ਨਹੀਂ ਬਚਿਆ ਸੀ। ਉਸ ਨੇ ਹਾਂ ਕਹਿ ਕੇ ਹਰ ਪਾਪ ਦਾ ਇਕਬਾਲ ਕੀਤਾ। ਇਨ੍ਹਾਂ ਸਾਰੀਆਂ ਇਤਿਹਾਸਕ ਘਟਨਾਵਾਂ ਨੇ ਸਾਡੇ ਸਿੱਖ ਸਿਆਸੀ ਆਗੂਆਂ ਦੇ ਦੋਗਲੇ ਕਿਰਦਾਰ ਨੂੰ ਲੋਕਾਂ ਸਾਹਮਣੇ ਨੰਗਾ ਕਰ ਦਿੱਤਾ ਹੈ। ਇਸ ਮੌਕੇ ਅਪਰਾਧੀ ਸਾਬਿਤ ਹੋਣ ਵਾਲੇ ਛੋਟੇ-ਵੱਡੇ ਨੇਤਾਵਾਂ ਨੂੰ ਤਨਖਾਹਾਂ ਵੀ ਲਗਾਈਆਂ ਗਈਆਂ, ਜਿਸ ਨਾਲ ਨਾ ਸਿਰਫ ਸਿੱਖ ਸਿਆਸਤਦਾਨਾਂ ਨੂੰ ਸਬਕ ਮਿਲਿਆ ਸਗੋਂ ਹੋਰ ਸਿਆਸਤਦਾਨਾਂ ਨੂੰ ਵੀ ਧਰਮ ਅਤੇ ਰਾਜਨੀਤੀ ਦੇ ਅਸਲ ਰਿਸ਼ਤੇ ਬਾਰੇ ਪਤਾ ਲੱਗਾ। ਇਨ੍ਹਾਂ ਫੈਸਲਿਆਂ ਨੇ ਸਿੱਖ ਜਗਤ ਦੀਆਂ ਅੱਖਾਂ ਵੀ ਖੋਲ੍ਹ ਦਿੱਤੀਆਂ ਕਿ ਜਦੋਂ ਆਗੂ ਸੱਤਾ ਵਿੱਚ ਹੁੰਦੇ ਹਨ ਤਾਂ ਉਹ ਅਹਿਮ ਸੰਸਥਾਵਾਂ ਨੂੰ ਤਬਾਹ ਕਰ ਦਿੰਦੇ ਹਨ। ਸਿਆਸੀ ਲਾਹਾ ਲੈਣ ਲਈ ਉਹ ਉਨ੍ਹਾਂ ਲੋਕਾਂ ਨੂੰ ਵੀ ਇੱਜ਼ਤ ਦਿੰਦੇ ਹਨ ਜੋ ਸਿੱਖਾਂ ਦੇ ਦੁਸ਼ਮਣ ਹਨ ਜਾਂ ਜੋ ਸਿੱਖਾਂ ਨੂੰ ਤਬਾਹ ਕਰਨਾ ਚਾਹੁੰਦੇ ਹਨ। ਹੁਣ ਇਨ੍ਹਾਂ ਆਗੂਆਂ ਨੂੰ ਇਸ ਦਾ ਨਤੀਜਾ ਭੁਗਤਣਾ ਪੈ ਰਿਹਾ ਹੈ। ਕਈ ਲੋਕਾਂ ਨੂੰ ਚੰਗੇ ਕੰਮਾਂ ਲਈ ਮਰਨ ਤੋਂ ਬਾਅਦ ਇਨਾਮ ਦਿੱਤੇ ਜਾਂਦੇ ਹਨ ਪਰ ਸ਼ਾਇਦ ਇਹ ਸਿੱਖ ਇਤਿਹਾਸ ਵਿੱਚ ਪਹਿਲੀ ਵਾਰ ਹੋਇਆ ਹੈ ਕਿ ਮਾੜੇ ਕੰਮਾਂ ਕਾਰਨ ਮੌਤ ਤੋਂ ਪਹਿਲਾਂ ਦਿੱਤਾ ਗਿਆ ਖਿਤਾਬ ਵਾਪਸ ਲੈ ਲਿਆ ਗਿਆ ਹੋਵੇ। ਅਕਾਲ ਤਖ਼ਤ ਸਾਹਿਬ ਵੱਲੋਂ ਲਗਾਈ ਗਈ ਧਾਰਮਿਕ ਸਜ਼ਾ ਦੇ ਨਾਲ-ਨਾਲ ਸਿਆਸੀ ਤਨਖ਼ਾਹ ਵੀ ਲਗਾਈ ਗਈ ਤੇ ਨਿਰਦੇਸ਼ ਦਿੱਤੇ ਕਿ ਬਾਗ਼ੀ ਤੇ ਦਾਗੀ ਸਾਰੇ ਆਪਣਾ ਚੁੱਲ੍ਹਾ ਸਮੇਟਣ ਅਤੇ ਅਕਾਲੀ ਦਲ ਨੂੰ ਇੱਕਜੁੱਟ ਕਰਨ। ਅਕਾਲੀ ਦਲ ਸਿੱਖਾਂ ਦੀ ਨੁਮਾਇੰਦਾ ਜਮਾਤ ਰਹੀ ਹੈ, ਇਸ ਦਾ ਖ਼ਤਮ ਹੋਣਾ ਪੰਜਾਬ ਲਈ ਬਹੁਤ ਜ਼ਿਆਦਾ ਨੁਕਸਾਨਦੇਹ ਹੈ। ਇਸ ਲਈ ਆਸ ਕੀਤੀ ਜਾ ਸਕਦੀ ਹੈ ਕਿ ਹੁਣ ਅਕਾਲੀ ਦਲ ਨਵੀਂ ਤਾਕਤ ਨਾਲ ਸਾਹਮਣੇ ਆਵੇਗਾ ਤੇ ਸਿੱਖਾਂ ਦੇ ਹਿੱਤਾਂ ਦੀ ਰਾਖੀ ਕਰੇਗਾ। ਕੁੱਲ ਮਿਲਾ ਕੇ ਇਹ ਕਿਹਾ ਜਾ ਸਕਦਾ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਸਿੱਖ ਸਿਆਸਤ ਨੂੰ ਧਾਰਮਿਕ, ਸਿਆਸੀ ਤੇ ਸਮਾਜਿਕ ਤੌਰ ਉੱਤੇ ਇੱਕ ਨਵੀਂ ਸੇਧ ਦਿੱਤੀ ਹੈ।

ਬਲਜੀਤ ਸਿੰਘ

403 640 2000
punjabiakhbaar@gmail.com

This disclaimer informs the readers of 'the Punjabi Akhbaar' that the views, thoughts, and opinions expressed in the texts belong solely to their authors, and not necessarily to the author's employer, organization, committee or other group or individual, and the Editor and Publisher of this Newspaper. The concerned companies that advertise in this News Paper are responsible for the content, information, price, warranty, guaranty, quality etc. and not 'the Punjabi Akhbaar'. The Editor reserves the right to edit or not the articles, reports and/or news published herein.
-Editor

ਨੋਟ: ''ਪੰਜਾਬੀ ਅਖ਼ਬਾਰ'' ਵਿਚ ਛਪਣ ਵਾਲੀ ਸਮੱਗਰੀ ਵਿਚਲੇ ਵਿਚਾਰ ਉਹਨਾਂ ਦੇ ਲੇਖਕਾਂ ਦੇ ਹੀ ਸਮਝੇ ਜਾਣ , ਸੰਪਾਦਕ ਜਾਂ ਪਬਲਿਸ਼ਰ ਦਾ ਉਹਨਾਂ ਨਾਲ ਸਹਿਮਤ ਜਾਂ ਅਸਹਿਮਤ ਹੋਣਾ ਕੋਈ ਜ਼ਰੂਰੀ ਨਹੀਂ। ''ਪੰਜਾਬੀ ਅਖ਼ਬਾਰ'' ਵਿੱਚ ਛਪਦੇ ਇਸ਼ਤਿਹਾਰਾਂ ਸਬੰਧੀ , ਸਬੰਧਤ ਚੀਜ਼ਾਂ ਪ੍ਰਤੀ ਜਾਣਕਾਰੀ, ਕੀਮਤ, ਵਾਰੰਟੀ,ਕੁਆਲਿਟੀ, ਸਬੰਧੀ ਇਸ਼ਤਿਹਾਰ ਦੇਣ ਵਾਲੀ ਕੰਪਨੀ ਹੀ ਜ਼ਿੰਮੇਵਾਰ ਹੈ। 'ਪੰਜਾਬੀ ਅਖ਼ਬਾਰ' ਨੂੰ ਭੇਜੀ ਗਈ ਹਰ ਰਚਨਾ, ਰਿਪੋਰਟ, ਜਾਂ ਖ਼ਬਰ ਨੂੰ ਪ੍ਰਕਾਸ਼ਿਤ ਕਰਨ ਤੋਂ ਪਹਿਲਾਂ ਅਡਿਟ ਜਾਂ ਨਾ ਅਡਿਟ ਕਰਨ ਦਾ ਪੂਰਾ ਅਧਿਕਾਰ ਹੈ।
- ਸੰਪਾਦਕ

# ਸਿੱਖੀ ਨੂੰ ਸਿਉਂਕ ਬਣਕੇ ਚਿੰਬੜਿਆ ਪੰਜਾਬ 'ਚ ਡੇਰਾਵਾਦ



ਗੁਰਨੈਬ ਸਾਜਨ
ਦਿਉਣ ਬਠਿੰਡਾ
98889-55757

ਗੁਰਬਾਣੀ ਸਾਨੂੰ ਜਿੰਦਗੀ ਜਿਉਣ ਦੀ ਜਾਚ ਸਿਖਾਉਂਦੀ ਐ,ਪਾਵਨ ਗੁਰਬਾਣੀ ਚ ਗੁਰੂ ਸਾਹਿਬਾਨਾਂ, ਭਗਤਾਂ ਵੱਲੋਂ ਰਚੇ ਕੱਲੇ ਕੱਲੇ ਸ਼ਬਦ ਨੂੰ ਪੜ੍ਹਕੇ ਜੇਕਰ ਉਸਦੇ ਅਰਥ ਕਰਦੇ ਹੋ ਤਾਂ ਅਸੀਂ ਮੋਹ ਮਾਇਆ ਤੋਂ ਦੂਰ ਹੋਕੇ ਉਸ ਅਕਾਲ ਪੁਰਖ ਵਾਹਿਗੁਰੂ ਨਾਲ ਜੁੜ ਸਕਦੇ ਹਾਂ।ਪਰ ਅਫਸੋਸ ਅੱਜ ਦਾ ਮਨੁੱਖ ਪੈਸਾ ਕਮਾਉਣ ਐਸ ਆਰਾਮ ਦੀ ਜ਼ਿੰਦਗੀ ਜਿਉਣ ਦੀ ਅੰਨ੍ਹੀ ਦੌੜ ਵਿਚ ਭੱਜਿਆ ਉਸ ਆਕਾਲ ਪੁਰਖ ਨੂੰ ਤਾਂ ਕੀ ਆਪਣੇ ਆਪ ਨੂੰ ਵੀ ਭੁੱਲ ਚੁੱਕਾ ਹੈ । ਅਸੀਂ ਸ਼ਬਦ ਗੁਰੂ ਨੂੰ ਗੁਰੂ ਘਰਾਂ ਚ ਜਾਕੇ ਮੱਥਾ ਟੇਕ ਕੇ ਮੰਨਦੇ ਤਾਂ ਹਾਂ,ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਨਹੀਂ ਮੰਨਦੇ।ਵਿਖਾਵੇ ਜ਼ਿਆਦਾ ਕਰਦੇ ਹਾਂ ਕਿ ਅਸੀਂ ਗੁਰੂ ਘਰਾਂ ਨੂੰ ਹਜ਼ਾਰਾਂ, ਲੱਖਾਂ ਦਾ ਦਾਨ ਦੇਤਾ,ਜਦੋਂ ਮਨੁੱਖ ਸੱਚੀ ਸੁੱਚੀ ਭਾਵਨਾ ਲੈ ਕੇ ਉਹਦੇ ਦਰ ਆ ਗਿਆ ਉਹਦੇ ਹੱਥ ਮੱਥਾ ਟੇਕਣ ਵੇਲੇ ਪੈਸਾ ਹੈ ਜਾਂ ਨਹੀਂ।ਇਸ ਗੱਲ ਦਾ ਕੋਈ ਫ਼ਰਕ ਨਹੀਂ ਪੈਂਦਾ। ਅਸੀਂ ਉਸ ਸੱਚੇ ਦਰ ਦੇ ਮੰਗਤੇ ਆਂ,ਕੋਈ ਦੁੱਧ ਮੰਗਦਾ ਕੋਈ ਪੁੱਤ, ਕੋਈ ਮਹਿਲ ਮਾੜੀਆਂ ਤੇ ਮਹਿੰਗੀਆਂ ਗੱਡੀਆਂ, ਇਹ ਨਹੀਂ ਕਿ ਜੀਹਨੇ ਵੱਧ ਪੈਸਿਆਂ ਦਾ ਮੱਥਾ ਟੇਕਿਆ ਰੱਬ ਉਹਦਾ ਹੋਜੂ, ਸ਼ਰਧਾ ਭਾਵਨਾ ਵਾਲੇ ਦਾ ਨਹੀਂ।ਰੱਬ ਸਭਦਾ ਸੱਚੇ ਦਰ ਤੇ ਧਨ ਪਦਾਰਥ ਮੰਗਣ ਨਾਲੋਂ ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ ਮੰਗਿਆ ਕਰੋ। ਫੇਰ ਉਸ ਦਰ ਨੇ ਥੋੜੇ ਕੋਲ ਘਾਟ ਹੀ ਨਹੀਂ ਕੋਈ ਛੱਡਣੀ। ਸਾਨੂੰ ਸੱਚੇ ਦਰ ਜਾਕੇ ਮੰਗਣਾ ਹੀ ਨਹੀਂ ਆਇਆ ਕਦੇ ਨਾਂ ਸਾਨੂੰ ਆਪਣੀ ਅਰਦਾਸ ਕਰਨੀ ਆਈ ਐ।ਚਲੋ ਛੱਡੋ ਇਹ ਸਭ ਗੱਲਾਂ , ਅੱਜ ਦਾ ਵਿਸ਼ਾ ਸਿੱਖੀ ਦਾ ਪ੍ਰਚਾਰ ਕਰਨ ਵਾਲੇ ਡੇਰਿਆਂ ਚ ਬੈਠੇ ਸੰਗਤਾਂ ਦੀ ਦਸਾਂ ਨਹੁੰਆਂ ਦੀ ਸੱਚੀ ਸੁੱਚੀ ਕਿਰਤ ਦੀ ਲੁੱਟ ਕਰਨ ਵਾਲੇ ਵੱਡੀਆਂ ਗੋਗੜਾਂ ਵਾਲੇ ਸਾਧਾਂ ਬਾਰੇ ਹੈ, ਜੋ ਬ੍ਰਹਮ ਗਿਆਨੀ ਅਖਵਾਕੇ ਨਾਨਕ ਪਾਤਸ਼ਾਹ ਦੇ ਦਰ ਨੂੰ ਬਦਨਾਮ ਕਰ ਰਹੇ ਨੇ ਅੱਯਾਸ਼ੀਆਂ ਕਰਕੇ। ਪਿਛਲੇ ਸਾਲਾਂ, ਮਹੀਨਿਆਂ, ਦਿਨਾਂ ਤੋਂ ਪੰਜਾਬ ਦੇ ਕਈ ਡੇਰਿਆਂ ਦੇ ਸਾਧ ਅਖਬਾਰਾਂ, ਚੈਨਲਾਂ, ਸੋਸ਼ਲ ਮੀਡੀਆ ਤੇ ਚਰਚਾ ਦਾ ਵਿਸ਼ਾ ਬਣੇ ਹੋਏ ਨੇ। ਜਿੰਨਾਂ ਨੂੰ ਦੇਖ ਕੇ ਸਿਰ ਸ਼ਰਮ ਨਾਲ ਝੁਕ ਜਾਂਦਾ ਹੈ। ਧਾਰਮਿਕ ਸਥਾਨਾਂ ਨੂੰ ਆਪਣੀ ਆਸਥਾ ਦਾ ਕੇਂਦਰ ਬਣਾ ਕੇ ਪੂਜਦੇ ਹਾਂ। ਉੱਥੇ ਬੈਠਕੇ ਸੰਗਤਾਂ ਨੂੰ ਸਵਰਗ ਦਾ ਰਾਹ ਦਿਖਾਉਣ ਵਾਲੇ ਜੇਕਰ ਉੱਥੇ ਬੈਠ ਕੇ ਅੱਯਾਸ਼ੀਆਂ ਕਰਨਗੇ ਫੇਰ ਦੱਸੋ ਕੀਹਤੇ ਵਿਸ਼ਵਾਸ ਕੀਤਾ ਜਾਵੇ। ਜਗਰਾਓਂ ਨੇੜਲਾ ਬੜਾ ਚਰਚਿਤ ਡੇਰਾ ਜਿਸਨੂੰ ਭਗਤੀ ਤੇ ਸ਼ਕਤੀ ਰਾਹੀਂ ਸਿਫਤੀ ਦਾ ਘਰ ਦਰਸਾਇਆ ਗਿਆ ਹੈ, ਜਿੱਥੇ ਇਸ ਡੇਰੇ ਦੀਆਂ ਪੰਜਾਬ ਹੀ ਨਹੀਂ ਬਲਕਿ ਪੂਰੇ ਭਾਰਤ ਤੋਂ ਇਲਾਵਾ ਵਿਦੇਸ਼ਾਂ ਵਿੱਚ ਵੀ ਠਾਠਾਂ ਹਨ।ਠਾਠ ਦਾ ਮਤਲਬ ਨਾਨਕ ਪਾਤਸ਼ਾਹ ਦਾ ਦਰ ਨਹੀਂ ਬਲਕਿ ਰਾਜਿਆਂ ਮਹਾਰਾਜਿਆਂ ਵਰਗੀ ਠਾਠ ਬਾਠ ਦੀ ਸ਼ਾਹੀ ਜ਼ਿੰਦਗੀ ਜਿਉਣ ਤੋਂ ਹੈ,ਜਦੋਂ ਕਿ ਇਹ ਵਿਹਲੜ ਪਾਖੰਡੀ ਸਾਧ ਭੋਲੀਆਂ ਭਾਲੀਆਂ ਸੰਗਤਾਂ ਤੋਂ ਸੇਵਾ ਕਰਵਾਕੇ ਐਸ਼ੋ ਇਸ਼ਰਤ ਦੀ ਜ਼ਿੰਦਗੀ ਜੀਅ ਰਹੇ ਸਿੱਖ ਸੰਗਤਾਂ ਦੀਆਂ ਭਾਵਨਾਵਾਂ ਨਾਲ ਖੇਡ ਰਹੇ ਹਨ। ਇਹਨਾਂ ਡੇਰੇ ਵਾਲਿਆਂ ਨੇ ਨਾਨਕ ਪਾਤਸ਼ਾਹ ਦੀਆਂ ਵੱਡ ਆਕਾਰੀ ਤਸਵੀਰ ਚ ਹੱਥ ਕਿਤੇ ਮਾਲਾ ਫੜਾਈ, ਕਿਤੇ ਭਗਵੇਂ ਜਾਂ ਚਿੱਟੇ ਕੱਪੜੇ ਪਹਿਨਾਏ ਗਏ ਤੇ ਕਿਤੇ ਮਖਮਲੀ ਸੇਜਾਂ ਤੇ ਬੈਠਾ , ਵੱਡੇ ਢਿੱਡ ਵਾਲਾ ਦਰਸਾਇਆ ਗਿਆ। ਇਹਨਾਂ ਡੇਰਿਆਂ ਤੇ ਨਾਨਕ ਪਾਤਸ਼ਾਹ ਦੀ ਕਿਤੇ ਵੀ ਇਹ ਤਸਵੀਰ ਨਹੀਂ ਲੱਗੀ ਜਿਸ ਵਿੱਚ ਉਹ ਹੱਥੀਂ ਬਲਦਾਂ ਨਾਲ ਖੇਤੀ ਕਰਦਾ ਦਿਖਾਈ ਦਿੰਦਾ ਹੋਵੇ, ਕਿਉਂਕਿ ਇਹਨਾਂ ਵਿਹਲੜਾਂ ਸਾਧਾਂ ਨੂੰ ਪਤਾ ਹੈ ਕਿ ਜੇਕਰ ਨਾਨਕ ਪਾਤਸ਼ਾਹ ਨੂੰ ਕਿਰਤ ਕਰੋ, ਨਾਮ ਜਪੋ ਅਤੇ ਵੰਡ ਛਕੋ ਵਾਂਗ ਦਰਸਾਇਆ ਗਿਆ ਤਾਂ ਸਾਡਾ ਤੋਰੀ ਫੁਲਕਾ ਸੰਗਤਾਂ ਦੇ ਸਿਰਾਂ ਤੋਂ ਨਹੀ ਚੱਲਣਾ। ਇਨਾਂ ਡੇਰਿਆਂ ਉੱਪਰ ਨਾਨਕ ਪਾਤਸ਼ਾਹ ਦੀ ਤਸਵੀਰ ਵੀ ਉਹ ਲੱਗੀ ਹੈ ਜੋ ਕਿ ਉਨਾਂ ਨੂੰ ਨਾਨਕ ਦਰਸਾਉਂਦੀ ਹੀ ਨਹੀਂ, ਵੈਸੇ ਵੀ ਨਾਨਕ ਪਾਤਸ਼ਾਹ ਨੇ ਮੂਰਤੀ ਪੂਜਾ ਦਾ ਵਿਰੋਧ ਕੀਤਾ ਸੀ, ਪਰ ਅਸੀਂ ਡੇਰਿਆ ਗੁਰਦੁਆਰਿਆਂ ਵਿੱਚ ਗੁਰੂ ਸਾਹਿਬਾਨਾਂ ਦੀਆਂ ਤਸਵੀਰਾਂ ਅੱਗੇ ਧੂਫ ਧੂਖਾ ਕੇ ਉਹਨਾਂ ਦੀ ਪੂਜਾ ਕਰਦੇ ਆ ਰਹੇ ਹਾਂ।ਐਸੀਆ ਤਸਵੀਰਾਂ ਇਹਨਾਂ ਵਿਹਲੜ ਸਾਧਾਂ ਦੇ ਦਿਮਾਗ ਦੀ ਪੈਦਾਇਸ਼ ਹੈ।ਵਿਹਲੜ ਸਾਧ ਇਹਨਾਂ ਤਸਵੀਰਾਂ ਨੂੰ ਆਧਾਰ ਬਣਾ ਕੇ ਸੰਗਤਾਂ ਪਾਸੋਂ ਉਨਾਂ ਤਸਵੀਰਾਂ ਦੇ ਬਰਾਬਰ ਆਪਣੀਆਂ ਤਸਵੀਰਾਂ ਲਗਾ ਕੇ ਆਪਣੀ ਪੂਜਾ ਕਰਵਾ ਰਹੇ ਹਨ ਧਰਮ ਦੇ ਨਾਂ ਤੇ ਉਹਨਾਂ ਦਾ ਧੰਦਾ ਪੂਰਾ ਜੋਬਨ ਤੇ ਚੱਲ ਰਿਹਾ ਹਨ ਅਤੇ ਸੰਗਤਾਂ ਨੂੰ ਆਪਣਾ ਹੀ ਨਾਮ ਜਪਾ ਰਹੇ ਹਨ ਨਾਂ ਕਿ ਉਹ ਗੁਰਬਾਣੀ ਨਾਲ ਜੋੜ ਰਹੇ ਹਨ। ਇਹਨਾਂ ਡੇਰਿਆਂ ਉੱਪਰ ਸੇਵਾ ਦੇ ਨਾਮ ਤੇ ਵੀ ਸੰਗਤਾਂ ਦਾ ਸ਼ੋਸ਼ਣ ਕੀਤਾ ਜਾ ਰਿਹਾ ਹੈ। ਭਗਤੀ ਦਾ ਘਰ ਅਖਵਾਉਣ ਵਾਲੇ ਇਹਨਾਂ ਡੇਰਿਆਂ ਉੱਪਰ ਲੰਗਰ ਪਾਣੀ ਵੀ ਤਿਆਰ ਨਹੀਂ ਹੁੰਦਾ ਜਦੋਂ ਕਿ ਆਸ ਪਾਸ ਦੇ ਪਿੰਡਾਂ ਤੋਂ ਹਰ ਰੋਜ਼ ਲੰਗਰ ਬਣ ਕੇ ਪਹੁੰਚਦਾ ਹੈ ਤੇ ਫਿਰ ਸੰਗਤਾਂ ਨੂੰ ਲੰਗਰ ਛਕਾਇਆ ਜਾਂਦਾ ਹੈ। ਵੈਸੇ ਇਹਨਾਂ ਡੇਰਿਆਂ ਨੂੰ ਪ੍ਰਫੁੱਲਿਤ ਕਰਨ ਲਈ ਸਭ ਤੋਂ ਵੱਧ ਬੀਬੀਆਂ ਦਾ ਹੀ ਹੱਥ ਹੁੰਦਾ ਹੈ, ਕਿਉਂਕਿ ਇਹਨਾਂ ਸਾਧਾਂ ਨੂੰ ਪੈਦਾ ਕਰਨ ਵਾਲੀਆਂ ਹੀ ਬੀਬੀਆਂ ਹੀ ਹੁੰਦੀਆਂ ਹਨ, ਜਿੰਨੀ ਸੇਵਾ ਡੇਰਿਆਂ ਤੇ ਜਾ ਕੇ ਬੀਬੀਆਂ ਇਹਨਾਂ ਵੇਹਲੜਾਂ ਦੀ ਕਰਦੀਆਂ ਹਨ ਉਨੀ ਸੇਵਾ ਜੇਕਰ ਉਹ ਆਪਣੇ ਪਤੀ ਪੁੱਤਰ ਜਾਂ ਘਰ ਦੇ ਕਮਾਊ ਜੀਅ ਦਾ ਕਰਨ ਤਾਂ ਫਿਰ ਘਰ ਵਿੱਚ ਕੋਈ ਕਲੇਸ ਨਾਂ ਹੋਵੇ ਤੇ ਇਹਨਾਂ ਨੂੰ ਇਹਨਾਂ ਡੇਰਿਆਂ ਤੇ ਸਾਧਾਂ ਕੋਲ ਜਾਣਾ ਹੀ ਨਾਂ ਪਵੇ। ਡੇਰਿਆਂ ਦੇ ਇਹ ਵੇਹਲੜ ਸਾਧ ਬੀਬੀਆਂ ਦੀ ਮਾਨਸਿਕਤਾ ਨੂੰ ਚੰਗੀ ਤਰ੍ਹਾਂ ਸਮਝਦੇ ਹਨ। ਉਹਨਾਂ ਨੂੰ ਪਤਾ ਹੈ ਕਿ ਬੀਬੀਆਂ ਨੂੰ ਜਿਵੇਂ ਵੀ ਅਸੀਂ ਕਹਿ ਦੇਵਾਂਗੇ ਉਸ ਤਰ੍ਹਾਂ ਹੀ ਆਪ ਵੀ ਸਾਡੇ ਮਗਰ ਲੱਗ ਜਾਣਗੀਆਂ ਆਪਣੇ ਘਰ ਵਾਲੇ ਅਤੇ ਬੱਚਿਆਂ ਨੂੰ ਵੀ ਸਾਡੇ ਡੇਰਿਆਂ ਤੇ ਲਿਆਉਣਗੀਆਂ। ਭਾਈ ਅੰਮ੍ਰਿਤਪਾਲ ਸਿੰਘ ਮਹਿਰੋਂ ਵੱਲੋਂ ਪਿਛਲੇ ਦਿਨਾਂ ਤੋਂ ਇਹਨਾਂ ਡੇਰਿਆਂ ਦੇ ਖਿਲਾਫ ਵੱਡੀ ਮੁਹਿੰਮ ਵਿੱਢੀ ਹੋਈ ਹੈ, ਉਹ ਇਨਾਂ ਡੇਰਿਆਂ ਵਿੱਚ ਰਹਿੰਦੇ ਸਾਧਾਂ ਦੇ ਪਰਦੇ ਫਾਸ ਕਰ ਰਿਹਾ ਹੈ, ਅਤੇ ਇਹਨਾਂ ਡੇਰਿਆਂ ਵਿੱਚ ਵਿਚੋਲਪੁਣਾਦਾ ਰੋਲ ਨਿਭਾ ਰਹੇ ਜੋਨੀ ਵਰਗੇ ਬਾਬਿਆਂ ਦਾ ਵੀ ਅਸਲ ਚਿਹਰਾ ਨਿਕਲ ਕੇ ਸਾਹਮਣੇ ਆ ਰਿਹਾ ਹੈ। ਜੇਕਰ ਇਹ ਡੇਰੇ ਭਗਤੀ ਦਾ ਘਰ ਹਨ ਤਾਂ ਫਿਰ ਇਹਨਾਂ ਨੂੰ ਅੱਯਾਸੀ ਦੇ ਅੱਡੇ ਬਣਾਉਣ ਵਿੱਚ ਕੀਹਦਾ ਹੱਥ ਹੈ। ਆਓ ਇਹਨਾਂ ਡੇਰਿਆਂ ਤੋਂ ਦੂਰ ਜਾ ਕੇ ਕਿਰਤ ਕਰੋ, ਨਾਮ ਜਪੋ ਅਤੇ ਵੰਡ ਛਕੋ ਦਾ ਸੁਨੇਹਾ ਦੇਣ ਵਾਲੇ ਗੁਰੂ ਘਰਾਂ ਵੱਲ ਮੁੜੀਏ ਅਤੇ ਗੁਰੂ ਘਰਾਂ ਦੇ ਵਜ਼ੀਰਾਂ ਦੇ ਪਰਿਵਾਰਾਂ ਦੀ ਸਾਂਭ ਸੰਭਾਲ ਕਰੀਏ ਤਾਂ ਕਿ ਉਹ ਸਿੱਖੀ ਦਾ ਪ੍ਰਚਾਰ ਗੁਰੂ ਘਰਾਂ ਤੋਂ ਸ਼ੁਰੂ ਕਰਕੇ ਘਰ ਘਰ ਤੱਕ ਲੈ ਕੇ ਜਾ ਸਕਣ। ਜਿੱਥੇ ਸਿੱਖੀ ਦਾ ਅਸਲ ਵਿੱਚ ਪ੍ਰਚਾਰ ਹੁੰਦਾ ਹੋਵੇ। ਜੇਕਰ ਸਾਡੇ ਸਿੱਖ ਕੌਮ ਦੇ ਜਥੇਦਾਰ ਪ੍ਰਧਾਨ ਇਹਨਾਂ ਡੇਰਿਆਂ ਵਿੱਚ ਹਾਜ਼ਰੀ ਨਾਂ ਭਰਨ ਤਾਂ ਫਿਰ ਇਹਨਾਂ ਡੇਰਿਆਂ ਉੱਪਰ ਐਸੇ ਕੁਕਰਮ ਨਾ ਹੋਣ, ਇਹਨਾਂ ਡੇਰੇਦਾਰਾਂ ਨੂੰ ਸਖਤ ਤੋਂ ਸਖਤ ਸਜ਼ਾਵਾਂ ਦਿਵਾਈਆਂ ਜਾਣ ਅਤੇ ਇਹਨਾਂ ਅੱਯਾਸ ਦੇ ਅੱਡਿਆਂ ਨੂੰ ਬੰਦ ਕੀਤਾ ਜਾਵੇ ।ਜਿੱਥੇ ਔਰਤਾਂ ਤੇ ਬੱਚਿਆਂ ਦਾ ਜਿਣਸੀ ਸ਼ੋਸ਼ਣ ਹੁੰਦਾ ਹੈ। ਆਓ ਸਿੱਖੀ ਨੂੰ ਸਿਉਂਕ ਬਣ ਕੇ ਚਿੰਬੜੇ ਇਹਨਾਂ ਡੇਰੇ ਅਤੇ ਡੇਰੇ ਵਿੱਚ ਰਹਿ ਰਹੇ ਵੇਹਲੜ ਸਾਧਾਂ ਦਾ ਵਿਰੋਧ ਕਰੀਏ ਤਾਂ ਕਿ ਅਸੀਂ ਨਾਨਕ ਪਾਤਸ਼ਾਹ ਤੇ ਗੁਰੂ ਸਾਹਿਬਾਨ ਦੀ ਪਾਵਨ ਗੁਰਬਾਣੀ ਨੂੰ ਅਪਣਾ ਕੇ ਆਪਣਾ ਜੀਵਨ ਸਫਲ ਬਣਾ ਸਕੀਏ।



# ਕੈਨੇਡਾ ਦੀ ਬ੍ਰਿਟਿਸ਼ ਕੋਲੰਬੀਆ ਵਜ਼ਾਰਤ ਵਿੱਚ ਪੰਜਾਬੀ ਦੀ ਮੋਹਰੀ



ਉਜਾਗਰ ਸਿੰਘ
ਸਾਬਕਾ ਜਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072

ਇਸ ਸਮੇਂ ਭਾਵੇਂ ਕੈਨੇਡਾ ਅਤੇ ਭਾਰਤ ਦੇ ਡਿਪਲੋਮੈਟਿਕ ਰਿਸ਼ਤੇ ਸੁਖਾਵੇਂ ਨਹੀਂ ਹਨ ਪ੍ਰੰਤੂ ਫਿਰ ਵੀ ਬ੍ਰਿਟਿਸ਼ ਕੋਲੰਬੀਆ ਦੇ ਮੁੱਖ ਮੰਤਰੀ ਨੇ 8 ਪੰਜਾਬੀਆਂ ਨੂੰ ਮੰਤਰੀ ਅਤੇ ਸੰਸਦੀ ਸਕੱਤਰ ਬਣਾਕੇ ਵੱਡਾ ਮਾਣ ਦਿੱਤਾ ਹੈ। ਇਥੋਂ ਤੱਕ ਕਿ ਇੱਕ ਪੰਜਾਬਣ ਨਿੱਕੀ ਸ਼ਰਮਾ ਨੂੰ ਉਪ ਮੁੱਖ ਮੰਤਰੀ ਬਣਾਇਆ ਹੈ। ਬ੍ਰਿਟਿਸ਼ ਕੋਲੰਬੀਆ ਸੂਬੇ ਦੀ ਵਜ਼ਾਰਤ ਵਿੱਚ ਭਾਰਤੀ ਮੂਲ ਦੇ ਪੰਜਾਬੀਆਂ ਨੂੰ ਪਹਿਲੀ ਵਾਰ ਵੱਡੀ ਮਾਤਰਾ ਵਿੱਚ ਪ੍ਰਤੀਨਿਧਤਾ ਮਿਲੀ ਹੈ। ਕੈਨੇਡਾ ਦੀ ਸਿਆਸਤ ਵਿੱਚ ਨਿਊ ਡੈਮੋਕਰੈਟਿਕ ਪਾਰਟੀ ਦੇ ਮੁੱਖੀ ਭਾਰਤੀ ਮੂਲ ਦੇ ਪੰਜਾਬੀ ਜਗਮੀਤ ਸਿੰਘ ਦੀ ਤੂਤੀ ਬੋਲਦੀ ਹੈ। ਬ੍ਰਿਟਿਸ਼ ਕੋਲੰਬੀਆ ਸੂਬੇ ਦੀ ਨਵੀਂ ਸਰਕਾਰ ਵੀ ਦੁਬਾਰਾ ਨਿਊ ਡੈਮੋਕਰੈਟਿਕ ਪਾਰਟੀ ਦੀ ਹੀ ਬਣੀ ਹੈ। ਕੈਨੇਡਾ ਦੀ ਫੈਡਰਲ ਸਰਕਾਰ ਵੀ ਨਿਊ ਡੈਮੋਕਰੈਟਿਕ ਪਾਰਟੀ ਦੀ ਮਦਦ ਨਾਲ ਚਲ ਰਹੀ ਹੈ। ਪੰਜਾਬੀਆਂ ਨੇ ਬ੍ਰਿਟਿਸ਼ ਕੋਲੰਬੀਆ ਵਿੱਚ ਆਪਣੀ ਕਾਬਲੀਅਤ ਦੇ ਝੰਡੇ ਗੱਡ ਦਿੱਤੇ ਕੈਨੇਡਾ ਹਨ। ਬ੍ਰਿਟਿਸ਼ ਕੋਲੰਬੀਆ ਸੂਬੇ ਦੀ ਜਗਮੀਤ ਸਿੰਘ ਦੀ ਨਿਊ ਡੈਮੋਕਰੈਟਿਕ ਪਾਰਟੀ ਦੀ ਨਵੀਂ ਸਰਕਾਰ ਨੇ ਡੇਵਿਡ ਈਬੀ ਦੀ ਪ੍ਰੀਮੀਅਰ ਦੀ ਅਗਵਾਈ ਵਿੱਚ 41 ਮੈਂਬਰੀ ਵਜ਼ਾਰਤ ਨੇ ਆਪਣਾ ਕਾਰਜ ਭਾਗ ਸੰਭਾਲ ਲਿਆ ਹੈ। ਡੇਵਿਡ ਈਬੀ ਬ੍ਰਿਟਿਸ਼ ਕੋਲੰਬੀਆ ਸੂਬੇ ਦੇ 37ਵੇਂ ਮੁੱਖ ਮੰਤਰੀ ਹਨ। ਨਵੀਂ ਸਰਕਾਰ ਵਿੱਚ 23 ਕੈਬਨਿਟ ਮੰਤਰੀ, 4 ਰਾਜ ਮੰਤਰੀ ਅਤੇ 14 ਸੰਸਦੀ ਸਕੱਤਰ ਬਣਾਏ ਗਏ ਹਨ। 27 ਕੈਬਨਿਟ ਤੇ ਰਾਜ ਮੰਤਰੀਆਂ ਵਿੱਚ 11 ਮਰਦ ਅਤੇ 16 ਇਸਤਰੀਆਂ ਹਨ। ਪਹਿਲੀ ਵਾਰ ਬ੍ਰਿਟਿਸ਼ ਕੋਲੰਬੀਆ ਦੀ ਸਰਕਾਰ ਵਿੱਚ ਇਸਤਰੀਆਂ ਨੂੰ ਮਰਦਾਂ ਨਾਲੋਂ ਵੱਧ ਪ੍ਰਤੀਨਿਧਤਾ ਦਿੱਤੀ ਗਈ ਹੈ। ਡੇਵਿਡ ਈਬੀ ਦੀ ਵਜ਼ਾਰਤ ਵਿੱਚ ਭਾਰਤੀ ਮੂਲ ਦੇ ਪੰਜਾਬੀਆਂ ਦੀ ਸਰਦਾਰੀ ਹੈ। ਪੰਜਾਬੀਆਂ ਨੂੰ ਮਹੱਤਵਪੂਰਨ ਵਿਭਾਗਾਂ ਦੀ ਜ਼ਿੰਮੇਵਾਰੀ ਦੇ ਮਾਣ ਬਖ਼ਸ਼ਿਆ ਗਿਆ ਹੈ। ਭਾਰਤੀ ਮੂਲ ਦੀ ਉਘੀ ਪੰਜਾਬਣ ਨਿੱਕੀ ਸ਼ਰਮਾ ਨੂੰ ਉਪ ਮੁੱਖ ਮੰਤਰੀ ਬਣਾਇਆ ਗਿਆ ਹੈ। ਕੈਨੇਡਾ ਦੇ ਇਤਿਹਾਸ ਵਿੱਚ ਨਿੱਕੀ ਸ਼ਰਮਾ ਕੈਨੇਡਾ ਦੇ ਕਿਸੇ ਸੂਬੇ ਦੀ ਉਪ ਮੁੱਖ ਮੰਤਰੀ ਬਣਨ ਵਾਲੀ ਪਹਿਲੀ ਪੰਜਾਬਣ ਹੈ। ਇਸ ਤੋਂ ਪਹਿਲਾਂ ਭਾਰਤੀ ਮੂਲ ਦੇ ਪੰਜਾਬੀ ਉਜਲ ਦੁਸਾਂਝ 2002 ਵਿੱਚ ਬ੍ਰਿਟਿਸ਼ ਕੋਲੰਬੀਆ ਦੇ ਮੁੱਖ ਮੰਤਰੀ ਰਹੇ ਹਨ। ਨਵੇਂ ਮੰਤਰੀ ਮੰਡਲ ਵਿੱਚ ਭਾਰਤੀ/ਪੰਜਾਬੀ ਮੂਲ ਦੇ 4 ਕੈਬਨਿਟ ਮੰਤਰੀ ਅਤੇ 4 ਸੰਸਦੀ ਸਕੱਤਰ ਬਣਾਏ ਗਏ ਹਨ। ਭਾਰਤੀ/ਪੰਜਾਬੀ ਮੂਲ ਦੇ 8 ਮੰਤਰੀਆਂ ਵਿੱਚ 5 ਔਰਤਾਂ ਤੇ 3 ਮਰਦ ਸ਼ਾਮਲ ਹਨ। ਅਕਤੂਬਰ 2024 ਵਿੱਚ ਚੋਣਾਂ ਵਿੱਚ ਐਨ.ਡੀ.ਪੀ. ਨੇ 93 ਮੈਂਬਰੀ ਵਿਧਾਨ ਸਭਾ ਵਿੱਚੋਂ 47 ਸੀਟਾਂ 'ਤੇ ਜਿੱਤ ਪ੍ਰਾਪਤ ਕਰਕੇ ਬਹੁਮਤ ਪ੍ਰਾਪਤ ਕਰ ਲਿਆ ਸੀ। ਕੰਜ਼ਰਵੇਟਿਵ ਪਾਰਟੀ ਨੂੰ 44 ਸੀਟਾਂ 'ਤੇ ਜਿੱਤ ਨਸੀਬ ਹੋਈ ਸੀ। ਇਨ੍ਹਾਂ ਚੋਣਾਂ ਵਿੱਚ 15 ਭਾਰਤੀਆਂ/ਪੰਜਾਬੀਆਂ ਨੇ ਜਿੱਤ ਪ੍ਰਾਪਤ ਕੀਤੀ ਸੀ। ਵਿਧਾਨ ਸਭਾ ਵਿੱਚ ਹਰ ਛੇਵਾਂ ਭਾਰਤੀ ਮੂਲ ਦਾ ਮੈਂਬਰ ਹੈ। ਚਾਰ ਕੈਬਨਿਟ ਮੰਤਰੀਆਂ ਵਿੱਚ ਨਿੱਕੀ ਸ਼ਰਮਾ, ਜਗਰੂਪ ਸਿੰਘ ਬਰਾੜ, ਰਵਿੰਦਰ ਸਿੰਘ ਰਵੀ ਕਾਹਲੋਂ, ਰਵੀ ਪਰਮਾਰ ਅਤੇ ਸੰਸਦੀ ਸਕੱਤਰਾਂ ਵਿੱਚ ਜਸਪ੍ਰੀਤ ਕੌਰ ਜੈਸੀ ਸੁੰਨੜ, ਸੁਨੀਤਾ ਧੀਰ, ਹਰਵਿੰਦਰ ਸੰਧੂ ਅਤੇ ਪਾਕਿਸਤਾਨ ਵਾਲੇ ਪੱਛਵੀਂ ਪੰਜਾਬ ਤੋਂ ਅਮਨਾ ਸ਼ਾਹ ਸ਼ਾਮਲ ਹਨ। ਕੈਨੇਡਾ ਵਿੱਚ 2021 ਦੀ ਜਨਸੰਖਿਆ ਅਨੁਸਾਰ 9 ਲੱਖ 50 ਹਜ਼ਾਰ ਦੇ ਕਰੀਬ ਓਨਟਾਰੀਓ, ਬ੍ਰਿਟਿਸ਼ ਕੋਲੰਬੀਆ, ਅਲਬਰਟਾ, ਮੋਨੀਟੋਬਾ ਅਤੇ ਕਿਊਬਕ ਸੂਬਿਆਂ ਵਿੱਚ ਭਾਰਤੀ ਮੂਲ ਦੇ ਪੰਜਾਬੀਆਂ/ਸਿੱਖਾਂ ਦੀ ਵਸੋਂ ਹੈ। ਬ੍ਰਿਟਿਸ਼ ਕੋਲੰਬੀਆ ਸੂਬੇ ਵਿੱਚ ਪੰਜਾਬੀਆਂ/ਸਿੱਖਾਂ ਦੀ 3 ਲੱਖ 15 ਹਜ਼ਾਰ ਵੱਸੋਂ ਹੈ। ਨਿੱਕੀ ਸ਼ਰਮਾ ਦੇ ਪਿਤਾ ਪਾਲ ਸ਼ਰਮਾ ਦਾ ਪਿਛੋਕੜ ਲੁਧਿਆਣਾ ਦਾ ਹੈ, ਪ੍ਰੰਤੂ ਨਿੱਕੀ ਸ਼ਰਮਾ ਕੈਨੇਡਾ ਦੀ ਜਮਪਲ ਹੈ। ਉਹ ਦੂਜੀ ਵਾਰ ਵੈਨਕੂਵਰ-ਹੇਸਟਿੰਗ ਤੋਂ ਵਿਧਾਇਕਾ ਬਣੀ ਹੈ। ਪਹਿਲੀ ਵਾਰ ਵਿਧਾਇਕ ਬਣਨ ਤੋਂ ਬਾਅਦ ਉਹ ਬ੍ਰਿਟਿਸ਼ ਕੋਲੰਬੀਆ ਸਰਕਾਰ ਵਿੱਚ ਮੰਤਰੀ ਬਣ ਗਈ ਸੀ ਤੇ ਅਟਾਰਨੀ ਜਨਰਲ ਸੀ। ਇਸ ਵਾਰ ਵੀ ਉਸਨੂੰ ਅਟਾਰਨੀ ਜਨਰਲ ਬਣਾਇਆ ਗਿਆ ਹੈ। ਜਗਰੂਪ ਸਿੰਘ ਬਰਾੜ ਪਹਿਲੀ ਸਰਕਾਰ ਵਿੱਚ ਰਾਜ ਮੰਤਰੀ ਸੀ। ਇਸ ਵਾਰ ਉਸਨੂੰ ਤਰੱਕੀ ਦੇ ਕੇ ਕੈਬਨਿਟ ਮੰਤਰੀ ਬਣਾਇਆ ਗਿਆ ਹੈ। ਉਸਨੂੰ ਮਾਈਨਿੰਗ ਤੇ ਕ੍ਰਿਟੀਕਲ ਮਿਨਰਲਜ਼ ਵਿਭਾਗ ਦਾ ਮੰਤਰੀ ਬਣਾਇਆ ਗਿਆ ਹੈ। ਉਹ ਬਠਿੰਡਾ ਜ਼ਿਲ੍ਹੇ ਦੇ ਦਿਓਣ ਪਿੰਡ ਦਾ ਜੰਮਪਲ ਹੈ। ਜਗਰੂਪ ਸਿੰਘ ਬਰਾੜ ਸਰੀ-ਫਲੀਟਵੁੱਡ ਹਲਕੇ ਤੋਂ 7ਵੀਂ ਵਾਰ ਵਿਧਾਇਕ ਬਣਿਆਂ ਹੈ। ਉਹ ਬਾਸਕਟਵਾਲ ਦਾ ਨੈਸ਼ਨਲ ਪਲੇਅਰ ਹੈ ਅਤੇ ਆਪਣੀ ਕਾਬਲੀਅਤ ਕਰਕੇ ਬਠਿੰਡਾ ਦੇ ਟਿੱਬਿਆਂ ਦੀ ਮਹਿਕ ਬ੍ਰਿਟਿਸ਼ ਕੋਲੰਬੀਆ ਰਾਜ ਵਿੱਚ ਫ਼ੈਲਾ ਰਿਹਾ ਹੈ, ਜਿਸ ਦਾ ਆਨੰਦ ਕੈਨੇਡੀਅਨ ਨਾਗਰਿਕ ਮਾਣ ਰਹੇ ਹਨ। ਰਵਿੰਦਰ ਸਿੰਘ 'ਰਵੀ ਕਾਹਲੋਂ' ਜੋ ਕਿ ਗੁਰਦਾਸਪੁਰ ਜ਼ਿਲ੍ਹੇ ਦੀ ਬਟਾਲਾ ਤਹਿਸੀਲ ਦੇ ਭਾਗੋਵਾਲ ਪਿੰਡ ਤੋਂ ਹੈ, ਉਸਨੂੰ ਹਾਊਸਿੰਗ ਤੇ ਮਿਉਂਸਪਲ ਅਫ਼ੇਅਰਜ਼ ਵਿਭਾਗ ਦੇ ਮੰਤਰੀ ਬਣਾਇਆ ਗਿਆ ਹੈ। ਰਵੀ ਸਿੰਘ ਪਰਮਾਰ ਜੋ ਕਿ ਹੁਸ਼ਿਆਰਪੁਰ ਜ਼ਿਲ੍ਹੇ ਦੇ ਮਾਹਿਲਪੁਰ ਨੇੜਲੇ ਪਿੰਡ ਜੰਗੀਆਨਾ ਤੋਂ ਹੈ, ਉਸਨੂੰ ਜੰਗਲਾਤ ਵਿਭਾਗ ਦਾ ਮੰਤਰੀ ਬਣਾਇਆ ਗਿਆ ਹੈ। ਸੰਸਦੀ ਸਕੱਤਰਾਂ ਵਿੱਚ ਲੁਧਿਆਣਾ ਜ਼ਿਲ੍ਹੇ ਦੇ ਜਗਰਾਉਂ ਸ਼ਹਿਰ ਦੀ ਜੰਮਪਲ ਤੇ ਵੈਨਕੂਵਰ-ਲੰਗਾਰਾ ਹਲਕੇ ਤੋਂ ਪਹਿਲੀ ਵਾਰ ਵਿਧਾਇਕਾ ਬਣੀ ਸੁਨੀਤਾ ਧੀਰ ਨੂੰ ਅੰਤਰਰਾਸ਼ਟਰੀ ਪ੍ਰਮਾਣ ਪੱਤਰ ਬਾਰੇ ਸੰਸਦੀ ਸਕੱਤਰ ਬਣਾਇਆ ਗਿਆ ਹੈ। ਜ਼ਿਲ੍ਹਾ ਜਲੰਧਰ ਦੇ ਨੂਰਮਹਿਲ ਨੇੜਲੇ ਪਿੰਡ ਸੁੰਨੜ ਕਲਾਂ ਦੀ ਧੀ, ਮਨੁੱਖੀ ਅਧਿਕਾਰਾਂ ਦੀ ਉੱਘੀ ਵਕੀਲ ਤੇ ਸਰੀ-ਨਿਊਟਨ ਤੋਂ ਪਹਿਲੀ ਵਾਰ ਬਣੀ ਵਿਧਾਇਕਾ ਜਸਪ੍ਰੀਤ ਕੌਰ ਜੈਸੀ ਸੁੰਨੜ ਨੂੰ ਨਸਲਵਾਦ ਦੇ ਖਿਲਾਫ਼ ਪਹਿਲ ਕਦਮੀ ਬਾਰੇ ਸੰਸਦੀ ਸਕੱਤਰ ਬਣਾਇਆ ਗਿਆ ਹੈ। ਜ਼ਿਲ੍ਹਾ ਫ਼ੀਰੋਜਪੁਰ ਦੀ ਜ਼ੀਰਾ ਤਹਿਸੀਲ ਦੇ ਪਿੰਡ ਜੌੜਾ ਦੀ ਜੰਮਪਲ ਹਰਵਿੰਦਰ ਕੌਰ ਸੰਧੂ ਨੂੰ ਖੇਤੀਬਾੜੀ ਦਾ ਸੰਸਦੀ ਸਕੱਤਰ ਬਣਾਇਆ ਗਿਆ ਹੈ। ਉਹ ਵਰਨੋਨ-ਮੋਨਾਸ਼ਰੀ ਹਲਕੇ ਤੋਂ ਦੂਜੀ ਵਾਰ ਵਿਧਾਇਕ ਚੁਣੀ ਗਈ ਸੀ। ਪਾਕਿਸਤਾਨ ਵਾਲੇ ਪੱਛਵੀਂ ਪੰਜਾਬ ਤੋਂ ਅਮਨਾ ਸ਼ਾਹ ਨੂੰ ਵੀ ਮਾਨਸਿਕ ਸਿਹਤ ਅਤੇ ਨਸ਼ਾਖ਼ੋਰੀ ਲਈ ਸੰਸਦੀ ਸਕੱਤਰ ਬਣਾਇਆ ਗਿਆ ਹੈ, ਜੋ ਸਰੀ-ਸਿਟੀ ਸੈਂਟਰ ਤੋਂ ਜਿੱਤੇ ਸਨ। ਇਸ ਪ੍ਰਕਾਰ ਡੇਵਿਡ ਈਬੀ ਦੀ ਸਰਕਾਰ ਦਾ ਹਰ ਛੇਵਾਂ ਮੰਤਰੀ ਭਾਰਤੀ ਮੂਲ ਦਾ ਪੰਜਾਬੀ ਹੈ। ਲੁਧਿਆਣਾ ਜ਼ਿਲ੍ਹੇ ਦੇ ਗਹੌਰ ਪਿੰਡ ਦੇ ਜੰਮ ਪਲ ਬਰਨਬੀ-ਨਿਊਵੈਸਟ ਹਲਕੇ ਤੋਂ ਚੋਣ ਜਿੱਤੇ ਰਾਜ ਚੌਹਾਨ 2005 ਤੋਂ ਲਗਾਤਾਰ ਚੋਣ ਜਿੱਤਦੇ ਆ ਰਹੇ ਹਨ। ਉਸ ਦੇ ਸਪੀਕਰ ਚੁਣੇ ਜਾਣ ਦੀ ਪੂਰੀ ਉਮੀਦ ਹੈ ਕਿਉਂਕਿ ਉਹ ਪਿਛਲੀ ਡੇਵਿਡ ਈਬੀ ਦੀ ਸਰਕਾਰ ਵਿੱਚ ਵੀ ਸਪੀਕਰ ਸੀ। ਬ੍ਰਿਟਿਸ਼ ਕੋਲੰਬੀਆ ਸੂਬੇ ਦੀ 43ਵੀਂ ਵਿਧਾਨ ਸਭਾ ਦੀਆਂ ਚੋਣਾ ਅਕਤੂਬਰ 2024 ਵਿੱਚ ਹੋਈਆਂ ਸਨ। ਇਨ੍ਹਾਂ ਚੋਣਾਂ ਵਿੱਚ ਪਹਿਲੀ ਵਾਰ ਭਾਰਤੀਆਂ/ਪੰਜਾਬੀਆਂ/ਸਿੱਖਾਂ ਨੇ 15 ਸੀਟਾਂ ਜਿੱਤਕੇ ਇਤਿਹਾਸ ਸਿਰਜਿਆ ਸੀ। ਇਸ ਤੋਂ ਪਹਿਲਾਂ ਉਨ੍ਹਾਂ ਕਦੀਂ ਵੀ ਇਤਨੀਆਂ ਸੀਟਾਂ ਜਿੱਤੀਆਂ ਨਹੀਂ ਸਨ। 2021 ਦੀ ਜਨਗਣਨਾ ਅਨੁਸਾਰ ਬ੍ਰਿਟਿਸ਼ ਕੋਲੰਬੀਆ ਸੂਬੇ ਵਿੱਚ ਭਾਰਤੀਆਂ/ਪੰਜਾਬੀਆਂ/ਸਿੱਖਾਂ ਦੀ ਵਸੋਂ ਸਿਰਫ਼ 3 ਫ਼ੀ ਸਦੀ ਹੈ, ਜਦੋਂ ਕਿ ਉਨ੍ਹਾਂ ਨੇ ਵਿਧਾਨ ਸਭਾ ਦੀਆਂ 16 ਫ਼ੀ ਸਦੀ ਸੀਟਾਂ ਜਿੱਤਕੇ ਵੱਡਾ ਮਾਹਰਕਾ ਮਾਰਿਆ ਹੈ। ਜਗਮੀਤ ਸਿੰਘ ਕੈਨੇਡਾ ਦੀ ਨਿਊ ਡੈਮੋਕਰੈਟਿਕ ਪਾਰਟੀ ਦਾ ਪ੍ਰਧਾਨ ਹੈ। 37 ਪੰਜਾਬੀਆਂ/ਸਿੱਖਾਂ ਨੇ ਐਨ.ਡੀ.ਪੀ. ਅਤੇ ਕੰਜ਼ਰਵੇਟਿਵ ਪਾਰਟੀ ਵੱਲੋਂ ਚੋਣ ਲੜੀ ਸੀ, ਜਿਨ੍ਹਾਂ ਵਿੱਚੋਂ 15 ਨੇ ਆਪੋ ਆਪਣੀਆਂ ਸੀਟਾਂ 'ਤੇ ਜਿੱਤ ਪ੍ਰਾਪਤ ਕੀਤੀ ਹੈ। ਇਨ੍ਹਾਂ ਵਿੱਚ ਐਨ.ਡੀ.ਪੀ. ਦੇ 11 ਅਤੇ ਕੰਜ਼ਰਵੇਟਿਵ ਪਾਰਟੀ ਦੇ 4 ਉਮੀਦਵਾਰ ਚੋਣ ਜਿੱਤੇ ਹਨ। ਜਿੱਤਣ ਵਾਲੇ 15 ਵਿਧਾਨਕਾਰਾਂ ਵਿੱਚ 7 ਮਰਦ ਅਤੇ 8 ਇਸਤਰੀਆਂ ਹਨ। ਦੁਨੀਆਂ ਦਾ ਕੋਈ ਦੇਸ਼ ਅਜਿਹਾ ਨਹੀਂ ਜਿੱਥੇ ਭਾਰਤੀ ਮੂਲ ਦੇ ਪੰਜਾਬੀ/ਭਾਰਤੀ ਨਾ ਹੋਣ। ਉਥੇ ਉਹ ਬਹੁਤ ਹੀ ਮਹੱਤਵਪੂਰਨ ਯੋਗਦਾਨ ਪਾ ਰਹੇ ਹਨ। ਸੰਸਾਰ ਵਿੱਚ ਸਭ ਤੋਂ ਵੱਧ ਭਾਰਤੀ ਮੂਲ ਦੇ/ਪੰਜਾਬੀ ਕੈਨੇਡਾ ਵਿੱਚ ਹਨ। ਕੈਨੇਡਾ ਦੇ ਵਿਕਾਸ ਵਿੱਚ ਪੰਜਾਬੀਆਂ ਨੇ ਵੱਡੀਆਂ ਮੱਲਾਂ ਮਾਰੀਆਂ ਹਨ। ਪੰਜਾਬੀਆਂ/ਸਿੱਖਾਂ ਨੇ ਹਮੇਸ਼ਾ ਕੈਨੇਡਾ ਦੀ ਸਿਆਸਤ ਵਿੱਚ ਧੁੰਮਾਂ ਪਾਈਆਂ ਹਨ। ਕੈਨੇਡਾ ਦੀ ਫੈਡਰਲ ਸਰਕਾਰ ਪੰਜਾਬੀ/ਭਾਰਤੀ ਮਹੱਤਵਪੂਰਨ ਵਿਭਾਗਾਂ ਦੇ ਮੰਤਰੀ ਹਨ। ਉਨ੍ਹਾਂ ਕੈਨੇਡਾ ਦੀ ਆਰਥਿਕਤਾ ਨੂੰ ਮਜ਼ਬੂਤ ਕਰਨ ਵਿੱਚ ਵਿਲੱਖਣ ਯੋਗਦਾਨ ਪਾਇਆ ਹੈ।






**ਪੰਜਾਬੀ ਅਖ਼ਬਾਰ ਵਿੱਚ ਖ਼ਬਰਾਂ,ਇਸ਼ਤਿਹਾਰ, ਬਿਜਨਿਸ ਦੀ ਐਡਵਰਟਾਈਜ਼ਮੈਂਟ, ਵਿਆਹ ਸਬੰਧੀ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰ ਸਕਦੇ ਹੋ।**


Edmonton
Sukhdev Singh Dhanoa
780 700 5022,
780 599 2000
Email:
sukhdevdhanoa@gmail.com


Edmonton
Parminder Singh Balluana
+1 (204) 930-3030
780 599 2000
Email:
balluana.parminder@gmail.com


Regina
Gurbinder Singh Gagowal
306 520 4313,
639 999 1000
Email:
gur.gago@gmail.com


Saskatoon
Rishi Joshi
639 742 1200
639 999 1000
Rishijoshi1990 @hotmail.com


Winnipeg
Amritpal Singh Kang
204 218 3852
431 733 3000
just4kang@gmail.com

# ਪਰਵਾਸ ਜ਼ਿੰਦਗੀ ਦੀ ਮਨੋਰੰਜਨ ਭਰਪੂਰ ਸਮਾਜਿਕ ਫ਼ਿਲਮ 'ਵੱਡਾ ਘਰ'



ਸੁਰਜੀਤ ਜੱਸਲ
9814607737







ਪੰਜਾਬੀ ਸਿਨਮੇ ਨੇ ਪਿਛਲੇ ਦੋ ਚਾਰ ਸਾਲਾਂ ਵਿੱਚ ਕਾਫੀ ਤਰੱਕੀ ਕੀਤੀ ਹੈ।ਮਨੋਰੰਜਨ ਦੇ ਨਾਲ ਨਾਲ ਸਮਾਜ ਸੁਧਾਰ ਬਣਿਆ ਸਾਡਾ ਪੰਜਾਬੀ ਸਿਨੇਮਾ ਨਿਤ ਨਵੇਂ ਸਮਾਜਿਕ ਵਿਸ਼ਿਆਂ ਨਾਲ ਪੰਜਾਬੀ ਦਰਸ਼ਕਾਂ ਨਾਲ ਸਾਂਝ ਪਾ ਰਿਹਾ ਹੈ। ਅਸੀਂ ਜਾਣਦੇ ਹਾਂ ਕਿ ਅੱਜ ਸਾਡੀ ਬਹੁਤੀ ਨੌਜਵਾਨ ਪੀੜੀ ਵਿਦੇਸ਼ਾਂ ਵੱਲ ਜਾ ਰਹੀ ਹੈ ਕਿਉਂਕਿ ਇਹ ਇੱਕ ਕਲਚਰ ਹੀ ਬਣ ਚੁੱਕਿਆ ਹੈ ਕਿ ਆਪਣੇ ਬੱਚਿਆਂ ਨੂੰ ਬਾਹਰ ਭੇਜ ਕੇ ਉਹਨਾਂ ਦੀ ਚੰਗੀ ਜ਼ਿੰਦਗੀ ਬਣਾਈ ਜਾ ਸਕੀ। ਪੰਜਾਬੀ ਸਿਨਮਾ ਹੁਣ ਇਹਨਾਂ ਵਿਸ਼ਿਆਂ 'ਤੇ ਵੀ ਅਨੇਕਾਂ ਚੰਗੇ ਮਾੜੇ ਪੱਖ ਲੈ ਕੇ ਫਿਲਮਾਂ ਦਾ ਨਿਰਮਾਣ ਕਰ ਰਿਹਾ ਹੈ ਪਰ ਜਿਹੜੀ ਫਿਲਮ ਦੀ ਗੱਲ ਅੱਜ ਅਸੀਂ ਕਰ ਰਹੇ ਹਾਂ ਉਹ ਹੈ ਵੱਡਾ ਘਰ ਇਹ ਫ਼ਿਲਮ ਅੱਜ ਤੋਂ ਅਨੇਕਾਂ ਸਾਲ ਪਹਿਲਾਂ ਵਿਦੇਸ਼ਾਂ ਵਿੱਚ ਜਾ ਕੇ ਵਸੇ ਉਹਨਾਂ ਲੋਕਾਂ ਦੀ ਗੱਲ ਵੀ ਕਰੇਗੀ ਜਿਨਾਂ ਨੇ ਆਪਣੇ ਪੰਜਾਬ ਵਿਚਲੇ ਬੜੀਆਂ ਰੀਝਾਂ ਤੇ ਚਾਵਾਂ ਨਾਲ ਉਸਾਰੇ ਵੱਡੇ ਘਰ ਪਿੰਡ ਦੇ ਲੋਕਾਂ ਲਈ ਵਿਖਾਵਾ ਬਣ ਕੇ ਰਹਿ ਗਏ। ਉਹਨਾਂ ਦੇ ਇਹ ਮਹਿਲਾਂ ਵਰਗੇ ਘਰ ਵੀਰਾਨ ਪਏ ਹਨ। ਪੰਜ-ਸਤ ਸਾਲਾਂ ਬਾਅਦ ਕਦੇ ਸਬੱਬੀ ਮਹੀਨੇ ਵੀਹ ਦਿਨਾਂ ਵਾਸਤੇ ਜਦ ਇਹ ਲੋਕ ਪਿੰਡ ਆਉਂਦੇ ਹਨ ਤਾਂ ਇਹ ਵੱਡੇ ਘਰ ਅਨੇਕਾਂ ਸਵਾਲਾਂ ਦੇ ਜਵਾਬ ਮੰਗਦੇ ਹਨ। ਇਹ ਫਿਲਮ ਜਿੱਥੇ ਸਾਡੀ ਅੱਜ ਦੀ ਨੌਜਵਾਨ ਪੀੜੀ ਦੀਆਂ ਵਿਚਾਰ ਧਰਾਵਾਂ ਅਤੇ ਕਲਚਰ ਦੀ ਗੱਲ ਕਰੇਗੀ ਉੱਥੇ ਬਜ਼ੁਰਗਾਂ ਦੇ ਦਿਨ ਬ ਦਿਨ ਘਟਦੇ ਜਾ ਰਹੇ ਮਾਣ ਸਤਿਕਾਰ ਦੇ ਅਹਿਮ ਮੁੱਦਿਆਂ ਤੇ ਵੀ ਚਾਨਣਾ ਪਾਵੇਗੀ। ਵਿਦੇਸ਼ੀ ਕਲਚਰ ਨੇ ਜਿੱਥੇ ਸਾਨੂੰ ਪੈਸਾ,ਸੁੱਖ ਸਹੂਲਤਾਂ ਤੇ ਚੰਗੀ ਜ਼ਿੰਦਗੀ ਜਿਉਣ ਦਾ ਬਲ ਸਿਖਾਇਆ, ਹੈ ਉੱਥੇ ਇਹ ਇੱਕ ਤਰਾਸ਼ਦੀ ਰਹੀ ਹੈ ਕਿ ਅਸੀਂ ਆਪਣੀਆਂ ਜੜਾਂ ਨਾਲ ਟੁੱਟ ਕੇ ਬੇਗਾਨੇ ਮੁਲਕਾਂ ਜੋਗੇ ਰਹਿ ਗਏ ਹਾਂ। ਇਹ ਵੀ ਇਕ ਸੱਚਾਈ ਹੈ ਕਿ ਪੰਜਾਬ ਹੁਣ ਪੰਜਾਬ ਵਿੱਚ ਨਹੀਂ ਬਲਕਿ ਵਿਦੇਸ਼ਾਂ ਵਿੱਚ ਆ ਵਸਿਆ ਹੈ। ਉਹ ਸਮਾਂ ਦੂਰ ਨਹੀਂ ਜਦੋਂ ਪੰਜਾਬ ਨੂੰ ਕਿਸੇ ਹੋਰ ਸੂਬੇ ਦਾ ਨਾਂ ਦੇ ਕੇ ਇਸ ਦੀ ਹੋਂਦ ਨੂੰ ਖਤਮ ਕਰ ਦਿੱਤਾ ਜਾਵੇਗਾ, ਜੋ ਇੱਕ ਚਿੰਤਾ ਦਾ ਵਿਸ਼ਾ ਹੈ। ਜਿਸ ਪ੍ਰਤੀ ਫਿਲਮਾਂ ਜ਼ਰੀਏ, ਕਹਾਣੀਆਂ ਜ਼ਰੀਏ ਆਉਣ ਵਾਲੀ ਪੀੜ੍ਹੀ ਨੂੰ ਸੁਚੇਤ ਕਰਨ ਦੀ ਲੋੜ ਹੈ।

ਜਸਵੀਰ ਗੁਣਾਚੌਰੀਆ ਇੱਕ ਪ੍ਰਸਿੱਧ ਗੀਤਕਾਰ ਹੈ ਜਿਸ ਨੇ ਆਪਣੀ ਕਲਮ ਸਦਕਾ ਪੰਜਾਬੀ ਸੰਗੀਤ ਖੇਤਰ ਚ ਚੰਗੀ ਪਛਾਣ ਬਣਾਈ। ਪਿਛਲੇ ਕਈ ਸਾਲਾਂ ਤੋਂ ਵਿਦੇਸ਼ ਰਹਿੰਦਿਆਂ ਉਸਨੇ ਪਰਵਾਸੀ ਜੀਵਨ ਨੂੰ ਬਹੁਤ ਨੇੜੇ ਹੋ ਕੇ ਸਮਝਿਆ ਹੈ। ਹੁਣ ਗੀਤਕਾਰ ਤੋਂ ਫ਼ਿਲਮ ਲੇਖਕ ਬਣਕੇ ਜਸਬੀਰ ਗੁਣਾਚੌਰੀਆ ਨੇ ਆਪਣੀਆ ਭਾਵਨਾਵਾਂ ਨੂੰ ਸਾਂਝਾ ਕਰਨ ਲਈ ਪੰਜਾਬੀ ਪਰਦੇ ਵੱਲ ਕਦਮ ਵਧਾਇਆ ਹੈ । ਇਸ ਫਿਲਮ ਵੱਡਾ ਘਰ ਨੂੰ ਨਿਰਮਾਤਾ ਸੰਦੀਪ ਸਿੰਘ ਧੰਜਲ (ਲਾਡੀ), ਮਨਿੰਦਰ ਸਿੰਘ ਕੰਵਲ (ਰੌਬ ਕੰਵਲ) ਅਤੇ ਜਸਵੀਰ ਗੁਣਾਚੌਰੀਆ ਨੇ ਬਣਾਇਆ ਹੈ।

ਰੋਬੀ ਐਂਡ ਲਾਡੀ ਫਿਲਮ ਪ੍ਰੋਡਕਸ਼ਨ ਲਿਮਿਟਡ ਅਤੇ ਜਸਵੀਰ ਗੁਣਾਚੌਰੀਆ ਪ੍ਰੋਡਕਸ਼ਨ ਲਿਮਿਟਡ ਦੀ ਪੇਸ਼ਕਸ਼ 13 ਦਸੰਬਰ ਨੂੰ ਰਿਲੀਜ਼ ਹੋ ਰਹੀ ਨਿਰਦੇਸ਼ਕ ਕਮਲਜੀਤ ਸਿੰਘ ਅਤੇ ਗੋਲਡੀ ਢਿਲੋਂ ਦੀ ਫ਼ਿਲਮ 'ਵੱਡਾ ਘਰ' ਇਸਦੇ ਸਿਰਲੇਖ ਵਾਂਗ ਹੀ ਵੱਡੇ ਘਰ-ਪਰਿਵਾਰ ਦੇ ਗੂੜੇ ਰਿਸ਼ਤਿਆਂ ਦੀ ਅਹਿਮੀਅਤ ਇਸ ਵਿਚਲੀ ਅਣ-ਬਣ, ਫ਼ਿਕਰ, ਸੰਘਰਸ਼ ਅਤੇ ਵਿਚਾਰ-ਧਾਰਾਵਾਂ ਦੇ ਫ਼ਰਕ ਅਤੇ ਪੰਜਾਬ ਦੇ ਮੁੱਖ ਮੁੱਦੇ ਵਿਖਾ ਕੇ ਪੇਸ਼ ਕਰੇਗੀ। ਘਰ ਉਸ ਵਿੱਚ ਵਸਦੇ ਲੋਕਾਂ ਨਾਲ ਹੀ ਬਣਦਾ ਹੈ, ਨਹੀਂ ਤਾਂ ਖ਼ਾਲੀ ਘਰ ਦੀਆਂ ਕੰਧਾਂ ਵੀ ਇੱਕ ਪਲ ਤੋਂ ਬਾਅਦ ਗੱਲਾਂ ਕਰਨੀਆਂ ਬੰਦ ਕਰ ਦਿੰਦੀਆਂ ਨੇ। ਇੱਕ ਥਾਂ ਰਲ-ਮਿਲ ਬੈਠ ਖਾਦੀ ਰੋਟੀ ਦੀ ਹਰੇਕ ਬੁਰਕੀ ਵੀ ਸੁਰਗ ਵਰਗੀ ਜਾਪਦੀ ਹੈ। ਬੈਗਾਨੇ ਮੁਲਕ ਦੀ ਰੋਟੀ, ਇਸ ਰੋਟੀ ਦੀ ਕੋਈ ਰੀਸ ਨਹੀਂ ਕਰ ਸਕਦੀ। ਪਰ ਅੱਜ ਦਾ ਅੱਧਾ ਪੰਜਾਬ ਇਥੋਂ ਦੀ ਸਥਿਤੀ ਤੋਂ ਅਸੰਤੁਸ਼ਟ ਹੁੰਦਿਆ ਨੱਕ ਮੋੜ ਬੈਗਾਨੇ ਮੁਲਕ ਕੈਨੇਡਾ ਦੀ ਰੋਟੀ ਕਮਾਉਣ ਨੂੰ ਉੱਥੇ ਜਾ ਬੈਠਾ ਹੈ। ਨਿਰਮਾਤਾ ਸੰਦੀਪ ਸਿੰਘ ਧੰਜਲ (ਲਾਡੀ), ਮਨਿੰਦਰ ਸਿੰਘ ਕੰਵਲ (ਰੌਬੀ) ਅਤੇ ਜਸਵੀਰ ਗੁਣਾਚੌਰੀਆ ਵੱਲੋਂ ਇਸੇ ਗੰਭੀਰ ਮੁੱਦੇ ਨੂੰ ਫ਼ਿਲਮ ਦਾ ਵਿਸ਼ਾ ਚੁਣ ਕੇ ਕਿਰਦਾਰਾਂ ਦੀ ਵਿਚਾਰ-ਧਾਰਾਵਾਂ ਦੀ ਅਣ-ਬਣ ਜ਼ਰੀਏ ਇੱਕ ਜ਼ਰੂਰੀ ਸੁਨੇਹਾ ਘੱਲਣ ਦੀ ਕੋਸ਼ਿਸ ਕੀਤੀ ਹੈ।

ਜਸਵੀਰ ਅਤੇ ਬਾਨੀ ਦੇ ਪਿਆਰ ਵਿਚਲੀ ਬਣੀ ਚਿੰਤਾ ਦੀ ਜੜ 'ਕੈਨੇਡਾ' ਤੋਂ ਹੀ ਸ਼ੁਰੂ ਹੁੰਦੀ ਹੈ। ਜਸਵੀਰ ਪੰਜਾਬ ਨੂੰ ਪਿਆਰ ਕਰਦਾ ਨੌਜਵਾਨ ਗੱਭਰੂ ਇਥੋਂ ਦੀ ਮਿੱਟੀ ਦੀ ਹਵਾ ਦੇ ਸਾਹ ਤੋਂ ਬਗੈਰ ਜਿਉਂ ਨਹੀਂ ਸਕਦਾ, ਜਦਕਿ ਉਸਦੀ ਮੁਹੱਬਤ ਬਾਨੀ ਵੀ ਆਪਣੇ ਕੈਨੇਡਾ ਵਿਚ ਰਹਿ ਕੇ ਜ਼ਿੰਦਗੀ ਜਿਉਣ ਦੇ ਸੁਫ਼ਨੇ ਤੋਂ ਹੈਠਾਂ ਉਤਰਨਾ ਨਹੀਂ ਚਾਹੁੰਦੀ। ਦੂਜਾ ਭਰਾ ਦੀਪਾ ਪੰਜਾਬ ਦੇ ਇੱਕ ਮਾੜੇ ਵੈਲਪੁਣੇ ਵਿੱਚ ਅੱਗੇ, ਨਸ਼ੇ ਵਿੱਚ ਲਥ-ਪਥ, ਬਿਨਾਂ ਕੋਈ ਜ਼ਿੰਦਗੀ ਦੇ ਮੁਕਾਮ ਵਾਲੇ ਨੌਜਵਾਨ ਦੀ ਝਾਕੀ ਪੇਸ਼ ਕਰਦਾ ਹੋਇਆ ਆਪਣੀਆਂ ਆਦਤਾਂ ਸਦਕਾ ਕੈਨੇਡਾ ਵਰਗੇ ਤੇਜ਼ ਮੁਲਕ ਵਿੱਚ ਆਪਣੇ ਮਾਪਿਆਂ ਨੂੰ ਬੁਲਾ ਉਥੋਂ ਦੇ ਸੰਘਰਸ਼ ਵੀ ਵਿਖਾਉਂਦਾ ਹੈ।

ਇਸ ਫਿਲਮ ਵੱਡਾ ਘਰ ਵਿੱਚ ਜੋਬਨ ਪ੍ਰੀਤ, ਮੈਂਡੀ ਤੱਖਰ, ਭਿੰਦਾ ਔਜਲਾ, ਸਰਦਾਰ ਸੋਹੀ, ਨਿਰਮਲ ਰਿਸ਼ੀ, ਅਮਰ ਨੂਰੀ, ਰਵਿੰਦਰ ਮੰਡ, ਕਵਲੀਨ, ਸਤਵੰਤ ਕੌਰ, ਤਰਸੇਮ ਪੌਲ, ਬਲਵੀਰ ਬੋਪਾਰਾਏ, ਹਰਪ ਨਾਜ਼, ਜੋਤੀ ਅਰੋੜਾ,ਸੁਖਵਿੰਦਰ ਰੋਡੇ ਅਤੇ ਬਾਲ ਕਲਾਕਾਰ ਗੁਰਬਾਜ਼ ਸੰਧੂ ਨੇ ਅਹਿਮ ਕਿਰਦਾਰ ਨਿਭਾਏ ਹਨ। ਇਸ ਫ਼ਿਲਮ ਰਾਹੀਂ ਗਾਇਕਾ ਅਤੇ ਅਦਾਕਾਰਾ ਅਮਰ ਨੂਰੀ ਲੰਮੇ ਸਮੇਂ ਬਾਅਦ ਮੁੜ ਪਰਦੇ ਤੇ ਨਜ਼ਰ ਆਵੇਗੀ। ਉਸ ਦਾ ਕਿਰਦਾਰ ਸਰਦਾਰ ਸੋਹੀ ਵਰਗੇ ਦਿੱਗਜ ਕਲਾਕਾਰ ਨਾਲ ਹੈਂਦਲੀਪ ਕੌਰ ਟਿਵਾਣਾ' ਦੇ ਨਾਵਲ 'ਏਹੋ ਹਮਾਰਾ ਜੀਵਣਾ' ਅਧਾਰਿਤ ਟੀ.ਵੀ. ਸੀਰੀਅਲ ਤੋਂ ਅਦਾਕਾਰੀ ਖ਼ੇਤਰ ਨਾਲ ਜੁੜੀ ਅਮਰ ਨੂਰੀ ਨੇ ਦਰਜ਼ਨਾ ਪੰਜਾਬੀ ਫ਼ਿਲਮਾਂ 'ਬਦਲਾ ਜੱਟੀ ਦਾ', 'ਵਿਸਾਖੀ', 'ਦਿਲ ਦਾ ਮਾਮਲਾ', 'ਪੰਚਾਇਤ', 'ਜੀ ਆਇਆ ਨੂੰ', 'ਮੇਲ ਕਰਾਦੇ ਰੱਬਾ', 'ਡੈਡੀ ਕੂਲ ਮੁੰਡੇ ਫੂਲ' ਆਦਿ ਵਿੱਚ ਯਾਦਗਾਰੀ ਕਿਰਦਾਰ ਨਿਭਾਏ। ਇਸ ਤੋਂ ਇਲਾਵਾ ਪਦਮਸ਼੍ਰੀ ਅਵਾਰਡ ਜੇਤੂ ਨਿਰਮਲ ਰਿਸ਼ੀ ਨੇ ਵੀ ਇਸ ਫਿਲਮ ਚ ਅਹਿਮ ਭੂਮਿਕਾ ਨਿਭਾਈ ਹੈ। ਇਸ ਫ਼ਿਲਮ ਨਾਲ ਆਪਣੇ ਫਿਲਮੀ ਸਫ਼ਰ ਦੀ ਸ਼ੁਰੂਆਤ ਕਰਨ ਵਾਲੇ ਬਾਲ ਕਲਾਕਾਰ ਗੁਰਬਾਜ਼ ਸੰਧੂ ਦਾ ਵੀ ਬਹੁਤ ਪ੍ਰਭਾਵਸ਼ਾਲੀ ਕਿਰਦਾਰ ਹੈ। ਇਸ ਫ਼ਿਲਮ ਦੀ ਕਹਾਣੀ, ਡਾਇਲਾਗ ਅਤੇ ਸਕਰੀਨ ਪਲੇਅ ਜਸਬੀਰ ਗੁਣਾਚੌਰੀਆ ਨੇ ਲਿਖਿਆ ਹੈ ਤੇ ਗੀਤ ਵੀ ਜਸਬੀਰ ਗੁਣਾਚੌਰੀਆ ਨੇ ਹੀ ਲਿਖੇ ਹਨ, ਜਿੰਨ੍ਹਾਂ ਨੂੰ ਨਛੱਤਰ ਗਿੱਲ,ਸੋਨੂੰ ਕੱਕੜ, ਮਾਸਟਰ ਸਲੀਮ, ਕੰਵਰ ਗਰੇਵਾਲ, ਗੁਰਸ਼ਬਦ,ਸੁਨਿਧੀ ਚੋਹਾਨ,ਜੀ ਖਾਨ ਅਤੇ ਅਫ਼ਸਾਨਾ ਖਾਨ ਨੇ ਪਲੇਅ ਬੈਕ ਗਾਇਆ ਹੈ। ਸੰਗੀਤ ਜਤਿੰਦਰ ਸ਼ਾਹ ਨੇ ਤਿਆਰ ਕੀਤਾ ਹੈ।ਨਿਰਮਾਤਾ ਤੇ ਡਿਸਟਰੀਬਿਊਟਰ ਲਵਪ੍ਰੀਤ ਸੰਧੂ ਲੱਕੀ ਦੀ ਨਵਰੋਜ਼ ਗੁਰਬਾਜ਼ ਐਂਟਰਟੇਨਮੈਂਟ ਵਲੋਂ ਸੰਸਾਰ ਭਰ ਵਿਚ 13 ਦਸੰਬਰ ਨੂੰ ਰਿਲੀਜ਼ ਕੀਤੀ ਜਾ ਰਹੀ ਇਹ ਫ਼ਿਲਮ 'ਵੱਡਾ ਘਰ' ਮੁੱਖ ਤੌਰ 'ਤੇ ਆਪਣੇ ਜੱਦੀ ਘਰ ਦੀ ਅਹਿਮੀਅਤ ਨੌਜਵਾਨੀ ਪੀੜ੍ਹੀ ਦੀ ਦੋ ਅੰਤਰ-ਮੁਖੀ ਵਿਚਾਰ-ਧਾਰਾਵਾਂ ਅਤੇ ਚਰਿੱਤਰ ਦੇ ਫ਼ਰਕ ਨਾਲ ਆਪਣੇ ਮੁਲਕ ਦੇ ਮੁੱਦੇ 'ਸੁਲਝਾਉਣਾ' ਅਤੇ ਇਸ ਤੋਂ 'ਦੂਰ ਭੱਜਣਾ' ਨੂੰ ਪੇਸ਼ ਕਰਕੇ ਵੀ ਵਿਖਾਵੇਗੀ।

ਆਮ ਪੰਜਾਬੀ ਸਿਨਮੇ ਤੋਂ ਹਟ ਕੇ ਬਣੀ ਇਹ ਫਿਲਮ 'ਵੱਡਾ ਘਰ' ਤੋਂ ਪੰਜਾਬੀ ਸਿਨਮੇ ਦੀ ਮੀਲ ਪੱਥਰ ਸਾਬਿਤ ਹੋਵੇਗੀ।

ਮੀਡੀਆ ਪਾਰਟਨਰ
The Punjabi Newspaper
ਪੰਜਾਬੀਅਤ ਦਾ ਪਰਚਮ
ਪੰਜਾਬੀ ਅਖ਼ਬਾਰ
Punjabi Akhbaar
ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000






# ਇਮਰੋਜ਼ -- ਕਲਾ ਤੇ ਇਸ਼ਕ ਇਬਾਦਤ ਨੂੰ ਸਿਜਦਾ

**ਇਮਰੋਜ਼ ਤੇ ਅੰਮ੍ਰਿਤਾ ਦੀ ਨੂੰਹ ਅਲਕਾ ਸੇਵਾ-ਸੰਭਾਲ਼ ਵਿਚ ਲੱਗੇ ਰਹਿੰਦੇ। ਉਹ ਪੀੜ ਨਾਲ਼ ਕੁਰਰਾਹ ਰਹੀ ਸੀ। ਦੇਖ ਕੇ ਅਸੀਂ ਘਬਰਾ ਗਏ। ਜਦੋਂ ਕੁੱਝ ਟਿਕੀ ਤਾਂ ਇਮਰੋਜ਼ ਸਾਨੂੰ ਉਸ ਦੇ ਕਮਰੇ ਵਿਚ ਲੈ ਗਿਆ। ਉਹ ਦਵਾਈ ਦੇ ਅਸਰ ਹੇਠ ਅੱਖਾਂ ਬੰਦ ਕਰੀ ਪਈ ਸੀ। ਅਸੀਂ ਮੰਜੇ ਦੇ ਪੁਰਾਂਦੀਂ ਖੜ੍ਹ ਕੇ ਸਿਜਦਾ ਕੀਤਾ, ਪੈਰ ਛੂਹੇ, ਇਮਰੋਜ਼ ਨਾਲ਼ ਦੁੱਖ ਸਾਂਝਾ ਕਰ ਕੇ ਆ ਗਏ ਤੇ ਜਹਾਜ਼ ਚੜ੍ਹ ਗਏ। ਹਾਂ, ਇਮਰੋਜ਼ ਨੇ ਸਾਨੂੰ ਵੱਡੀ ਲੱਕੜ ਦੇ ਫਰੇਮ ਤੇ ਆਪਣੀ ਅਤੇ ਅੰਮ੍ਰਿਤਾ ਦੀ ਬਲੈਕ ਐਂਡ ਵ੍ਹਾਈਟ ਫੋਟੋ ਦਿੱਤੀ ਜਿਸ ਨੂੰ ਅਸੀਂ ਬੇਸ਼ਕੀਮਤੀ ਯਾਦਗਾਰ ਵਜੋਂ ਸੰਭਾਲ਼ ਕੇ ਰੱਖਿਆ ਹੋਇਆ ਹੈ।**



ਰਾਜਵੰਤ ਕੌਰ ਪ੍ਰੀਤ ਮਾਨ

ਇਮਰੋਜ਼ ਦਾ ਪਹਿਲਾ ਨਾਂ ਇੰਦਰਜੀਤ ਸਿੰਘ ਸੀ। ਉਸ ਦਾ ਜਨਮ 26 ਜਨਵਰੀ, 1926 ਨੂੰ ਲਾਇਲਪੁਰ ਜ਼ਿਲੇ ਦੇ ਇੱਕ ਪਿੰਡ ਵਿਚ ਹੋਇਆ ਜੋ ਹੁਣ ਪਾਕਿਸਤਾਨ ਵਿਚ ਹੈ। ਉਹ ਦਸਵੀਂ ਜਮਾਤ ਤੱਕ ਖਾਲਸਾ ਹਾਈ ਸਕੂਲ, ਚੱਕ ਨੰਬਰ 41 ਵਿਚ ਪੜ੍ਹਿਆ ਜਿੱਥੇ ਉਸ ਦੇ ਜਮਾਤੀ ਹਰਸ਼ਰਨ ਸਿੰਘ(ਡਾ.) ਅਤੇ ਨਿਰੰਜਣ ਸਿੰਘ ਮਾਨ (ਪ੍ਰੋ.) ਉਸ ਦੇ ਗੂੜ੍ਹੇ ਮਿੱਤਰ ਸਨ। ਉਹ ਬਚਪਨ ਤੋਂ ਹੀ ਸਕੂਲ ਵਿਚ ਕਾਪੀ ਤੇ ਬਿੱਲੀਆਂ-ਚੂਹਿਆਂ ਦੀਆਂ ਤਸਵੀਰਾਂ ਬਣਾਉਂਦਾ ਰਹਿੰਦਾ ਸੀ। ਜਮਾਤੀ ਮੁੰਡੇ ਹਰਸ਼ਰਨ ਨੂੰ ਰੋਡੀ, ਨਿਰੰਜਣ ਨੂੰ ਨੰਜੋ ਅਤੇ ਇੰਦਰਜੀਤ ਨੂੰ ਚੂਹੀ ਕਹਿੰਦੇ। ਦਸਵੀਂ ਪਾਸ ਕਰਨ ਮਗਰੋਂ ਇੰਦਰਜੀਤ ਨੇ ਲਾਹੌਰ ਆਰਟਸ ਕਾਲਜ ਤੋਂ ਫਾਈਨ ਆਰਟਸ ਦਾ ਡਿਪਲੋਮਾ ਪਾਸ ਕੀਤਾ। ਹਰਸ਼ਰਨ ਨੇ ਬੀ.ਐਸ ਸੀ. ਅਤੇ ਨਿਰੰਜਣ ਨੇ ਬੀ. ਏ. ਦੀਆਂ ਡਿਗਰੀਆਂ ਲਈਆਂ। ਸੰਨ 1947 ਦੀ ਦੁੱਖਦਾਇਕ ਵੰਡ ਸਮੇਂ ਇਨ੍ਹਾਂ ਸਭ ਨੂੰ ਪੂਰਬੀ (ਹਿੰਦੁਸਤਾਨੀ) ਪੰਜਾਬ ਅੰਮ੍ਰਿਤਸਰ ਆਉਣਾ ਪਿਆ। ਹਰਸ਼ਰਨ ਨੇ ਮੈਡੀਕਲ ਕਾਲਜ ਵਿਚ ਦਾਖਲਾ ਲਿਆ, ਨਿਰੰਜਣ ਦਿੱਲੀ ਕੈਂਪ ਕਾਲਜ ਵਿਚ ਐਮ. ਏ. ਸਾਈਕਾਲੋਜੀ ਵਿਚ ਦਾਖਲ ਹੋ ਗਿਆ। ਇੰਦਰਜੀਤ ਕੰਮ ਦੀ ਭਾਲ਼ ਵਿਚ ਦਿੱਲੀ ਆ ਗਿਆ ਅਤੇ ਉਰਦੂ ਦੇ ਰਸਾਲੇ ਸ਼ਮ੍ਹਾਂ ਵਿਚ ਕੰਮ ਕਰਨ ਲੱਗ ਪਿਆ। ਉਨ੍ਹਾਂ ਦਿਨਾਂ ਵਿਚ ਲਹਿੰਦੇ ਪੰਜਾਬ ਤੋਂ ਆਇਆ ਹਰ ਕੋਈ ਵਸੇਬਾ ਕਰਨ ਲਈ ਟਿਕਾਣਾ ਲੱਭ ਰਿਹਾ ਸੀ। ਓਦੋਂ ਹੀ ਅੰਮ੍ਰਿਤਾ ਪ੍ਰੀਤਮ ਦਾ ਪਰਿਵਾਰ ਗੁੱਜਰਾਂਵਾਲ਼ੇ ਤੋਂ ਉੱਜੜ ਕੇ ਦਿੱਲੀ ਆ ਟਿਕਿਆ। ਅੰਮ੍ਰਿਤਾ ਦਾ ਪਤੀ ਪ੍ਰੀਤਮ ਸਿੰਘ ਕਵਾਤੜਾ ਥੋਕ ਦਾ ਵਪਾਰੀ ਸੀ। ਉਸ ਨੇ ਆਪਣਾ ਕਿੱਤਾ ਦਿੱਲੀ ਸ਼ੁਰੂ ਕਰ ਲਿਆ। ਅੰਮ੍ਰਿਤਾ ਪਹਿਲਾਂ ਦੇਹਰਾਦੂਨ ਕੰਮ ਦੀ ਭਾਲ਼ ਕਰਦੀ ਰਹੀ, ਫੇਰ ਦਿੱਲੀ ਰੇਡੀਓ ਸਟੇਸ਼ਨ ਤੇ ਪੰਜਾਬੀ ਪ੍ਰੋਗਰਾਮ ਪੇਸ਼ ਕਰਨ ਲੱਗੀ। ਰੇਡੀਓ ਸਟੇਸ਼ਨ ਸ਼ਮ੍ਹਾਂ ਰਸਾਲੇ ਦੇ ਦਫ਼ਤਰ ਦੇ ਨੇੜੇ ਹੀ ਸੀ। ਇਨ੍ਹਾਂ ਦਿਨਾਂ ਵਿਚ ਇੰਦਰਜੀਤ ਇਮਰੋਜ਼ ਵਜੋਂ ਜਾਣਿਆਂ ਜਾਣ ਲੱਗ ਪਿਆ ਸੀ।

ਇਮਰੋਜ਼ ਆਪਣੇ ਕਮਰੇ ਦੀ ਖਿੜਕੀ ਵਿੱਚੋਂ ਦੀ ਰੋਜ਼ ਦੇਖਦਾ ਕਿ ਅੰਮ੍ਰਿਤਾ ਪ੍ਰੋਗਰਾਮ ਤੋਂ ਬਾਅਦ ਬਸ ਰਾਹੀਂ ਆਪਣੇ ਘਰ ਜਾਂਦੀ ਹੈ ਤੇ ਅੰਦਾਜ਼ਾ ਲਾਉਂਦਾ ਕਿ ਕਿੰਨੀ ਲੇਟ ਪਹੁੰਚਦੀ ਹੋਵੇਗੀ। ਔਖਾ ਸੌਖਾ ਹੋ ਕੇ ਉਸ ਨੇ ਸਕੂਟਰ ਲੈ ਲਿਆ। ਜਦੋਂ ਅੰਮ੍ਰਿਤਾ ਰੇਡੀਓ ਪ੍ਰੋਗਰਾਮ ਤੋਂ ਵਿਹਲੀ ਹੁੰਦੀ ਉਦੋਂ ਸਕੂਟਰ ਲੈ ਕੇ ਚੁੱਪ ਚਾਪ ਬਾਹਰ ਖੜ੍ਹਾ ਹੋ ਜਾਂਦਾ। ਇਸ ਤੋਂ ਪਹਿਲਾਂ ਅੰਮ੍ਰਿਤਾ ਸ਼ਮ੍ਹਾਂ ਰਿਸਾਲੇ ਦੇ ਦਫ਼ਤਰ ਵਿਚ ਕਿਸੇ ਹੋਰ ਆਰਟਿਸਟ ਦੇ ਰਾਹੀਂ ਉਸ ਨੂੰ ਮਿਲੀ ਸੀ। ਹੁਣ ਬਰਾਸਤਾ ਸਕੂਟਰ ਉਨ੍ਹਾਂ ਦੋਵਾਂ ਦੀ ਪਿਆਰ-ਕਹਾਣੀ ਦਾ ਮੁੱਢ ਬੱਝ ਗਿਆ। ਅੰਮ੍ਰਿਤਾ ਉਸ ਦੇ ਅਨੋਖੇ ਅੰਦਾਜ਼ ਤੋਂ ਪ੍ਰਭਾਵਿਤ ਹੋ ਗਈ। ਉਹ ਬਹੁਤ ਘੱਟ ਬੋਲਦਾ ਸੀ। ਸਕੂਟਰ ਦੇ ਪਿੱਛੇ ਬੈਠੀ ਅੰਮ੍ਰਿਤਾ ਉਸ ਦੀ ਪਿੱਠ ਤੇ ਸਾਹਿਰ ਸਾਹਿਰ ਲਿਖਦੀ ਰਹਿੰਦੀ। ਸਾਹਿਰ ਲੁਧਿਆਣਵੀ ਦੇ ਪਿਆਰ ਵਿਚ ਹੀ ਉਸ ਦੀ ਲੇਖਣੀ ਭਾਵੁਕਤਾ ਦੀ ਸਿਖਰ ਤੇ ਪਹੁੰਚਦੀ ਗਈ ਪਰ ਸਾਹਿਰ ਨਾਲ਼ ਸਦੀਵੀ ਮੇਲ ਨਹੀਂ ਹੋ ਸਕਿਆ। ਇਮਰੋਜ਼ ਨੂੰ ਇਹ ਸਭ ਪਤਾ ਸੀ ਪਰ ਉਸ ਨੇ ਤਾਂ ਆਪਣੀ ਕਲਾ, ਆਪਣਾ ਜੀਵਨ ਅੰਮ੍ਰਿਤਾ ਤੇ ਨਿਸ਼ਾਵਰ ਕਰ ਦਿੱਤਾ। ਇਸ਼ਕ ਨੂੰ ਇਬਾਦਤ ਸਮਝ ਪੂਜਦਾ ਰਿਹਾ।

ਸਮਾਂ ਲੰਘਦਾ ਗਿਆ। ਅੰਮ੍ਰਿਤਾ ਦੇ ਪਤੀ ਪ੍ਰੀਤਮ ਸਿੰਘ ਕਵਾਤੜੇ ਦਾ ਕਾਰੋਬਾਰ ਚੰਗਾ ਚੱਲ ਪਿਆ। ਹੌਜ਼ ਖਾਸ 20 ਨੰਬਰ ਦੋ ਮੰਜ਼ਿਲਾ ਵੱਡਾ ਘਰ ਬਣ ਗਿਆ। ਇਮਰੋਜ਼ ਹੋਰ ਨੇੜੇ ਹੁੰਦਾ ਗਿਆ। ਅੰਤ ਨੂੰ ਓਥੇ ਹੀ ਰਹਿਣ ਲੱਗ ਪਿਆ। ਪ੍ਰੀਤਮ ਸਿੰਘ ਕਵਾਤੜਾ ਇਕ ਵੱਡੇ ਜਿਗਰੇ ਵਾਲ਼ਾ ਸਮਝਦਾਰ ਇਨਸਾਨ ਸੀ। ਇਮਰੋਜ਼ ਦੀ ਚਿਤਰਕਾਰੀ ਦੀ ਕਲਾ ਨਾਲ਼ ਅੰਮ੍ਰਿਤਾ ਦੀ ਸਾਹਿਤਕ ਕਿਰਤ ਵਧਦੀ ਗਈ। ਨਾਗਮਣੀ ਰਿਸਾਲੇ ਦੀ ਪੂਰੀ ਦਿੱਖ ਇਮਰੋਜ਼ ਦੀ ਡਿਜ਼ਾਈਨ ਕੀਤੀ ਹੁੰਦੀ। ਅੰਮ੍ਰਿਤਾ ਦੀਆਂ ਕਿਤਾਬਾਂ ਦੇ ਟਾਈਟਲ ਕਵਰ ਇਮਰੋਜ਼ ਦੀਆਂ ਪੇਂਟਿੰਗਾਂ ਨਾਲ਼ ਸ਼ਿੰਗਾਰੇ ਹੁੰਦੇ ਅਤੇ ਇਹ ਪੇਂਟਿੰਗਾਂ ਘਰ ਦੀਆਂ ਕੰਧਾਂ ਉਪਰ ਮੂੰਹੋਂ ਬੋਲਦੀਆਂ ਸਨ। ਨਾਗਮਣੀ ਦੇ ਕਵਰ ਉੱਤੇ ਸੰਪਾਦਕ ਦੀ ਥਾਂ ਲਿਖਿਆ ਹੁੰਦਾ ਕਾਮੇ ਅੰਮ੍ਰਿਤਾ-ਇਮਰੋਜ਼।



ਸਾਨੂੰ ਅੰਮ੍ਰਿਤਾ ਅਤੇ ਇਮਰੋਜ਼ ਨੂੰ ਮਿਲਣ ਦੇ ਮੌਕੇ ਮਿਲਦੇ ਰਹੇ। ਪਹਿਲੀ ਵਾਰ ਮੈਂ ਅੰਮ੍ਰਿਤਸਰ ਕਵੀ ਦਰਬਾਰ ਵਿਚ ਮਿਲੀ। ਮੇਰੇ ਪਤੀ ਨਿਰੰਜਣ ਸਿੰਘ ਮਾਨ ਨੂੰ ਮਿਲ ਕੇ ਇਮਰੋਜ਼ ਬਚਪਨ ਯਾਦ ਕਰਨ ਲੱਗਿਆ। ਇਮਰੋਜ਼ ਦੇ ਮਾਪਿਆਂ ਦਾ ਪਿੰਡ ਅੰਮ੍ਰਿਤਸਰ ਦੇ ਨੇੜੇ ਸੀ। ਉਸ ਦੀ ਭੈਣ ਵੀ ਓਥੇ ਮਿਲੀ। ਇਕ ਵਾਰ ਜਲੰਧਰ ਕਵੀ ਦਰਬਾਰ ਵਿਚ ਅੰਮ੍ਰਿਤਾ ਨੂੰ ਸੁਨਣ-ਵੇਖਣ ਦੂਰੋਂ-ਦੂਰੋਂ ਸਰੋਤੇ ਆਏ ਹੋਏ ਸਨ। ਏਥੇ ਅਸੀਂ ਹੋਟਲ ਵਿਚ ਵੀ ਇਕੱਠੇ ਹੋ ਗਏ। ਅੰਮ੍ਰਿਤਾ ਦੀਆਂ ਕਿਤਾਬਾਂ ਜਿਉਂ-ਜਿਉਂ ਛਪਦੀਆਂ, ਇਨਾਮਾਂ ਦੀ ਝੜੀ ਲਗਦੀ ਰਹੀ। ਭਾਸ਼ਾ ਵਿਭਾਗ ਪਟਿਆਲ਼ਾ ਨੇ ਇਨਾਮ ਦੇ ਕੇ ਸਨਮਾਨਿਤ ਕੀਤਾ। ਉਸ ਦੀ ਕਵਿਤਾਵਾਂ ਦੀ ਕਿਤਾਬ ਸੁਨੇਹੜੇ ਨੂੰ 1956 ਵਿਚ ਸਾਹਿਤ ਅਕਾਦਮੀ ਐਵਾਰਡ ਮਿਲਿਆ। ਸਾਹਿਤ ਦਾ ਸ਼੍ਰੋਮਣੀ ਐਵਾਰਡ ਗਿਆਨਪੀਠ ਐਵਾਰਡ 1982 ਵਿਚ ਮਿਲਿਆ। ਭਾਰਤ ਸਰਕਾਰ ਵੱਲੋਂ 2005 ਵਿਚ ਅੰਮ੍ਰਿਤਾ ਨੂੰ ਪਦਮ ਭੂਸ਼ਣ ਦੀ ਉਪਾਧੀ ਨਾਲ ਨਿਵਾਜਿਆ ਗਿਆ। ਓਦੋਂ ਉਹ ਬਹੁਤ ਬੀਮਾਰ, ਮਰਨ ਕਿਨਾਰੇ ਸੀ। ਇਨ੍ਹਾਂ ਸਾਰੀਆਂ ਪ੍ਰਾਪਤੀਆਂ ਦੇ ਪਿੱਛੇ ਇਮਰੋਜ਼ ਦਾ ਪੂਰਨ ਸਮਰਪਣ ਝਲਕਦਾ ਹੈ। ਉਹ ਉਸ ਦਾ ਹਰ ਵਕਤ ਹਰ ਤਰ੍ਹਾਂ ਦਾ ਖਿਆਲ ਰਖਦਾ। ਉਹ ਹਰ ਘੜੀ ਅੰਮ੍ਰਿਤਾ ਨਾਲ਼ ਕਲਾ ਦਾ ਪ੍ਰੇਰਨਾਸਰੋਤ ਤੇ ਉਤਸ਼ਾਹ ਦਾ ਸਹਾਰਾ ਬਣ ਕੇ ਰਹਿੰਦਾ। ਅੰਮ੍ਰਿਤਾ ਦੇ ਖਾਣ-ਪੀਣ ਤੋਂ ਲੈਕੇ ਆਏ ਗਏ ਦੀ ਆਓਭਗਤ ਦੀ ਜ਼ਿੰਮੇਵਾਰੀ ਨਿਭਾਉਂਦਾ।

ਸੰਨ 2003 ਵਿਚ ਸਾਡੇ ਨਾਲ਼ ਪੰਜਾਬ ਦੀ ਕੋਇਲ ਸੁਰਿੰਦਰ ਕੌਰ ਵੀ ਅੰਮ੍ਰਿਤਾ ਨੂੰ ਮਿਲਣ ਗਈ ਸੀ। ਓਦੋਂ ਵੀ ਅੰਮ੍ਰਿਤਾ ਬੀਮਾਰ ਹੀ ਸੀ ਪਰ ਲਿਖਣ ਵੱਲ ਰੁਚਿਤ ਰਹਿੰਦੀ। ਇਸ ਸਮੇਂ ਦੀਆਂ ਕਿਤਾਬਾਂ ਅਤੇ ਗੱਲਾਂ ਬਾਤਾਂ ਵਿਚ ਸ਼ਿਰੜੀ ਦੇ ਸਾਈਂ ਬਾਬੇ ਵਗੈਰਾ ਦੇ ਕਾਰਨਾਮਿਆਂ ਦਾ ਵਰਣਨ ਹੁੰਦਾ। ਇਸ ਸਮੇਂ ਦੀਆਂ ਤਸਵੀਰਾਂ ਇਮਰੋਜ਼ ਨੇ ਸਾਡੇ ਕੈਮਰੇ ਵਿਚ ਖਿੱਚੀਆਂ। ਦੂਜੀ ਵਾਰ ਅਸੀਂ ਕੈਨੇਡਾ ਜਾਣ ਸਮੇਂ ਕੁੱਝ ਸਮਾਂ ਉਨ੍ਹਾਂ ਨੂੰ ਮਿਲਣ ਲਈ ਗਏ। ਅੰਮ੍ਰਿਤਾ ਸਖਤ ਬੀਮਾਰ ਸੀ। ਇਮਰੋਜ਼ ਤੇ ਅੰਮ੍ਰਿਤਾ ਦੀ ਨੂੰਹ ਅਲਕਾ ਸੇਵਾ-ਸੰਭਾਲ਼ ਵਿਚ ਲੱਗੇ ਰਹਿੰਦੇ। ਉਹ ਪੀੜ ਨਾਲ਼ ਕੁਰਰਾਹ ਰਹੀ ਸੀ। ਦੇਖ ਕੇ ਅਸੀਂ ਘਬਰਾ ਗਏ। ਜਦੋਂ ਕੁੱਝ ਟਿਕੀ ਤਾਂ ਇਮਰੋਜ਼ ਸਾਨੂੰ ਉਸ ਦੇ ਕਮਰੇ ਵਿਚ ਲੈ ਗਿਆ। ਉਹ ਦਵਾਈ ਦੇ ਅਸਰ ਹੇਠ ਅੱਖਾਂ ਬੰਦ ਕਰੀ ਪਈ ਸੀ। ਅਸੀਂ ਮੰਜੇ ਦੇ ਪੁਰਾਂਦੀਂ ਖੜ੍ਹ ਕੇ ਸਿਜਦਾ ਕੀਤਾ, ਪੈਰ ਛੂਹੇ, ਇਮਰੋਜ਼ ਨਾਲ਼ ਦੁੱਖ ਸਾਂਝਾ ਕਰ ਕੇ ਆ ਗਏ ਤੇ ਜਹਾਜ਼ ਚੜ੍ਹ ਗਏ। ਹਾਂ, ਇਮਰੋਜ਼ ਨੇ ਸਾਨੂੰ ਵੱਡੀ ਲੱਕੜ ਦੇ ਫਰੇਮ ਤੇ ਆਪਣੀ ਅਤੇ ਅੰਮ੍ਰਿਤਾ ਦੀ ਬਲੈਕ ਐਂਡ ਵ੍ਹਾਈਟ ਫੋਟੋ ਦਿੱਤੀ ਜਿਸ ਨੂੰ ਅਸੀਂ ਬੇਸ਼ਕੀਮਤੀ ਯਾਦਗਾਰ ਵਜੋਂ ਸੰਭਾਲ਼ ਕੇ ਰੱਖਿਆ ਹੋਇਆ ਹੈ।

ਛੇ ਮਹੀਨੇ ਬਾਅਦ ਅਸੀਂ ਫੇਰ ਭਾਰਤ ਗਏ ਤਾਂ ਦਿੱਲੀ ਏਅਰਪੋਰਟ ਤੋਂ ਸਿੱਧੇ ਪਟਿਆਲ਼ੇ ਚਲੇ ਗਏ। ਉਹ ਅਜੇ ਜਿਉਂਦੀ ਸੀ ਪਰ ਹਾਲਤ ਬਹੁਤ ਖਰਾਬ ਸੀ। ਅਕਤੂਬਰ ਦਾ ਆਖਰੀ ਹਫ਼ਤਾ ਸੀ। ਅਕਤੂਬਰ 31 ਨੂੰ ਅਸੀਂ ਜਦੋਂ ਪਟਿਆਲ਼ੇ ਤੋਂ ਜਲੰਧਰ ਗ਼ਦਰੀ ਬਾਬਿਆਂ ਦੇ ਮੇਲੇ ਤੇ ਪਹੁੰਚੇ ਤਾਂ ਓਥੇ ਅੰਮ੍ਰਿਤਾ ਦੇ ਸਵਾਸ ਛੱਡਣ ਦੀ ਮਨਹੂਸ ਖ਼ਬਰ ਮਿਲੀ। ਬੜਾ ਦੁੱਖ ਅਤੇ ਨਾਲ਼ ਹੀ ਪਛਤਾਵਾ ਵੀ ਹੋਇਆ ਕਿ ਅਸੀਂ ਆਉਂਦੇ ਹੋਏ ਆਖਰੀ ਦਰਸ਼ਨ ਕਿਉਂ ਨਾ ਕਰ ਕੇ ਆਏ। ਬਸ ਫੋਨ ਤੇ ਹੀ ਇਮਰੋਜ਼ ਨਾਲ਼ ਗੱਲ-ਬਾਤ ਹੁੰਦੀ ਰਹੀ।

ਅੰਮ੍ਰਿਤਾ ਪ੍ਰੀਤਮ ਦੀ ਆਖਰੀ ਕਵਿਤਾ ਮੈਂ ਤੈਨੂੰ ਫਿਰ ਮਿਲਾਂਗੀ ਇਮਰੋਜ਼ ਨੂੰ ਜਿਉਂਦੀ ਹੋਣ ਦਾ ਇਕਰਾਰ ਦੇ ਗਈ। ਉਹ ਐਨੇ ਵਰ੍ਹੇ ਆਪਣੀ ਕਲਾ ਅਤੇ ਅੰਮ੍ਰਿਤਾ ਦੇ ਹਰ ਸਮੇਂ ਨਾਲ਼ ਹੋਣ ਦੇ ਅਹਿਸਾਸ ਨਾਲ਼ ਜਿਉਂਦਾ ਰਿਹਾ। ਅੰਤ ਨੂੰ 26 ਦਸੰਬਰ, 2023 ਨੂੰ ਕਲਾ ਦਾ ਸੂਰਜ ਛਿਪ ਗਿਆ। ਅੰਮ੍ਰਿਤਾ ਦੇ ਜਾਣ ਤੋਂ ਬਾਅਦ 20 ਹੌਜ਼ ਖਾਸ ਢਹਿ ਢੇਰੀ ਹੋਇਆ। ਇਮਰੋਜ਼ ਨੇ ਆਪਣੀ ਕਲਾ ਦੀ ਪੂੰਜੀ ਨਾਲ਼ ਲੈ ਕੇ ਗਰੇਟਰ ਕੈਲਾਸ਼ -1 ਦੇ ਅਪਾਰਟਮੈਂਟ ਵਿਚ ਜਾ ਨਿਵਾਸ ਕੀਤਾ। ਪ੍ਰੋ. ਨਿਰੰਜਣ ਸਿੰਘ ਮਾਨ ਦੇ ਸਦੀਵੀ ਵਿਛੋੜੇ ਤੋਂ ਬਾਅਦ ਮੈਂ 2013 ਵਿਚ ਵਤਨ ਮੁੜੀ ਸਾਂ ਤਾਂ ਇਮਰੋਜ਼ ਨੂੰ ਇਸੇ ਅਪਾਰਟਮੈਂਟ ਵਿਚ ਮਿਲੀ ਸਾਂ। ਚਾਰੇ ਪਾਸੇ ਅੰਮ੍ਰਿਤਾ ਦੀਆਂ ਤਸਵੀਰਾਂ ਨਾਲ਼ ਕਲਾ-ਮੰਦਰ ਸਜਾਇਆ ਹੋਇਆ ਸੀ। ਅਹਿਸਾਸ ਇਹੀ ਸੀ ਕਿ ਅੰਮ੍ਰਿਤਾ ਉਸ ਦੇ ਨਾਲ਼ ਹੈ ਹਰ ਸਮੇਂ। ਦੁੱਖ-ਸੁੱਖ ਸਾਂਝਾ ਕਰ ਮੈਂ ਵਾਪਸ ਕੈਨੇਡਾ ਆ ਗਈ ਸੀ। ਪਿਆਰ, ਤਿਆਗ, ਕਲਾ, ਪੂਰਨ ਸਮਰਪਣ ਅਤੇ ਸੇਵਾ ਦਾ ਅਦੁਤੀ ਸੁਮੇਲ - ਇਮਰੋਜ਼ ਸਦਾ ਅਮਰ ਰਹੇਗਾ।

# ਹਿੰਦੂ ਰਾਸ਼ਟਰ ਬਣਾਉਣ ਦੀ ਬਜਾਏ ਧਰਮ ਨਿਰਪੱਖਤਾ ਤੇ ਪਹਿਰਾ ਦੇਣ ਦੀ ਲੋੜ



ਬਲਵਿੰਦਰ ਸਿੰਘ ਭੁੱਲਰ
ਮੋਬਾ: 098882 75913

ਭਾਰਤ ਇੱਕ ਜਮਹੂਰੀਅਤ ਦੇਸ਼ ਹੈ, ਇਸਦਾ ਸੰਵਿਧਾਨ ਧਰਮ ਨਿਰਪੱਖ ਹੈ। ਹਜ਼ਾਰਾਂ ਸਾਲਾਂ ਤੋਂ ਸਾਡੇ ਦੇਸ਼ 'ਚ ਵੱਖ ਵੱਖ ਧਰਮ, ਫਿਰਕੇ, ਜਾਤਾਂ ਦੇ ਲੋਕ ਸਾਂਤਮਈ ਢੰਗ ਨਾਲ ਰਹਿੰਦੇ ਹਨ। ਪਰ ਕੇਂਦਰ ਦੀ ਮੌਜੂਦਾ ਮੋਦੀ ਦੀ ਅਗਵਾਈ ਵਾਲੀ ਭਾਜਪਾ ਸਰਕਾਰ ਆਰ ਐੱਸ ਐੱਸ ਦਾ ਹਿੰਦੂਤਵੀ ਏਜੰਡਾ ਲਾਗੂ ਕਰਕੇ ਭਾਰਤ ਨੂੰ ਹਿੰਦੂ ਰਾਸ਼ਟਰ ਬਣਾਉਣ ਲਈ ਦੂਜੇ ਧਰਮਾਂ ਅਤੇ ਘੱਟ ਗਿਣਤੀਆਂ ਤੇ ਲਗਾਤਾਰ ਹਮਲੇ ਕਰਵਾ ਰਹੀ ਹੈ ਅਤੇ ਉਹਨਾਂ ਦੇ ਧਾਰਮਿਕ ਅਸਥਾਨਾਂ ਨੂੰ ਖੋਹ ਕੇ ਹਿੰਦੂ ਅਸਥਾਨਾਂ ਵਿੱਚ ਤਬਦੀਲ ਕਰਨ ਦੇ ਰਾਹ ਤੁਰੀ ਹੋਈ ਹੈ। ਭਾਜਪਾ ਦੀਆਂ ਇਹ ਨੀਤੀਆਂ ਦੇਸ਼ ਦੇ ਭਲੇ ਵਿੱਚ ਨਹੀਂ ਬਲਕਿ ਤਬਾਹੀ ਵੱਲ ਧੱਕਣ ਵਾਲੀਆਂ ਹਨ।

ਕਈ ਦਹਾਕੇ ਪਹਿਲਾਂ ਇਸ ਏਜੰਡੇ ਤਹਿਤ ਬਾਬਰੀ ਮਸਜਿਦ ਰਾਮ ਮੰਦਰ ਦਾ ਮੁੱਦਾ ਉਠਾਇਆ ਗਿਆ। ਅਦਾਲਤਾਂ ਵਿੱਚ ਮੁਕੱਦਮੇ ਦਾਇਰ ਕੀਤੇ ਅਤੇ ਸਮੇਂ ਸਮੇਂ ਮੁਸਲਮਾਨ ਧਰਮ ਦੇ ਲੋਕਾਂ ਤੇ ਦਬਾਅ ਬਣਾਏ ਗਏ। ਜਦ ਭਾਜਪਾ ਤਾਕਤ ਵਿੱਚ ਆ ਗਈ ਤਾਂ ਬਾਬਰੀ ਮਸਜਿਦ ਢਾਹ ਦਿੱਤੀ ਗਈ ਅਤੇ ਉਸ ਥਾਂ ਤੇ ਰਾਮ ਮੰਦਰ ਦੀ ਉਸਾਰੀ ਕਰ ਲਈ। ਰਾਜਕੀ ਦਬਾਅ ਨਾਲ ਬਾਬਰੀ ਮਸਜਿਦ ਨੂੰ ਇੱਕ ਪਾਸੇ ਧੱਕ ਦਿੱਤਾ ਗਿਆ। ਉੱਥੋਂ ਮਿਲੇ ਹੌਸਲੇ ਸਦਕਾ ਕੱਟੜਪੰਥੀ ਹਿੰਦੂਆਂ ਨੇ ਮੁਸਲਮਾਨਾਂ ਨੂੰ ਗਊ ਮਾਸ ਦੇ ਨਾਂ ਹੇਠ ਮਾਰਨਾ ਕੁੱਟਣਾ ਸੁਰੂ ਕਰ ਦਿੱਤਾ। ਇਸ ਦੇ ਨਾਲ ਹੀ ਉਹਨਾਂ ਦੇ ਹੋਰ ਧਾਰਮਿਕ ਅਸਥਾਨਾਂ ਤੇ ਕਬਜੇ ਕਰਨ ਦੀ ਨੀਅਤ ਨਾਲ ਮੁੱਦੇ ਖੜੇ ਕਰ ਦਿੱਤੇ, ਜਿਹਨਾਂ ਥਾਵਾਂ ਤੇ ਸਦੀਆਂ ਤੋਂ ਮੁਸਲਮਾਨ ਕਾਬਜ ਹੀ ਨਹੀਂ, ਬਲਕਿ ਉੱਥੇ ਆਪਣੀਆਂ ਧਾਰਮਿਕ ਰਸਮਾਂ ਵੀ ਕਰਦੇ ਆ ਰਹੇ ਹਨ।

ਉੱਤਰ ਪ੍ਰਦੇਸ਼ ਦੇ ਸੰਭਲ ਜਿਲ੍ਹੇ ਦੇ ਕਸਬੇ ਚੰਕੋਸੀ ਦੀ ਸਦੀਆਂ ਪੁਰਾਣੀ ਇੱਕ ਮਸਜਿਦ ਤੇ ਨਜਾਇਜ ਕਬਜਾ ਕਰਨ ਲਈ ਹਿੰਦੂ ਕੱਟੜਵਾਦੀਆਂ ਨੇ ਇਹ ਕਹਿਣਾ ਸੁਰੂ ਕਰ ਦਿੱਤਾ ਕਿ ਇਸ ਥਾਂ ਉੱਤੇ ਪਹਿਲਾਂ ਇੱਕ ਮੰਦਰ ਹੁੰਦਾ ਸੀ, ਜਿਸਦਾ ਨਾਂ 'ਸ੍ਰੀ ਹਰੀ ਹਰ ਮੰਦਰ' ਸੀ। ਜਿਸਨੂੰ 1526 ਵਿੱਚ ਢਾਹ ਕੇ ਮਸਜਿਦ ਦੀ ਉਸਾਰੀ ਕੀਤੀ ਗਈ ਸੀ। ਲੋਕਾਂ ਵਿੱਚ ਅਜਿਹਾ ਪ੍ਰਚਾਰ ਕਰਨ ਉਪਰੰਤ ਇਸ ਤੱਥ ਨੂੰ ਕਾਨੂੰਨੀ ਜਾਮਾ ਪਹਿਨਾਉਣ ਲਈ ਕੁੱਝ ਦਿਨ ਪਹਿਲਾਂ 19 ਨਵੰਬਰ ਨੂੰ ਉੱਥੋਂ ਦੀ ਇੱਕ ਹੇਠਲੀ ਅਦਾਲਤ ਵਿੱਚ ਕੇਸ ਦਾਇਰ ਕਰ ਦਿੱਤਾ। ਕੁੱਝ ਘੰਟਿਆਂ ਵਿੱਚ ਹੀ ਉਸ ਅਦਾਲਤ ਦੇ ਸਿਵਲ ਜੱਜ ਸੀਨੀਅਰ ਡਵੀਜਨ ਸ੍ਰੀ ਅਦਿੱਤਯ ਸਿੰਘ ਨੇ ਆਦੇਸ ਵੀ ਦੇ ਦਿੱਤਾ ਕਿ ਇਸ ਮਸਜਿਦ ਦਾ ਸਰਵੇ ਕੀਤਾ ਜਾਵੇ। ਸਰਵਾ ਕਰਨ ਲਈ ਜਦ ਟੀਮ ਸਬੰਧਤ ਥਾਂ ਤੇ ਪਹੁੰਚੀ ਤਾਂ ਦੰਗੇ ਭੜਕ ਗਏ, ਪੱਥਰਬਾਜੀ ਹੋਈ ਅੱਗਾਂ ਲੱਗੀਆਂ ਅਤੇ ਤਿੰਨ ਵਿਅਕਤੀਆਂ ਦੀ ਮੌਤ ਵੀ ਹੋ ਗਈ।

ਹਿੰਦੂ ਕੱਟੜਵਾਦੀਆਂ ਦੀ ਇਸ ਫਿਰਕੂ ਚਾਲ ਦੀ ਸਖ਼ਤ ਨਿੰਦਾ ਕਰਦਿਆਂ ਉੱਤਰ ਪ੍ਰਦੇਸ਼ ਦੇ ਇੱਕ ਸੰਸਦ ਮੈਂਬਰ ਜਿਆ ਉਰ ਰਹਿਮਾਨ ਨੇ ਕਿਹਾ ਕਿ ਬਾਹਰੀ ਲੋਕਾਂ ਨੇ ਇੱਕ ਅਦਾਲਤ ਵਿੱਚ ਕੇਸ ਦਾਇਰ ਕਰਕੇ ਹਾਲਾਤ ਵਿਗਾੜਣ ਦਾ ਮੁੱਢ ਬੰਨ੍ਹਿਆ ਹੈ। ਜਾਮਾ ਮਸਜਿਦ ਧਿਰ ਵੱਲੋਂ ਸਰਵਉੱਚ ਅਦਾਲਤ ਵਿੱਚ ਪਹੁੰਚ ਕਰਨ ਤੇ ਜੱਜ ਸਾਹਿਬਾਨਾਂ ਨੇ ਕਿਹਾ ਕਿ ਪਹਿਲਾਂ ਹੀ ਸੁਪਰੀਮ ਕੋਰਟ ਵੱਲੋਂ ਕਿਹਾ ਜਾ ਚੁੱਕਾ ਹੈ ਕਿ 1947 ਵੇਲੇ ਦੇ ਸਾਰੇ ਧਰਮ ਅਸਥਾਨ ਉਸੇ ਤਰ੍ਹਾਂ ਬਣੇ ਰਹਿਣਗੇ। ਹੁਣ ਸਰਵਉੱਚ ਅਦਾਲਤ ਨੇ ਇਸ ਮਸਜਿਦ ਦੇ ਸਰਵੇ ਤੇ ਰੋਕ ਲਾ ਦਿੱਤੀ ਹੈ। ਜਿਸ ਨਾਲ ਸਾਂਤੀ ਹੋਣ ਦੀ ਉਮੀਦ ਬੱਝੀ ਹੈ।

ਇਹ ਮਾਮਲਾ ਅਜੇ ਠੰਢਾ ਨਹੀਂ ਹੋਇਆ ਦੂਜੇ ਪਾਸੇ ਰਾਜਸਥਾਨ ਦੇ ਅਜਮੇਰ ਸ਼ਹਿਰ ਵਿਖੇ ਮੁਸਲਮਾਨ ਧਰਮ ਦੇ ਸਦੀਆਂ ਪੁਰਾਣੇ ਅਤੀ ਪੂਜਣਯੋਗ ਅਸਥਾਨ ਅਜਮੇਰ ਸ਼ਰੀਫ ਵਾਲੀ ਜਗਾਹ ਤੇ ਕੱਟੜਵਾਦੀ ਹਿੰਦੂਆਂ ਵੱਲੋਂ ਪਹਿਲਾਂ ਮੰਦਰ ਹੋਣ ਦਾ ਢੰਡੋਰਾ ਪਿੱਟਣਾ ਸੁਰੂ ਕਰ ਦਿੱਤਾ। ਇਸ ਤੋਂ ਬਾਅਦ ਹੁਣ ਹਿੰਦੂ ਸੈਨਾ ਦੇ ਪ੍ਰਧਾਨ ਵਿਸਨੂੰ ਗੁਪਤਾ ਨੇ ਅਦਾਲਤ ਵਿੱਚ ਕੇਸ ਦਾਇਰ ਕਰ ਦਿੱਤਾ ਕਿ ਇਸ ਥਾਂ ਤੇ ਪਹਿਲਾਂ ਸਿਵ ਮੰਦਰ ਹੁੰਦਾ ਸੀ। ਇਸ ਲਈ ਇੱਥੇ ਹਿੰਦੂਆਂ ਨੂੰ ਪੂਜਾ ਕਰਨ ਦੀ ਪ੍ਰਵਾਨਗੀ ਦਿੱਤੀ ਜਾਵੇ ਅਤੇ ਪੁਰਾਤੱਤਵ ਵਿਭਾਗ ਤੋਂ ਸਰਵੇ ਕਰਵਾਇਆ ਜਾਵੇ। ਇਸ ਕੇਸ ਦਾ ਆਧਾਰ ਅਜਮੇਰ ਸ਼ਹਿਰ ਦੇ ਇੱਕ ਵਸਨੀਕ ਹਰਵਿਲਾਸ ਦੀ 1911 ਵਿੱਚ ਲਿਖੀ ਪੁਸਤਕ ਨੂੰ ਬਣਾਇਆ ਗਿਆ ਹੈ, ਜਿਸ ਵਿੱਚ ਦਰਜ ਹੈ ਕਿ ਇਸ ਜਗਾਹ ਤੇ ਪਹਿਲਾਂ ਸਿਵ ਮੰਦਰ ਹੁੰਦਾ ਸੀ। ਅਦਾਲਤ ਨੇ ਇਹ ਪਟੀਸਨ ਸਵੀਕਾਰ ਵੀ ਕਰ ਲਈ ਹੈ। ਸੁਆਲ ਉੱਠਦਾ ਹੈ ਕਿ ਕਿਸੇ ਇੱਕ ਆਮ ਵਿਅਕਤੀ ਵੱਲੋਂ ਲਿਖੀ ਕਿਤਾਬ ਨੂੰ ਆਧਾਰ ਕਿਵੇਂ ਬਣਾਇਆ ਜਾ ਸਕਦਾ ਹੈ ? ਇਸਨੂੰ ਇਤਿਹਾਸਕ ਕਿਵੇਂ ਮੰਨਿਆ ਜਾ ਸਕਦਾ ਹੈ ?

ਇਸੇ ਤਰ੍ਹਾਂ ਦਾ ਮਾਮਲਾ ਹੀ ਮਥੁਰਾ ਸ਼ਹਿਰ ਨਾਲ ਸਬੰਧਤ ਹੈ। ਇਸ ਸ਼ਹਿਰ ਵਿੱਚ ਭਗਾਨ ਸ੍ਰੀ ਕ੍ਰਿਸ਼ਨ ਜੀ ਦੇ ਜਨਮ ਅਸਥਾਨ ਮੰਦਰ ਦੇ ਨਜਦੀਕ ਹੀ ਇੱਕ ਈਦਗਾਹ ਹੈ, ਜਿੱਥੇ ਸਦੀਆਂ ਤੋਂ ਮੁਸਲਮਾਨ ਨਮਾਜ ਅਦਾ ਕਰਦੇ ਹਨ ਤੇ ਹੋਰ ਰਸਮਾਂ ਨਿਭਾਉਂਦੇ ਹਨ। ਕੁੱਝ ਕੱਟੜਵਾਦੀ ਹਿੰਦੂ ਨਹੀਂ ਚਾਹੁੰਦੇ ਕਿ ਉਹਨਾਂ ਦੇ ਮੰਦਰ ਦੇ ਨਜਦੀਕ ਕੋਈ ਈਦਗਾਹ ਹੋਵੇ। ਉਹਨਾਂ ਇਹ ਮੁੱਦਾ ਬਣਾ ਲਿਆ ਅਤੇ ਅਦਾਲਤ ਵਿੱਚ ਕੇਸ ਦਾਇਰ ਕਰ ਦਿੱਤੇ। ਈਦਗਾਹ ਧਿਰ ਨਾਲ ਸਬੰਧਤ ਲੋਕਾਂ ਨੇ ਇਸ ਧੱਕੇਸ਼ਾਹੀ ਵਿਰੁੱਧ ਹਾਈਕੋਰਟ ਇਲਾਹਾਵਾਦ ਤੱਕ ਪਹੁੰਚ ਕੀਤੀ। ਪਰ ਹਾਈਕੋਰਟ ਨੇ ਵੀ ਈਦਗਾਹ ਧਿਰ ਦੀ ਪਟੀਸ਼ਨ ਨੂੰ ਖਾਰਜ ਕਰ ਦਿੱਤਾ। ਇਸ ਉਪਰੰਤ ਇਹ ਮਾਮਲਾ ਸਰਵਉੱਚ ਅਦਾਲਤ ਤੱਕ ਪੁੱਜ ਗਿਆ। ਸੁਪਰੀਮ ਕੋਰਟ ਦੇ ਚੀਫ਼ ਜਸਟਿਸ ਸੰਜੀਵ ਖੰਨਾ ਤੇ ਜਸਟਿਸ ਸੰਜੈ ਕੁਮਾਰ ਨੇ ਇਸ ਮਾਮਲੇ ਦੀ ਸੁਣਵਾਈ 9 ਦਸੰਬਰ ਤੇ ਰੱਖ ਲਈ ਹੈ। ਚੀਫ਼ ਜਸਟਿਸ ਨੇ ਕਿਹਾ ਕਿ ਉਸ ਦਿਨ ਇਸ ਮਾਮਲੇ ਤੇ ਵਿਸਥਾਰ ਨਾਲ ਸੁਣਵਾਈ ਹੋਵੇਗੀ ਅਤੇ ਕਾਨੂੰਨੀ ਸਥਿਤੀ ਬਾਰੇ ਵਿਚਾਰਿਆ ਜਾਵੇਗਾ।

ਇਹਨਾਂ ਉਪਰੋਕਤ ਮਾਮਲਿਆਂ ਤੋਂ ਸਪਸ਼ਟ ਹੁੰਦਾ ਹੈ ਕਿ ਕੱਟੜਵਾਦੀ ਹਿੰਦੂ ਸੰਗਠਨ ਮੁਸਲਮਾਨਾਂ ਦੇ ਧਾਰਮਿਕ ਅਸਥਾਨਾਂ ਤੇ ਕਬਜੇ ਕਰਕੇ ਉਹਨਾਂ ਦੀ ਜਗਾਹ ਹਿੰਦੂ ਮੰਦਰ ਬਣਾਉਣ ਲਈ ਯਤਨਸ਼ੀਲ ਹਨ। ਭਾਰਤ ਜਮਹੂਰੀ ਦੇਸ ਹੈ ਅਤੇ ਇਸਦਾ ਸੰਵਿਧਾਨ ਧਰਮ ਨਿਰਪੱਖ ਹੈ। ਕੇਂਦਰ ਦੀ ਮੋਦੀ ਸਰਕਾਰ ਸੰਵਿਧਾਨ ਦੀਆਂ ਧੱਜੀਆਂ ਉਡਾ ਕੇ ਕੱਟੜਵਾਦੀਆਂ ਨੂੰ ਸਹਿ ਤੇ ਮੱਦਦ ਦੇ ਕੇ ਦੇਸ਼ ਨੂੰ ਹਿੰਦੂ ਰਾਸ਼ਟਰ ਬਣਾਉਣ ਦੇ ਰਾਹ ਤੁਰੀ ਹੋਈ ਹੈ। ਅਜਿਹੇ ਡਰ ਦੇ ਮਾਹੌਲ ਵਿੱਚ ਲੋਕਤੰਤਰ ਦੀ ਭਾਵਨਾ ਕਾਇਮ ਨਹੀਂ ਰਹਿ ਸਕਦੀ, ਦੇਸ਼ ਦੇ ਹਾਲਾਤ ਖ਼ਰਾਬ ਹੋਣ ਦਾ ਖ਼ਦਸ਼ਾ ਪੈਦਾ ਹੁੰਦਾ ਹੈ। ਜਿਹੜੀ ਸਰਕਾਰ ਅੱਤਵਾਦ ਨੂੰ ਹੱਲਾਸ਼ੇਰੀ ਦੇਵੇ ਅਤੇ ਮਾੜੇ ਨੂੰ ਕੁਚਲ ਕੇ ਤਕੜੇ ਦੇ ਹਿਤ ਪਾਲਦੀ ਹੋਵੇ ਉਹ ਨਿਰਦੋਸ਼ਾਂ ਦੇ ਖ਼ੂਨ ਡੁੱਲ੍ਹਣ ਲਈ ਜੁਮੇਵਾਰ ਹੁੰਦੀ ਹੈ। ਅਜਿਹੀ ਸਰਕਾਰ ਚਲਾਉਣ ਵਾਲੇ ਸਾਸਕ ਰਹਿੰਦੀ ਦੁਨੀਆਂ ਤੱਕ ਕਸੂਰਵਾਰ ਤੇ ਦੋਸ਼ੀ ਹੀ ਬਣੇ ਰਹਿੰਦੇ ਹਨ।

ਲੋਕਰਾਜ ਵਾਲੇ ਦੇਸ਼ ਦਾ ਭਵਿੱਖ ਨੇਤਾਵਾਂ ਜਾਂ ਮੰਤਰੀਆਂ ਦੇ ਹੱਥ ਵਿੱਚ ਨਹੀਂ ਬਲਕਿ ਲੋਕਾਂ ਦੇ ਹੱਥਾਂ ਵਿੱਚ ਹੁੰਦਾ ਹੈ। ਸਵਾਰਥੀ ਜਾਂ ਪੱਖਪਾਤੀ ਨੇਤਾ ਸ਼ਾਸਕ ਜਿੱਥੇ ਰਾਸ਼ਟਰ ਦੇ ਪਤਨ ਲਈ ਜੁਮੇਵਾਰ ਹੁੰਦੇ ਹਨ ਉੱਥੇ ਉਹਨਾਂ ਦੀਆਂ ਨੀਤੀਆਂ ਦੇਸ਼ ਦੇ ਵਿਕਾਸ ਅਤੇ ਇਨਸਾਫ਼ ਵਿੱਚ ਰੁਕਾਵਟਾਂ ਖੜੀਆਂ ਕਰਦੀਆਂ ਹਨ। ਇਸ ਲਈ ਕੇਂਦਰ ਸਰਕਾਰ ਹਿੰਦੂ ਰਾਸ਼ਟਰ ਬਣਾਉਣ ਦੀ ਬਜਾਏ ਦੇਸ਼ ਦੇ ਧਰਮ ਨਿਰਪੱਖ ਸੰਵਿਧਾਨ ਦੀ ਰਾਖੀ ਲਈ ਕੰਮ ਕਰੇ। ਦੂਜੇ ਧਰਮਾਂ ਜਾਂ ਫਿਰਕਿਆਂ ਤੇ ਹਮਲੇ ਕਰਨ ਵਾਲਿਆਂ ਨੂੰ ਸਹਿ ਦੇਣ ਦੀ ਥਾਂ ਦੇਸ਼ ਦੀ ਏਕਤਾ ਤੇ ਅਖੰਡਤਾ ਨੂੰ ਧੁਰਾ ਬਣਾਇਆ ਜਾਵੇ। ਸਭਨਾਂ ਧਰਮਾਂ ਦਾ ਦੇਸ਼ ਵਿੱਚ ਸਤਿਕਾਰ ਹੋਵੇ ਲੋਕਾਂ ਦੀ ਭਾਈਚਾਰਕ ਏਕਤਾ ਕਾਇਮ ਰਹੇ ਤਾਂ ਹੀ ਦੇਸ਼ ਦਾ ਭਵਿੱਖ ਰੌਸ਼ਨ ਹੋਵੇਗਾ। ਦੇਸ਼ ਨੂੰ ਹਿੰਦੂ ਰਾਸ਼ਟਰ ਬਣਾਉਣ ਦੀ ਥਾਂ ਧਰਮ ਨਿਰਪੱਖਤਾ ਤੇ ਪਹਿਰਾ ਦੇਣ ਦੀ ਲੋੜ ਹੈ।

# ਕੈਲਗਰੀ ਵਿਖੇ ਰੋਗ ਨਿਵਾਰਨ ਕੈਂਪ ਸਫ਼ਲ ਹੋ ਨਿਬੜਿਆ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਸਰਬ ਰੋਗ ਕਾ ਅਉਖਦੁ ਨਾਮੁ ਮਿਸ਼ਨ ਵੱਲੋਂ, ਪ੍ਰਬੰਧਕੀ ਕਮੇਟੀ ਦੇ ਸਹਿਯੋਗ ਨਾਲ, 27 ਨਵੰਬਰ ਤੋਂ 30 ਨਵੰਬਰ ਤੱਕ, ਚਾਰ ਰੋਜ਼ਾ ਰੋਗ ਨਿਵਾਰਣ ਕੈਂਪ ਦਸ਼ਮੇਸ਼ ਕਲਚਰ ਸੈਂਟਰ, ਨੌਰਥ ਈਸਟ ਕੈਲਗਰੀ ਗੁਰੂ ਘਰ ਵਿਖੇ, ਲਾਇਆ ਗਿਆ ਜਿਸ ਵਿੱਚ ਇਲਾਜ ਦੇ ਨਾਲ ਨਾਲ, ਨਾਮ-ਦਾਰੂ ਦੀ ਦਵਾਈ ਵਰਤ ਕੇ, ਦੁੱਖਾਂ ਰੋਗਾਂ ਤੋਂ ਛੇਤੀ ਛੁਟਕਾਰਾ ਪਾਉਣ ਦੀ ਵਿਧੀ ਦਰਸਾਈ ਗਈ। ਇਸ ਕੈਂਪ ਲਈ, ਮਿਸ਼ਨ ਦੀ ਕੈਨੇਡਾ ਇਕਾਈ ਵੱਲੋਂ, ਦਵਿੰਦਰ ਸਿੰਘ ਸਹੋਤਾ, ਗਿਆਨ ਸਿੰਘ ਜੀ ਅਤੇ ਰਣਜੀਤ ਸਿੰਘ ਜੀ ਟੋਰੰਟੋ ਤੋਂ ਉਚੇਚੇ ਤੌਰ ਤੇ ਕੈਲਗਰੀ ਪਹੁੰਚੇ। ਸਮਾਗਮ ਦੀ ਸ਼ੁਰੂਆਤ ਅਰਦਾਸ ਅਤੇ ਹੁਕਮਨਾਮੇ ਕੀਤੀ ਗਈ। ਲੇਖਕਾ ਗੁਰਦੀਸ਼ ਕੌਰ ਗਰੇਵਾਲ ਜੋ ਕਿ ਇਸ ਮਿਸ਼ਨ ਨਾਲ ਕਾਫੀ ਲੰਬੇ ਸਮੇਂ ਤੋਂ ਜੁੜੇ ਹੋਏ ਹਨ ਨੇ ਮਿਸ਼ਨ ਦੇ ਇਤਹਾਸ ਦੀ ਸੰਖੇਪ ਜਾਣਕਾਰੀ ਦੇਣ ਉਪਰੰਤ, ਚਾਰ ਦਿਨ ਦੇ ਸਮਾਗਮਾਂ ਦੀ ਰੂਪ ਰੇਖਾ ਸੰਗਤ ਨਾਲ ਸਾਂਝੀ ਕੀਤੀ। ਸਮਾਗਮ ਦੀ ਆਰੰਭਤਾ ਸੁਖਮਨੀ ਸਾਹਿਬ ਦੀਆਂ 6 ਅਸਟਪਦੀਆਂ ਸੰਗਤੀ ਰੂਪ ਵਿੱਚ ਪੜ੍ਹ ਕੇ ਹੀ ਰੋਜ਼ਾਨਾ ਕੀਤੀ ਗਈ। ਸ. ਦਵਿੰਦਰ ਸਿੰਘ ਸਹੋਤਾ ਤੇ ਸ. ਗਿਆਨ ਸਿੰਘ ਤੋਂ ਇਲਾਵਾ- ਬੀਬੀ ਜਸਵੀਰ ਕੌਰ, ਗੁਰਦੀਸ਼ ਕੌਰ ਤੇ ਦਲਬੀਰ ਸਿੰਘ ਰਤਨ ਨੇ ਬਹੁਤ ਹੀ ਪ੍ਰੇਮ ਨਾਲ, ਗੁਰਬਾਣੀ ਦੇ ਭਰੋਸੇ ਵਾਲੇ ਸ਼ਬਦਾਂ ਦਾ ਜਾਪ ਅਤੇ ਸਿਮਰਨ ਕਰਾ ਕੇ, ਸੰਗਤ ਨੂੰ ਮੰਤਰ ਮੁਗਧ ਕਰ ਦਿੱਤਾ। ਮਿਸ਼ਨ ਦੇ ਸੇਵਾਦਾਰਾਂ ਵਲੋਂ ਸੰਗਤ ਨੂੰ, ਦੁੱਖ-ਕਲੇਸ਼ ਅਤੇ ਜ਼ਿੰਦਗੀ ਦੀਆਂ ਸਮੱਸਿਆਵਾਂ ਨਾਲ ਜੂਝਣ ਲਈ, ਗੁਰਬਾਣੀ ਨਾਲ ਜੁੜਨ ਦੀ ਲੋੜ ਤੇ ਜ਼ੋਰ ਦਿੱਤਾ ਗਿਆ। ਸੰਗਤ ਦੀ ਮੰਗ ਅਨੁਸਾਰ, ਤਿੰਨਾਂ ਭਾਸ਼ਾਵਾਂ ਵਿੱਚ ਛਪੇ ਮਿਸ਼ਨ ਦੇ ਲਿਟਰੇਚਰ, ਗੁਰਬਾਣੀ ਰੇਡੀਓ ਤੇ ਸੀ. ਡੀਜ਼ ਦੀ ਪ੍ਰਦਰਸ਼ਨੀ ਵੀ ਲਾਈ ਗਈ। ਟੋਰੰਟੋ ਤੋਂ ਆਏ ਵੋਲੰਟੀਅਰ ਸੇਵਾਦਾਰਾਂ ਨੂੰ ਗੁਰਦੁਆਰਾ ਸਾਹਿਬ ਵਲੋਂ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ।

# ਹੁਣ ਟਰੰਪ ਸਾਹਿਬ ਦੇ ਫੇਸਬੁੱਕ ਨਾਲ ਰਿਸ਼ਤੇ ਗੂੜੇ ਹੁੰਦੇ ਜਾਪਦੇ ਹਨ!



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਅਮਰੀਕਾ ਦੇ ਨਵੇਂ ਚੁਣੇ ਗਏ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਫੇਸਬੁੱਕ ਦੇ ਸੀਈ- ਮਾਰਕ ਜ਼ੁਕਰਬਰਗ ਨਾਲ ਮੁਲਾਕਾਤ ਕੀਤੀ ਹੈ। ਜ਼ੁਕਰਬਰਗ, ਜਿਸ ਨੂੰ ਟਰੰਪ ਨੇ ਇੱਕ ਵਾਰ ਜੇਲ ਭੇਜਣ ਦੀ ਧਮਕੀ ਦਿੱਤੀ ਸੀ, ਨੇ ਹੁਣ ਜ਼ੁਕਰਬਰਗ ਨੂੰ ਫਲੋਰੀਡਾ ਵਿੱਚ ਆਪਣੇ ਰਿਜ਼ੋਰਟ ਮਾਰ-ਏ-ਲਾਗੋ ਵਿੱਚ ਰਾਤ ਦੇ ਖਾਣੇ ਲਈ ਸੱਦਾ ਦਿੱਤਾ ਸੀ। ਟਰੰਪ ਦੇ ਦੂਜੇ ਕਾਰਜਕਾਲ ਲਈ ਡਿਪਟੀ ਚੀਫ ਆਫ ਸਟਾਫ ਨਿਯੁਕਤ ਕੀਤੇ ਗਏ ਸਟੀਫਨ ਮਿਲਰ ਨੇ ਇਹ ਜਾਣਕਾਰੀ ਦਿੱਤੀ। ਮਿਲਰ ਨੇ ਕਿਹਾ ਕਿ ਜ਼ਕਰਬਰਗ ਦੂਜੇ ਕਾਰੋਬਾਰੀਆਂ ਵਾਂਗ ਟਰੰਪ ਦੀਆਂ ਆਰਥਿਕ ਯੋਜਨਾਵਾਂ ਦਾ ਸਮਰਥਨ ਕਰਨਾ ਚਾਹੁੰਦੇ ਹਨ ਅਤੇ ਉਹ ਟਰੰਪ ਨਾਲ ਖਰਾਬ ਸਬੰਧਾਂ ਤੋਂ ਬਾਅਦ ਆਪਣੀ ਕੰਪਨੀ ਦਾ ਅਕਸ ਬਦਲਣ ਦੀ ਕੋਸ਼ਿਸ਼ ਕਰ ਰਹੇ ਹਨ। ਦੱਸਣਾ ਬਣਦਾ ਹੈ ਕਿ ਜਨਵਰੀ 2021 ਵਿੱਚ ਯੂਐਸ ਕੈਪੀਟਲ ਵਿੱਚ ਹਿੰਸਾ ਤੋਂ ਬਾਅਦ ਮਾਰਕ ਜ਼ੁਕਰਬਰਗ ਨੇ ਟਰੰਪ ਦੇ ਫੇਸਬੁੱਕ ਅਤੇ ਇੰਸਟਾਗ੍ਰਾਮ ਅਕਾਉਂਟਸ ਉੱਤੇ ਪਾਬੰਦੀ ਲਗਾ ਦਿੱਤੀ ਸੀ। ਇਹ ਪਾਬੰਦੀ 2 ਸਾਲ ਬਾਅਦ 2023 ਵਿੱਚ ਹਟਾਈ ਗਈ ਸੀ। ਇਸ ਕਾਰਨ ਟਰੰਪ ਅਤੇ ਜ਼ੁਕਰਬਰਗ ਦੇ ਰਿਸ਼ਤੇ ਵਿਗੜ ਗਏ ਸਨ।

# ਜੰਗਬੰਦੀ ਕਾਹਦੀ ! ਹਮਲੇ ਤਾਂ ਹਾਲੇ ਵੀ ਹੋ ਰਹੇ ਹਨ।

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਲੇਬਨਾਨ 'ਚ ਜੰਗਬੰਦੀ ਦੇ ਅਗਲੇ ਹੀ ਦਿਨ ਇਜ਼ਰਾਈਲ ਅਤੇ ਹਿਜ਼ਬੁੱਲਾ ਇੱਕ ਦੂਜੇ 'ਤੇ ਸਮਝੌਤੇ ਦੀ ਉਲੰਘਣਾ ਦਾ ਦੋਸ਼ ਲਗਾ ਰਹੇ ਹਨ। ਹਿਜ਼ਬੁੱਲਾ ਦੇ ਸੰਸਦ ਮੈਂਬਰ ਹਸਨ ਫਦਲੱਲਾ ਨੇ ਕਿਹਾ- ਇਜ਼ਰਾਈਲ ਸਰਹੱਦ ਨਾਲ ਲੱਗਦੇ ਪਿੰਡਾਂ 'ਚ ਪਰਤਣ ਵਾਲਿਆਂ 'ਤੇ ਹਮਲਾ ਕਰ ਰਿਹਾ ਹੈ। ਇਜ਼ਰਾਈਲੀ ਟੈਂਕਾਂ ਨੇ ਸਰਹੱਦ ਦੇ ਨੇੜੇ ਦੇ ਇਲਾਕਿਆਂ 'ਤੇ ਹਮਲਾ ਕੀਤਾ। ਰਾਈਟਰਜ਼ ਅਨੁਸਾਰ, ਹਿਜ਼ਬੁੱਲਾ ਦੀ ਕੇਂਦਰੀ ਲੀਡਰਸ਼ਿਪ ਨੇ ਇੱਕ ਬਿਆਨ ਜਾਰੀ ਕਰਕੇ ਫਲਸਤੀਨੀਆਂ ਦੇ ਸਮਰਥਨ ਵਿੱਚ ਇਜ਼ਰਾਈਲੀ ਦੁਸ਼ਮਣ ਦਾ ਵਿਰੋਧ ਜਾਰੀ ਰੱਖਣ ਦਾ ਵਾਅਦਾ ਕੀਤਾ ਹੈ। ਬਿਆਨ 'ਚ ਕਿਹਾ ਗਿਆ ਹੈ ਕਿ ਸਾਡੀਆਂ ਉਂਗਲਾਂ ਟਰਿੱਗਰ 'ਤੇ ਰੱਖੀਆਂ ਹਨ ਅਤੇ ਅਸੀਂ ਲੇਬਨਾਨ ਨਾਲ ਲੱਗਦੀ ਸਰਹੱਦ ਪਾਰ ਤੋਂ ਵੀ ਇਜ਼ਰਾਈਲੀ ਬਲਾਂ ਦੀ ਵਾਪਸੀ 'ਤੇ ਨਜ਼ਰ ਰੱਖਾਂਗੇ। ਹਿਜ਼ਬੁੱਲਾ ਦੇ ਬਿਆਨ ਵਿੱਚ ਕਿਤੇ ਵੀ ਜੰਗਬੰਦੀ ਸਮਝੌਤੇ ਦਾ ਸਿੱਧਾ ਜ਼ਿਕਰ ਨਹੀਂ ਸੀ। ਇਸ ਦੇ ਨਾਲ ਹੀ ਇਜ਼ਰਾਈਲ ਦਾ ਕਹਿਣਾ ਹੈ ਕਿ ਵਾਹਨਾਂ 'ਚ ਸਫਰ ਕਰ ਰਹੇ ਕੁੱਝ ਸ਼ੱਕੀ ਲੋਕ ਲੇਬਨਾਨ ਦੇ ਦੱਖਣੀ ਖੇਤਰ 'ਚ ਪਹੁੰਚ ਗਏ ਸਨ।

# ਅਮਰੀਕਾ ਵਿੱਚ ਪੰਜਾਬੀ ਮੂਲ ਦੇ ਦੋ ਡਰਾਈਵਰਾਂ ਕੋਲੋਂ 40 ਮਿਲੀਅਨ ਡਾਲਰ ਦੀ ਕੋਕੀਨ ਫੜੀ ਗਈ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਅਮਰੀਕਾ ਵਿੱਚ ਕੈਨੇਡਾ ਦੇ ਰਹਿਣ ਵਾਲੇ ਦੋ ਵਿਅਕਤੀਆਂ ਨੂੰ 40 ਮਿਲੀਅਨ ਡਾਲਰ ਦੀ ਕੋਕੀਨ ਸਮੇਤ ਗ੍ਰਿਫਤਾਰ ਕੀਤਾ ਗਿਆ ਹੈ। ਵਿੱਚ 1146 ਪਾਉਂਡ ਕੋਕੇਨ ਦੇ ਨਾਲ ਗ੍ਰਿਫਤਾਰ ਕੀਤਾ ਹੈ। ਜਿਸ ਦੀ ਕਿ ਸਟਰੀਟ ਵੈਲਿਊ 40 ਮਿਲੀਅਨ ਡਾਲਰ ਦੱਸੀ ਜਾਂਦੀ ਹੈ। ਹੈਨਰੀ ਕਾਊਂਟੀ ਦੀ ਇੰਟਰਸਟੇਟ 80 ਨਜ਼ਦੀਕ ਪੁਲਿਸ ਵੱਲੋਂ ਵੋਲਵੋ ਸੈਮੀ ਟਰੇਲਰ ਨੂੰ ਰੋਕਿਆ ਗਿਆ ਜਿਸ ਦੀ ਇੰਸਪੈਕਸ਼ਨ ਦੌਰਾਨ ਉਹਨਾਂ ਨੂੰ ਉਸ ਵਿੱਚ ਕੋਈ ਕ੍ਰਿਮੀਨਲ ਐਕਟੀਵਿਟੀ ਹੋਣ ਦਾ ਸ਼ੱਕ ਪਿਆ। ਇਹ ਦੋਵੇਂ ਵਿਅਕਤੀਆਂ



ਗ੍ਰਿਫਤਾਰ ਕੀਤੇ ਗਏ ਦੋਵੇਂ ਜਣੇ ਪੰਜਾਬੀ ਮੂਲ ਦੇ ਹਨ ਜਿਨਾਂ ਦੀ ਪਹਿਚਾਣ ਵੰਸ਼ਪ੍ਰੀਤ ਸਿੰਘ ਅਤੇ ਮਨਪ੍ਰੀਤ ਸਿੰਘ ਦੇ ਤੌਰ ਤੇ ਹੋਈ ਹੈ। ਓਂਨਟਾਰੀਓ ਦੇ ਰਹਿਣ ਵਾਲੇ 27 ਸਾਲਾਂ ਬਾਅਦ ਵੰਸਪ੍ਰੀਤ ਸਿੰਘ ਅਤੇ 36 ਸਾਲਾ ਮਨਪ੍ਰੀਤ ਸਿੰਘ ਨੂੰ ਪੁਲਿਸ ਵੱਲੋਂ ਸੈਮੀ ਟਰੇਲਰ ਟਰੱਕ ਉੱਤੇ ਡਰੱਗ ਟਰੈਫਿਕਿੰਗ ਦੇ ਮਾਮਲੇ ਨੂੰ ਲੈ ਕੇ ਕਈ ਚਾਰਜਜ ਲਗਾਏ ਗਏ ਹਨ ਤੇ ਇਸ ਦੀ ਜਾਣਕਾਰੀ ਇਲਨਿਓ ਸਟੇਟ ਦੀ ਪੁਲਿਸ ਡਾਇਰੈਕਟਰ ਬ੍ਰਾਂਡਨ ਕੈਲੀ ਵੱਲੋਂ ਸਾਂਝੀ ਕੀਤੀ ਗਈ। ਦੋਵੇਂ ਡਰਾਈਵਰਾਂ ਨੂੰ ਕੋਰਟ ਵਿੱਚ ਪਹਿਲੀ ਪੇਸ਼ੀ ਹੋਣ ਤੱਕ ਹੈਨਰੀ ਕਾਊਂਟੀ ਜੇਲ ਦੇ ਵਿੱਚ ਰੱਖਿਆ ਗਿਆ ਹੈ।

# ਪਿਕਸ ਵੱਲੋਂ ਬਜ਼ੁਰਗਾਂ ਲਈ ਬਣਾਏ ਜਾ ਰਹੇ ਰੈਣ ਬਸੇਰੇ ਦਾ ਕੰਮ ਕੰਕਰੀਟ ਪਾਉਣ ਨਾਲ ਅੱਗੇ ਵਧਿਆ

ਸਰੀ (ਪੰਜਾਬੀ ਅਖ਼ਬਾਰ ਬਿਊਰੋ) ਬੀ ਸੀ ਦੀ ਪਿਕਸ ਸੋਸਾਇਟੀ ਨੇ ਸਰੀ 'ਚ ਬਣ ਰਹੇ ਗੁਰੂ ਨਾਨਕ ਡਾਇਵਰਸਿਟੀ ਵਿਲੇਜ ਪ੍ਰੋਜੈਕਟ ਦੇ ਸਬੰਧ 'ਚ ਇੱਕ ਹੋਰ ਮੀਲ ਪੱਥਰ ਸਥਾਪਿਤ ਕੀਤਾ ਹੈ। ਅਸਲ ਵਿੱਚ ਪਿਕਸ ਸੋਸਾਇਟੀ ਨੇ ਲੰਬੇ ਸਮੇਂ ਤੋਂ ਉਡੀਕੀ ਜਾ ਰਹੀ 125 ਬਿਸਤਰਿਆਂ ਵਾਲੀ ਬਜ਼ੁਰਗਾਂ ਦੀ ਦੇਖਭਾਲ ਵਾਲੀ ਫੈਸਿਲਟੀ ਲਈ ਕੰਕਰੀਟ ਪਾਉਣ ਦਾ ਕੰਮ ਸ਼ੁਰ ਕਰਨ ਦੇ ਨਾਲ ਗੁਰੂ ਨਾਨਕ ਡਾਇਵਰਸਿਟੀ ਵਿਲੇਜ ਪ੍ਰੋਜੈਕਟ ਵਿੱਚ ਇੱਕ ਮਹੱਤਵਪੂਰਨ ਪੜਾਅ ਪਾਰ ਕਰ ਲਿਆ ਹੈ। ਪ੍ਰਬੰਧਕਾਂ ਵੱਲੋਂ ਆਖਿਆ ਗਿਆ ਹੈ ਗੁਰੂ ਨਾਨਕ ਦੇਵ ਜੀ ਦੇ ਆਸ਼ੀਰਵਾਦ ਅਤੇ ਭਾਈਚਾਰੇ ਦੇ ਨਿਰੰਤਰ ਸਹਿਯੋਗ ਨਾਲ, ਇਹ ਪ੍ਰੋਜੈਕਟ ਲੋੜਵੰਦ ਬਜ਼ੁਰਗਾਂ ਦੀ ਦੇਖਭਾਲ ਕਰਨ ਦੇ ਆਪਣੇ ਟੀਚੇ ਦੇ ਹੋਰ ਨੇੜੇ ਪਹੁੰਚ ਗਿਆ ਹੈ। ਇਹ ਫੈਸਿਲਟੀ 2027 ਦੇ ਸ਼ੁਰੂ ਵਿੱਚ ਖੁੱਲ੍ਹਣ ਦੀ ਉਮੀਦ ਹੈ ਜਿਸ ਵਿੱਚ ਅਤਿ-ਆਧੁਨਿਕ ਵਾਤਾਵਰਣ ਅਤੇ ਸੱਭਿਆਚਾਰਕ ਵਿਭਿੰਨਤਾ ਦੇ ਨਾਲ ਨਾਲ ਸਾਰੇ ਬਜ਼ੁਰਗਾਂ ਨੂੰ ਮਾਣ, ਸਤਿਕਾਰ ਅਤੇ ਗੁਣਵੱਤਾ ਭਰਪੂਰ ਦੇਖਭਾਲ ਮਿਲੇਗੀ।

# ਕਨੇਡਾ ਪੋਸਟ ਵਿੱਚਲੇ ਹੜਤਾਲੀ ਕਾਮਿਆਂ ਨੂੰ ਅਸਥਾਈ ਤੌਰ 'ਤੇ ਨੌਕਰੀ ਤੋਂ ਕੱਢਣ ਦਾ ਐਲਾਨ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਪੋਸਟ ਦੇ 55 ਹਜਾਰ ਕਰਮਚਾਰੀਆਂ ਵੱਲੋਂ ਸ਼ੁਰੂ ਕੀਤੀ ਗਈ ਹੜਤਾਲ ਨੂੰ ਦੋ ਹਫਤੇ ਮੁਕੰਮਲ ਹੋਣ ਵਾਲੇ ਹਨ। ਇਸ ਦੌਰਾਨ ਦੋਹਾਂ ਧਿਰਾਂ ਯਾਨੀ ਕਿ ਕੈਨੇਡਾ ਪੋਸਟ ਦੇ ਕਰਮਚਾਰੀਆਂ ਦੀ ਯੂਨੀਅਨ ਅਤੇ ਕਰਾਊਨ ਕਾਰਪੋਰੇਸ਼ਨ ਵਿੱਚਾਲੇ ਕੋਈ ਵੀ ਸਮਝੌਤਾ ਸਿਰੇ ਨਾ ਚੜਨ ਉਪਰੰਤ ਕਰਾਊਨ ਕਾਰਪੋਰੇਸ਼ਨ ਵੱਲੋਂ ਹੜਤਾਲੀ ਕਰਮਚਾਰੀਆਂ ਨੂੰ ਅਸਥਾਈ ਤੌਰ ਤੇ ਨੌਕਰੀ ਤੋਂ ਕੱਢਣ ਦਾ ਐਲਾਨ ਕੀਤਾ ਗਿਆ ਹੈ। ਇਸ ਦੀ ਪੁਸ਼ਟੀ ਕੈਨੇਡਾ ਪੋਸਟ ਦੀ ਸਪੋਕਸਵੁਮੈਨ ਲੀਜਾ ਨੇ ਕੀਤੀ ਹੈ। ਲੀਜਾ ਅਨੁਸਾਰ ਇਹ ਟੈਂਪਰੇਰੀ ਕਦਮ ਚੁੱਕੇ ਗਏ ਹਨ। ਉਹਨਾਂ ਆਖਿਆ ਕਿ ਕਰਾਊਨ ਕਾਰਪੋਰੇਸ਼ਨ ਵੱਲੋਂ ਕਰਮਚਾਰੀਆਂ ਨੂੰ ਸੂਚਿਤ ਕੀਤਾ ਗਿਆ ਹੈ ਕਿ ਉਹਨਾਂ ਦਾ ਪਹਿਲਾ ਸਮਝੌਤਾ ਇਸ ਵਕਤ ਪ੍ਰਭਾਵਹੀਨ ਹੈ। ਇਸ ਕਰਕੇ ਨੌਕਰੀ ਨਾਲ ਸਬੰਧਤ ਸ਼ਰਤਾਂ ਵਿੱਚ ਬਦਲਾਅ ਹੋ ਗਿਆ ਹੈ ਅਤੇ ਕੈਨੇਡਾ ਲੇਬਰ ਕਾਨੂੰਨ ਅਨੁਸਾਰ ਕਰਾਊਨ ਕਾਰਪੋਰੇਸ਼ਨ ਵੱਲੋਂ ਇਹ ਕਦਮ ਚੁੱਕਿਆ ਜਾ ਰਿਹਾ ਹੈ।

# ਸਰਕਾਰੀ ਸਖਤੀ ਉਪਰੰਤ ਇਮਰਾਨ ਖਾਨ ਨੇ ਆਪਣੀ ਪਾਰਟੀ ਵੱਲੋਂ ਪ੍ਰਦਰਸ਼ਨੀ ਮੁਹਿੰਮ ਰੋਕ ਲਈ



ਇਸਲਾਮਾਬਾਦ (ਪੰਜਾਬੀ ਅਖ਼ਬਾਰ ਬਿਊਰੋ)- ਜੇਲ੍ਹ ਵਿੱਚ ਬੰਦ ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਦੀ ਪਾਰਟੀ ਨੇ ਸਰਕਾਰ ਦੀ ਸਖ਼ਤੀ ਤੋਂ ਬਾਅਦ ਆਪਣਾ ਵਿਰੋਧ ਪ੍ਰਦਰਸ਼ਨ ਹਾਲ ਦੀ ਘੜੀ ਰੋਕ ਦਿੱਤਾ ਹੈ। ਇਨ੍ਹਾਂ ਪ੍ਰਦਰਸ਼ਨਾਂ ਵਿੱਚ ਚਾਰ ਲੋਕਾਂ ਦੀ ਮੌਤ ਹੋ ਗਈ ਅਤੇ 50 ਤੋਂ ਵੱਧ ਜ਼ਖ਼ਮੀ ਹੋ ਗਏ ਸਨ ਜਦੋਂ ਕਿ ਪਾਕਿਸਤਾਨ ਤਹਿਰੀਕ ਏ ਪਾਰਟੀ (ਪੀਟੀਆਈ) ਨੇ ਪਹਿਲਾਂ ਦਾਅਵਾ ਕੀਤਾ ਸੀ ਕਿ ਉਨ੍ਹਾਂ ਦੇ ਸੈਂਕੜੇ ਕਾਰਕੁਨ ਮਾਰੇ ਗਏ ਹਨ। ਇਸ ਤੋਂ ਪਹਿਲਾਂ ਇਨ੍ਹਾਂ ਰੋਸ ਪ੍ਰਦਰਸ਼ਨਾਂ ਦੀ ਅਗਵਾਈ ਕਰ ਰਹੇ ਇਮਰਾਨ ਖਾਨ ਦੀ ਪਤਨੀ ਬੁਸ਼ਰਾ ਬੀਬੀ ਅਤੇ ਖੈਬਰ ਪਖਤੂਨਖਵਾ ਦੇ ਮੁੱਖ ਮੰਤਰੀ ਅਲੀ ਅਮੀਨ ਦੇ ਥਹੁ ਟਿਕਾਣੇ ਦਾ ਪਤਾ ਨਾ ਲੱਗ ਸਕਿਆ ਸੀ ਪਰ ਹੁਣ ਇਹ ਪਤਾ ਲੱਗਿਆ ਹੈ ਕਿ ਉਹ ਉੱਤਰ ਪੱਛਮੀ ਸੂਬੇ ਦੇ ਐਬਟਾਬਾਦ ਦੇ ਨੇੜੇ ਮਾਨਸੇਹਰਾ ਵਿੱਚ ਹਨ। ਅਧਿਕਾਰੀਆਂ ਨੇ ਇਮਰਾਨ ਖਾਨ ਦੀ ਪਾਕਿਸਤਾਨ ਤਹਿਰੀਕ-ਏ-ਇਨਸਾਫ (ਪੀਟੀਆਈ) ਪਾਰਟੀ ਵੱਲੋਂ ਤਿੰਨ ਦਿਨਾਂ ਦੇ ਵਿਰੋਧ ਪ੍ਰਦਰਸ਼ਨ ਦੌਰਾਨ ਬੰਦ ਕੀਤੇ ਗਏ ਸਾਰੇ ਮੁੱਖ ਮਾਰਗਾਂ ਦੀ ਸਫਾਈ ਕਰਵਾ ਕੇ ਸੜਕਾਂ ਆਵਾਜਾਈ ਲਈ ਖੋਲ੍ਹ ਦਿੱਤੀਆਂ ਹਨ। ਇਸ ਦੌਰਾਨ ਇਮਰਾਨ ਖਾਨ ਦੀ ਪਾਰਟੀ ਦੇ ਆਗੂਆਂ ਨੇ ਦੋਸ਼ ਲਾਇਆ ਕਿ ਸਰਕਾਰ ਨੇ ਬੇਰਹਿਮੀ ਨਾਲ ਨਿਹੱਥੇ ਲੋਕਾਂ ਦੀ ਮਾਰਕੁਟਾਈ ਕੀਤੀ ਤੇ ਪਾਰਟੀ ਕਾਰਕੁਨਾਂ 'ਤੇ ਤਸ਼ੱਦਦ ਢਾਹਿਆ।

# ਕੈਲਗਰੀ ਦਾ ਕੌਂਸਲਰ ਰਿਚਰਡ ਪੂਟਮੈਨ ਅਸਤੀਫਾ ਦੇ ਗਿਆ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਦੇ ਵਾਰਡ ਨੰਬਰ



6 ਤੋਂ 10 ਸਾਲ ਤੱਕ ਕੌਂਸਲਰ ਰਹੇ ਰਿਚਰਡ ਪੂਟਮੈਨ ਨੇ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ। ਮੇਅਰ ਜੋਤੀ ਗੋਂਡਿਕ ਨੇ ਇਹ ਜਾਣਕਾਰੀ ਦਿੰਦਿਆਂ ਦੱਸਿਆ ਹੈ ਕਿ ਕੌਂਸਲਰ ਰਿਚਰਡ ਨੇ ਆਪਣਾ ਅਹੁਦਾ ਤਿਆਗਣ ਪਿੱਛੇ ਨਿੱਜੀ ਅਤੇ ਪਰਿਵਾਰਿਕ ਕਾਰਨ ਦੱਸੇ ਹਨ।ਵਰਨਣ ਯੋਗ ਹੈ ਕਿ ਪੂਟਮੈਨ ਵਾਰਡ ਨੰਬਰ 6 ਤੋਂ 2010 ਤੋਂ 2017 ਤੱਕ ਕੌਂਸਲਰ ਰਹੇ ਅਤੇ ਉਸ ਤੋਂ ਬਾਅਦ 2021 ਵਿੱਚ ਉਹ ਫਿਰ ਤੋਂ ਕੌਂਸਲਰ ਚੁਣੇ ਗਏ ਸਨ। ਮੇਅਰ ਗੋਂਡਕ ਨੇ ਆਖਿਆ ਕਿ ਕੌਂਸਲਰ ਪੂਟਮੈਨ ਦੀਆਂ ਸੇਵਾਵਾਂ ਸ਼ਾਨਦਾਰ ਰਹੀਆਂ ਤੇ ਉਹ ਆਪਣੇ ਕਾਰਜਕਾਲ ਦੌਰਾਨ ਕੰਮ ਪ੍ਰਤੀ ਪੂਰੀ ਤਰਾਂ ਸਮਰਪਿਤ ਰਹੇ ਸਨ।



# ਕਾਗਜ਼ੀ ਵਿਚੋਲਪੁਣਾ

### ਲੜਕੇ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ ਉਮਰ 29 ਸਾਲ, ਕੱਦ 5 ਫੁੱਟ 2 ਇੰਚ, ਿਵਿਦਅਕ ਯੋਗਤਾ ਐਮ ਕਾਮ, ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੇ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਕਨੇਡਾ ਵਿੱਚ ਵੈੱਲ ਸੈੱਟਲਡ ਹੈ। ਸੰਪਰਕ: 780 966 4500 ਜਾਂ ਈ ਮੇਲ :tarjinders@yahoo.com ***262***

### ਲੜਕੀਆਂ ਦੀ ਲੋੜ

ਕਨੇਡੀਅਨ ਪੀ ਆਰ ਰਵਿਦਾਸੀਆ ਸਿੱਖ(ਚੁੰਬਰ) ਗੋਤ ਦੇ ਲੜਕੇ ਜਨਮ 1995,ਕੱਦ 5 ਫੁੱਟ 11 ਇੰਚ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਭਰਾ ਜਨਮ 1993, ਕੱਦ 5 ਫੁੱਟ 11 ਇੰਚ ਜੋ ਵਿਜਟਿਰ ਵੀਜੇ ਉੱਪਰ ਹੈ ਲਈ ਵੀ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕਿਆਂ ਦੀ ਭੈਣ ਅਤੇ ਸਾਰਾ ਪਰਿਵਾਰ ਕਨੇਡਾ ਵਿੱਚ ਪੱਕੇ ਤੌਰ ਤੇ ਸੈਟਲ ਹਨ। ਸੰਪਰਕ ਵਟਸ ਐਪ: 9876539085 ਜਾਂ 403 439 1090 **258***

### ਲੜਕੀ ਦੀ ਲੋੜ

ਜੱਟ ਸਿੱਖ ਧਾਲੀਵਾਲ ਪਰਿਵਾਰ ਦੇ ਵੈਜੀਟੇਰੀਅਨ,ਵਰਕ ਪਰਮਿਟ ਹੋਲਡਰ ਲੜਕੇ, ਉਮਰ 30 ਸਾਲ, 5 ਕਿੱਲੇ ਜ਼ਮੀਨ ਦੇ ਮਾਲਕ ਲਈ ਕੈਨੇਡੀਅਨ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1 289 659 5681 ਜਾਂ 1403 622 7152 ***262***

### ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ,ਜੱਟ ਸਿੱਖ ਸਿੱਧੂ ਪਰਿਵਾਰ ਦੀ ਲੜਕੀ ਉਮਰ 31 ਸਾਲ, ਕੱਦ 5 ਫੁੱਟ 6 ਇੰਚ, ਵਿਦਿਅਕ ਯੋਗਤਾ: ਬੀ ਕਾਮ (ਇੰਡੀਆ) ਪੋਸਟ ਡਿਗਰੀ ਡਿਪਲੋਮਾ ਇਨ ਬਿਜਨਿਸ ਐਡਮਨਿਸਟ੍ਰੇਸ਼ਨ(ਕਨੇਡਾ) ਸਰਵਿਸ ਕਨੇਡਾ (ਸਰਕਾਰੀ ਜੌਬ)ਕਰਦੀ ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੇ ਵੈਸ਼ਨੂੰ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਕੋਲ 25 ਏਕੜ ਪਲੱਸ ਜ਼ਮੀਨ ਦੀ ਮਾਲਕੀ ਹੋਵੇ, ਮਾਲਵਾ ਇਲਾਕੇ ਜਾਂ ਮਲਵਈ ਪਰਿਵਾਰ ਨੂੰ ਪਹਿਲ, ਸਿਰਫ ਅਮਰੀਕਾ,ਕਨੇਡਾ ਜਾਂ ਇੰਗਲੈਂਡ ਵਾਲੇ ਵੈਸ਼ਨੂੰ ਪਰਿਵਾਰ ਹੀ ਸੰਪਰਕ ਕਰਨ। ਸੰਪਰਕ: 1 780 522 1790 ਜਾਂ ਵਟਸਐਪ 91 94170 37882 ***262***

### ਲੜਕੀ ਦੀ ਲੋੜ

ਵਰਕ ਪਰਮਿਟ ਉੱਪਰ ਕਨੇਡਾ ਆਏ ਜੱਟ ਸਿੱਖ ਗਿੱਲ ਪਰਿਵਾਰ ਦੇ ਲੜਕੇ, ਜਨਮ 1991, ਵਿਦਿਅਕ ਯੋਗਤਾ ਪਲੱਸ ਟੂ ਡਿਪਲੋਮਾ ਹੋਲਡਰ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1 587 839 5630 ਜਾਂ ਵਟਸਐਪ 91 98765 04844 ***262***

### ਲੜਕੀ ਦੀ ਲੋੜ

ਕਨੇਡਾ ਸਟੂਡੈਂਟ/ਵਰਕ ਪਰਮਿਟ ਉੱਪਰ ਕਨੇਡਾ ਆਏ ਜੱਟ ਸਿੱਖ ਸਮਰਾ ਪਰਿਵਾਰ ਦੇ ਇਕਲੌਤੇ,ਸੋਹਣੇ ਸੁਨੱਖੇ ਲੜਕੇ ਉਮਰ 20 ਸਾਲ ਕੱਦ 5 ਫੁੱਟ 9 ਇੰਚ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਆਰਥਿਕ ਤੌਰ ਤੇ ਬਹੁਤ ਚੰਗੀ ਹਾਲਾਤ ਵਾਲੇ ਸਿਰੇ ਦੇ ਮਿਹਨਤੀ ਲੜਕੇ ਕੋਲ ਪੰਜਾਬ ਵਿੱਚ 20 ਏਕੜ ਜ਼ਮੀਨ, ਕੰਬਾਈਨ,ਟਰੈਕਟਰ, ਕਾਰੋਬਾਰੀ (ਆੜ੍ਹਤ)ਦਾ ਪਿਛੋਕੜ, ਪਿੰਡ ਵਿੱਚ ਵੱਡ ਅਕਾਰੀ ਕੋਠੀ, ਗੱਡੀ ਆਦਿ ਵਰਗੀਆਂ ਸਹੂਲਤਾਂ ਮੌਜੂਦ ਹਨ। ਲੜਕੇ ਦਾ ਤਾਇਆ ਅਤੇ ਬਾਕੀ ਪਰਿਵਾਰ ਕਨੇਡਾ ਪੱਕੇ ਤੌਰ ਤੇ ਸੈਟਲ ਹੈ। ਸੰਪਰਕ (ਵਟਸਐਪ): 9583592000

### ਲੜਕੇ ਦੀ ਲੋੜ

Sikh family seeks a suitable match for their beautiful daughter, 27 years old, height 5'-11", born and raised in B.C. Canada, family oriented, Canadian citizen, works in an office. The boy should be tall, handsome, raised in Canada or USA, educated, from a well settled family with strong family values. Preference given to a person who resides in B.C., or is willing to relocate to B.C. Serious inquiries only. Send bio data and recent photos to: **anayabhangu14 @gmail.com** ***262***

### ਲੜਕੀ ਦੀ ਲੋੜ

ਕਨੇਡਾ ਸਟੂਡੈਂਟ ਵੀਜ਼ਾ ਉੱਪਰ ਆਏ, ਬੈਚੂਲਰ ਆਫ ਬਿਜਨਿਸ ਐਮਨਿਸਟ੍ਰੇਸ਼ਨ ਡਿਗਰੀ ਮੁਕੰਮਲ ਹੋਣ ਉਪਰੰਤ ਹੁਣ ਵਰਕ ਪਰਮਿਟ ਉੱਪਰ, ਸ਼ਰਮਾ ਪਰਿਵਾਰ ਦੇ ਲੜਕੇ ਉਮਰ 27 ਸਾਲ, ਕੱਦ 6 ਫੁੱਟ 1 ਇੰਚ, ਲਈ ਹਾਣ ਪ੍ਰਵਾਣ ਦੀ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 403 465 4620 ***260***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ ,ਉੱਪਲ ਪਰਿਵਾਰ ਦੇ ਲੜਕੇ ਉਮਰ 37 ਸਾਲ, ਕੱਦ 6 ਫੁੱਟ 2 ਇੰਚ, ਵਿਦਿਅਕ ਯੋਗਤਾ:ਬੀ ਏ ਲਈ ਹਾਣ ਪ੍ਰਵਾਣ ਦੀ ਪਰਿਵਾਰਕ ਕਦਰਾਂ ਕੀਮਤਾਂ ਜਾਨਣ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਵਿਜਟਿਰ ਵੀਜੇ ਜਾਂ ਵਰਕ ਪਰਮਿਟ ਉੱਪਰ ਆਈ ਲੜਕੀ ਵੀ ਸੰਪਰਕ ਕਰ ਸਕਦੀ ਹੈ।ਸੰਪਰਕ: 1 236 867 4005 ***262***

### ਲੜਕੀ ਦੀ ਲੋੜ

Well Settled Ramgarhia Family in Winnipeg looking for a suitable match for their son,34 years old, 5'-10" tall, cleanshaven, Canadian Citizen. For more info. Call at 204-510-7658***260***

### ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਉੱਪਰ ਆਏ ਪੰਜਾਬ ਦੇ ਮੋਗਾ ਜਿਲ੍ਹੇ ਨਾਲ ਸਬੰਧਿਤ ਜੱਟ ਸਿੱਖ ਪਰਿਵਾਰ ਦੇ ਐਡਮਿੰਟਨ ਰਹਿੰਦੇ ਲੜਕੇ ,ਉਮਰ 31ਸਾਲ, ਕੱਦ 5 ਫੁੱਟ 11 ਇੰਚ, ਵਿਦਿਅਕ ਯੋਗਤਾ ਬੀ ਟੈੱਕ ਇੰਜੀਨੀਅਰ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1 780 868 6148 ***262***

### ਲੜਕੀ ਦੀ ਲੋੜ

ਜੱਟ ਸਿੱਖ ਪਰਿਵਾਰ ਦੇ ਇੰਡੀਆ ਰਹਿੰਦੇ ਵੈਸ਼ਨੂੰ ,ਤਲਾਕਸ਼ੁਦਾ, ਉਮਰ 32 ਸਾਲ, ਲਈ ਕਨੇਡੀਅਨ ਪੀ ਆਰ ,ਵਿਜਟਿਰ ਵੀਜਾ, ਵਰਕ ਪਰਮਿਟ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਇੰਡੀਆ ਰਹਿੰਦੀ ਲੜਕੀ ਵਾਲੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ: 587 899 9898 **261**

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ ,ਕੈਲਗਰੀ ਰਹਿੰਦੇ,ਖੱਤਰੀ ਸਿੱਖ ਪਰਿਵਾਰ ਦੇ ਏਅਰਪੋਰਟ ਉੱਪਰ ਸਕਰੀਨਿੰਗ ਅਫਸਰ ਦੀ ਜੌਬ ਕਰਦੇ ਲੜਕੇ ਜਨਮ 1988,ਕੱਦ 5 ਫੁੱਟ 9 ਇੰਚ,ਵਿਦਿਅਕ ਯੋਗਤਾ ਐਮ ਬੀ ਏ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1 306 209 1705 ***259***

### ਲੜਕੇ ਦੀ ਲੋੜ

ਕਨੇਡੀਅਨ ਪੀ ਆਰ,ਜੱਟ ਸਿੱਖ,ਗਿੱਲ ਪਰਿਵਾਰ ਦੀ ਲੜਕੀ ਜਨਮ 1991, ਕੱਦ 5 ਫੁੱਟ 3 ਇੰਚ, ਵਿਦਿਅਕ ਯੋਗਤਾ: ਅਕਾਊਂਟਿੰਗ ਟੈਕਨੀਸੀਅਨ ਐਂਡ ਹੈਲਥ ਕੇਅਰ ਏਡ, ਐਡਮਿੰਟਨ ਰਹਿੰਦੀ ਲਈ ਕੈਲਗਰੀ ਜਾਂ ਐਡਮਿੰਟਨ ਤੋਂ ਪੜ੍ਹੇ ਲਿਖੇ,ਬਰਾਬਰ ਦੀ ਯੋਗਤਾ ਵਾਲੇ ਨਸ਼ਾ ਰਹਿਤ ਜੱਟ ਸਿੱਖ ਪਰਿਵਾਰ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1 825 925 8313 ***257***

### ਲੜਕੀ ਦੀ ਲੋੜ

ਵਰਕ ਪਰਮਿਟ ਉੱਪਰ ਆਏ, ਕੈਲਗਰੀ ਰਹਿੰਦੇ ਜੱਟ ਸਿੱਖ ਸੇਖੋਂ ਪਰਿਵਾਰ ਦੇ ਇਲੈਕਟਰੀਸ਼ਨ ਦੀ ਜੌਬ ਕਰਦੇ ਲੜਕੇ, ਉਮਰ 32 ਸਾਲ, ਕੱਦ 6 ਫੁੱਟ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਬਿਨਾਂ ਬੱਚੇ ਤੋਂ ਤਲਾਕ ਸ਼ੁਦਾ ਹਮ-ਉਮਰ ਵੀ ਸੰਪਰਕ ਕਰ ਸਕਦੇ ਹਨ । ਸੰਪਰਕ: 403-923-1323 ***256*** *F*

### ਲੜਕੀ ਦੀ ਲੋੜ

ਅਮਰੀਕਨ ਸਿਟੀਜਨ, ਜੱਟ ਸਿੱਖ ਵਿਰਕ ਪਰਿਵਾਰ ਦੇ ਲੜਕੇ ਜਨਮ 1991, ਕੱਦ 5 ਫੁੱਟ 10 ਇੰਚ, ਯੂ ਐਸ ਏ ਹਾਈ ਸਕੂਲ ਗਰੈਜੂਏਟ ਲਈ ਕਨੇਡਾ ਜਾਂ ਅਮਰੀਕਾ ਤੋਂ ਹੀ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸਟੂਡੈਂਟ ਜਾਂ ਵਿਜਟਿਰ ਵੀਜੇ ਵਾਲੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ: 1 817 825 8607 ***260*** *F*

### ਲੜਕੀ ਦੀ ਲੋੜ

ਕੈਨੇਡਾ ਵਰਕ ਪਰਮਿਟ ਉੱਪਰ ਆਏ ਜੱਟ ਸਿੱਖ ਪਰਿਵਾਰ ਦੇ ਲੜਕੇ ਉਮਰ 32 ਸਾਲ, ਕੱਦ 5 ਫੁੱਟ 11 ਇੰਚ, ਵਿਦਿਅਕ ਯੋਗਤਾ ਪਲੱਸਟੂ ਡਿਪਲੋਮਾਂ ਹੋਲਡਰ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਤਲਾਕਸ਼ੁਦਾ ਲੜਕੀ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 604 389 4108 ***260***

### ਲੜਕੀ ਦੀ ਲੋੜ

ਕਨੇਡਾ ਵਿੱਚ ਵਰਕ ਪਰਮਿਟ ਉਪਰ ਜੱਟ ਸਿੱਖ ਦੁਸਾਂਝ ਪਰਿਵਾਰ ਦੇ ਕੈਲਗਰੀ ਰਹਿੰਦੇ ਲੜਕੇ,ਉਮਰ 27 ਸਾਲ,ਕੱਦ 6 ਫੁੱਟ 4 ਇੰਚ ਵਿਦਿਅਕ ਯੋਗਤਾ ਐਮ ਏ, ਤਲਾਕਸ਼ੁਦਾ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਬਿਨਾਂ ਬੱਚੇ ਤੋਂ ਤਲਾਕ ਸ਼ੁਦਾ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 403 971 2245 ***280*** *F*

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਬਾਜਵਾ ਪਰਿਵਾਰ ਦੇ ਕੈਲਗਰੀ ਰਹਿੰਦੇ ਬਰਨਾਲਾ ਇਲਾਕੇ ਨਾਲ ਸਬੰਧਿਤ ਟਰੱਕ ਅਪਰੇਟਰ ਲੜਕੇ ਉਮਰ 31 ਸਾਲ, ਕੱਦ 5 ਫੁੱਟ 11 ਇੰਚ, ਇਲੈਕਟਰੋ ਟੈਕਨੋਲਿਜੀ ਇੰਜੀਨੀਅਰਿੰਗ ਡਿਪਲੋਮਾ ਹੋਲਡਰ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 403 921 3475 ਜਾਂ 1 431 335 8706 ***260*** *F*

### ਲੜਕੇ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਪਰਿਵਾਰ ਦੀ ਲੜਕੀ, ਜਨਮ ਨਵੰਬਰ 1993, ਕੱਦ 5 ਫੁੱਟ 4 ਇੰਚ,ਐਲ ਪੀ ਐਨ (ਨਰਸ) ਦੀ ਐਡਮਿੰਟਨ ਵਿਖੇ ਜੌਬ ਕਰ ਰਹੀ ਲਈ ਹਾਣ ਪਰਵਾਣ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਕਨੇਡਾ ਸੈਟਲਡ ਹੈ। ਸੰਪਰਕ ਸਿਰਫ਼ ਵਟਸਐਪ :+918544819749 ਜਾਂ 403 425 2525 ***259***

### ਲੜਕੀ ਦੀ ਲੋੜ

Well settled Jatt Sikh parents in Calgary Canada, seeking a suitable match for their Canadian born 28 year son, 6ft tall, BSc Physics, government job in health care. Looking for well educated girl, Canadian citizen, PR or on temporary visa in Canada. Marriage bureau please excuse. Full bio data and photographs in first instance to WhatsApp 1-306-570-3453 ***259***

### ਲੜਕੀ ਦੀ ਲੋੜ

Jatt Sikh boy (Short Marriage), Age 33, Height 6ft, Professional Engineer (P.Eng.), Engineering Graduate from a reputed Canadian University, and post-graduate in Data Science and Analytics, working as a Senior Engineer/ Manager at a reputed company. He is raised in Canada, well-versed in both Punjabi and Canadian cultures, seeking a professional, well-educated match. Contact: +1 403 828 7973 or acheema8811@gmail.com ***258***

### ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ, ਕੈਲਗਰੀ ਵਾਸੀ,ਸੋਹਣੇ ਸੁਨੱਖੇ,ਪੱਗ ਬੰਨਦੇ ਰਾਮਗੜੀਆ ਪਰਿਵਾਰ ਦੇ ਲੜਕੇ, ਜਨਮ 1999,ਕੱਦ 6 ਫੁੱਟ, ਜਰਨੀਮੈਨ ਇਲੈਕਟਰੀਸ਼ਨ,ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੀ, ਪਰਿਵਾਰਕ ਕਦਰਾਂ ਕੀਮਤਾਂ ਨੂੰ ਜਾਨਣ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਕੈਲਗਰੀ ਵੈੱਲ ਸੈਟਲਡ ਆਪਣੇ ਮਾਪਿਆਂ ਨਾਲ ਰਹਿੰਦਾ ਲੜਕਾ ਬਿਲਕੁੱਲ ਨਸ਼ਾ ਰਹਿਤ ਹੈ। ਸੰਪਰਕ ਵਟਸਐਪ: 403 796 8565 ***258***

### ਲੜਕੀ ਦੀ ਲੋੜ

ਧਾਲੀਵਾਲ ਜੱਟ ਸਿੱਖ ਪਰਿਵਾਰ ਦੇ ਕਨੇਡਾ ਵਰਕ ਪਰਮਿਟ ਉੱਪਰ ਕੈਲਗਰੀ ਰਹਿੰਦੇ ਲੜਕੇ ਜਨਮ 1985,ਕੱਦ 6 ਫੁੱਟ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਬਿਨਾ ਬੱਚੇ ਤੋਂ ਤਲਾਕਸੁਦਾ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਲੜਕੇ ਦਾ ਪਰਿਵਾਰ ਅਤੇ ਰਿਸ਼ਤੇਦਾਰ ਕਨੇਡਾ ਵਿਚ ਪੱਕੇ ਤੌਰ ਤੇ ਸੈਟਲ ਹਨ ਜੋ ਵਿਆਹ ਉਪਰੰਤ ਲੜਕੇ ਲੜਕੀ ਨੂੰ ਘਰ ਖਰੀਦਣ ਜਾਂ ਕੋਈ ਕੰਮਕਾਰ ਸੁਰੂ ਕਰਨ ਲਈ ਆਰਥਿਕ ਤੌਰ ਤੇ ਮੱਦਦ ਵੀ ਕਰ ਸਕਦੇ ਹਨ। ਲੜਕੇ ਕੋਲ ਕਨੇਡਾ ਵਿੱਚ ਟਰੱਕ ਚਲਾਉਣ ਦਾ ਲਾਇਸੈਂਸ ਹੈ। ਸੰਪਰਕ: 403 681 0037 ਜਾਂ +91 95016 10962 ***257***

### ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਉੱਪਰ ਆਏ,ਐਡਮਿੰਟਨ ਰਹਿੰਦੇ ਰਾਮਗੜੀਆ (ਖੱਤੀ) ਪਰਿਵਾਰ ਦੇ ਲੜਕੇ ,ਉਮਰ 31 ਸਾਲ ,ਕੱਦ 5 ਫੁੱਟ 8 ਇੰਚ ਲਈ ਕਨੇਡੀਅਨ,ਯੂ ਐਸ ਏ ਜਾਂ ਆਸਟਰੇਲੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਬੀ ਏ ਪਾਸ ਲੜਕੇ ਕੋਲ ਤਿੰਨ ਕਿੱਲੇ ਜ਼ਮੀਨ ਵੀ ਹੈ। ਸੰਪਰਕ: 1 604 906 8214 ***257***

### ਲੜਕੇ ਦੀ ਲੋੜ

24-year-old, Canadian born, Ramgarhia Sikh beautiful girl living in Calgary, working as Registered Nurse, height 5'3" seeks educated professional Canadian resident boy. Interested families respond by WhatsApp 1(403) 608 6475 ***257***

### ਲੜਕੀ ਦੀ ਲੋੜ

ਜੱਟ ਸਿੱਖ ਗੁਰਨਾ ਪਰਿਵਾਰ ਦੇ ਵਰਕ ਪਰਮਿਟ ਉੱਪਰ ਆਏ ਲੜਕੇ ਉਮਰ 28 ਸਾਲ, ਕੱਦ 6 ਫੁੱਟ 1 ਇੰਚ,ਵਿੱਦਿਅਕ ਯੋਗਤਾ: ਬੀ ਸੀ ਏ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ । ਸੰਪਰਕ:1 604 345 8660 ***257***

### ਲੜਕੀ ਦੀ ਲੋੜ

Suitable match for smart and kind natured Jatt Sikh Bhullar boy, 5'11", 1996 born, Teetotaler, convent educated. Owns construction Business. Belongs to a reputed family in Bathinda with urban and rural properties. Seeking like minded smart qualified girl belonging to an affluent family. Now residing in Windsor Canada .Malwa region preferred and queries from abroad are also welcome. Mobile: +91 9417042693. WhatsApp : +1 248-802-4353. Email: pjattana@umich.edu ***_***

### ਲੜਕੀ ਦੀ ਲੋੜ

ਕਨੇਡੀਅਨ ਬੌਰਨ,ਜੱਟ ਸਿੱਖ ਪਰਿਵਾਰ ਦੇ ਕੈਲਗਰੀ ਰਹਿੰਦੇ ਨਾਨ ਡਰਿੰਕਰ, ਲੜਕੇ ਉਮਰ 32 ਸਾਲ, ਕੱਦ 5 ਫੁੱਟ 10 ਇੰਚ, ਵਿਦਿਅਕ ਯੋਗਤਾ: ਕਨੇਡੀਅਨ ਯੂਨੀਵਰਿਸਟੀ ਤੋਂ ਬਿਜਨਿਸ ਐਡਮਨਿਸਟ੍ਰੇਸ਼ਨ ਬੈਚੂਲਰ ਡਿਗਰੀ, ਸਾਫਟਵੇਅਰ ਡਿਵੈਲਪਮੈਂਟ ਕੰਪਨੀ ਨਾਲ ਟੋਟਲ ਰੀਵਾਰਡਜ਼ ਮੈਨੇਜਰ ਦੀ ਜੌਬ ਕਰਦੇ ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਆਪਣਾ ਈ ਕਾਮਰਸ ਬਿਜਨਿਸ ਵੀ ਹੈ। ਸੰਪਰਕ: 403 561 6016 ***_***

### ਲੜਕੀ ਦੀ ਲੋੜ

ਕਨੇਡੀਅਨ ਬੌਰਨ ਜੱਟ ਸਿੱਖ ਸੰਧੂ ਪਰਿਵਾਰ ਦੇ ਤਲਾਕਸ਼ੁਦਾ ਲੜਕੇ ਉਮਰ 43 ਸਾਲ, ਕੱਦ 5 ਫੁੱਟ 10 ਇੰਚ, ਲਈ ਹਾਣ ਪ੍ਰਵਾਣ ਦੀ ਉਮਰ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ ਵਾਲੀ ਜਾਂ ਬਿਨਾ ਬੱਚੇ ਤੋਂ ਤਲਾਕਸ਼ੁਦਾ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 403 826 8245 *** ***

### ਲੜਕੇ ਦੀ ਲੋੜ

ਜੱਟ ਸਿੱਖ, ਖੈਰਾ ਪਰਿਵਾਰ ਬਰਨਾਲਾ ਇਲਾਕੇ ਦੀ ਪੰਜਾਬ ਰਹਿੰਦੀ, ਚੰਗੀਆਂ ਪਰਿਵਾਰਿਕ ਕਦਰਾਂ ਕੀਮਤਾਂ ਵਾਲੀ,ਸੋਹਣੀ ਸੁਨੱਖੀ,ਇੰਟੈਲੀਜੈਂਟ, ਲੜਕੀ ਜਨਮ 1992,ਕੱਦ 5 ਫੱਟ 3 ਇੰਚ, ਵਿਦਿਅਕ ਯੋਗਤਾ ਐਮ ਐੱਸ (ਆਈ ਟੀ) ਲਈ ਕਨੇਡਾ ਅਮਰੀਕਾ ਜਾਂ ਆਸਟਰੇਲੀਆ ਰਹਿੰਦੇ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: ਵਟਸਐਪ 91-9393800002 ਜਾਂ 1 780 300 2000 ***_***

### ਲੜਕੇ ਦੀ ਲੋੜ

Jatt Sikh family seek a suitable match for their 5ft. 8inch / 30 years old daughter. She is an Engineering Graduate from Canadian University and working as a Professional Engineer (P. Eng.) within a reputed company. Boy should be born or raised in Canada. Seeking Canadian University Educated Doctor, Engineer, Lawyer, and Accountant. Contact: (403) 828 7973 or acheema8811@gmail.com. Only Jatt Sikh families contact. ***000***

### ਲੜਕੇ ਦੀ ਲੋੜ

Jatt Sikh's parents seeking suitable match for their daughter Indian born, Canadian citizen, 37 years old, 5' 1" feet, B.Tech, working in a highly reputed Telecom company on a technical position. Boy should be well educated of decent values and belong to a good family. Cell no./WhatsApp +1 587-434-0817 ***000***

### ਅੰਗਹੀਣ ਲੜਕੀ ਦੀ ਲੋੜ

ਕਨੇਡੀਅਨ ਬੌਰਨ,ਕੱਦ 5 ਫੁੱਟ 7 ਇੰਚ, 27 ਸਾਲਾ ਉਮਰ ਦੇ ਲੜਕੇ ਜਿਸ ਨੂੰ 6 ਸਾਲ ਦੀ ਉਮਰ ਤੋਂ ਬਾਦ ਸੁਣਨ ਦੀ ਸਮੱਸਿਆ ਆ ਗਈ ਸੀ ਪਰ ਉਹ ਪੰਜਾਬੀ ਅਤੇ ਇੰਗਲਿਸ਼ ਬੋਲੀ ਵਿੱਚ ਪਰਿਵਾਰਿਕ ਮੈਂਬਰਾਂ ਦੀ ਗੱਲ ਸਮਝਦਾ ਹੈ, ਲਈ ਸਰੀਰਕ ਤੌਰ ਤੇ ਅੰਗਹੀਣ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਡਰਾਈਵਿੰਗ ਲਾਇਸੈਂਸ ਹੈ। ਲੜਕਾ ਫੁੱਲ ਟਾਈਮ ਜੌਬ ਕਰਦਾ ਹੈ। ਸੰਪਰਕ: 403 971 0648 ***000***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਤੂਰ ਪਰਿਵਾਰ ਦੇ ਲੜਕੇ ਉਮਰ, ਉਮਰ 30 ਸਾਲ,ਕੱਦ 5ਫੁੱਟ 11 ਇੰਚ,ਵਿੱਦਿਅਕ ਯੋਗਤਾ ਬੀ ਏ, ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤ ਦੀ ਲੋੜ ਹੈ। ਜੋਆਇੰਟ ਫੈਮਿਲੀ ਵਾਲੇ ਰਿਸ਼ਤੇ ਨੂੰ ਪਹਿਲ । ਸੰਪਰਕ ਲਈ ਸਿਰਫ ਵਟਸਐਪ ਉੱਪਰ ਹੀ ਵਾਇਓਡਾਟਾ ਭੇਜਿਆ ਜਾਵੇ । ਵਟਸਐਪ: 403 680 0436 ******

### ਲੜਕੇ ਦੀ ਲੋੜ

ਜਿਲ੍ਹਾ ਫਤਿਹਗੜ੍ਹ ਸਾਹਿਬ ਨਾਲ ਸਬੰਧਤ ਜੱਟ ਸਿੱਖ ਭੰਗੂ ਪ੍ਰੀਵਾਰ ਦੀ ਲੜਕੀ, ਜਨਮ 1986, ਕੱਦ 5 ਫੁੱਟ 5 ਇੰਚ, ਵਿੱਦਿਅਕ ਯੋਗਤਾ ਬੀਏ, ਡਿਪਲੋਮਾ ਕੰਪਿਊਟਰ ਐਪਲੀਕੇਸ਼ਨ, ਪ੍ਰੋਗ੍ਰਾਮਿੰਗ, ਡਾਟਾ ਬੇਸ ਅਤੇ ਐਡਮਿਨਿਸਟ੍ਰੇਸ਼ਨ, ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੇ ਕੈਨੇਡੀਅਨ ਪੀ ਆਰ ਜਾਂ ਸਿਟੀਜ਼ਨ ਵਰ ਦੀ ਲੋੜ ਹੈ।। ਲੜਕੀ ਦੀ ਵੱਡੀ ਭੈਣ ਕੈਲਗਰੀ ਵਿਖੇ ਕੈਨੇਡੀਅਨ ਸਿਟੀਜ਼ਨ ਹੈ ਅਤੇ ਮਾਤਾ ਪਿਤਾ ਕੈਨੇਡੀਅਨ ਪੀ ਆਰ ਹਨ, ਸੰਪਰਕ :1 250 859 2829 ******


"ਪੰਜਾਬੀ ਅਖ਼ਬਾਰ" ਵਿੱਚ ਖਬਰਾਂ,ਕਾਰੋਬਾਰ ਵਿੱਚ ਵਾਧੇ ਲਈ ਵਿਓਪਾਰਕ ਐਡਵਰਟਾਈਜ਼ਮੈਂਟ,ਬੱਚਿਆਂ ਦੇ ਜਨਮ ਦਿਨ ਮੌਕੇ ਦੀਆਂ ਤਸਵੀਰਾਂ,ਵਿਆਹ ਦੀ ਵਰ੍ਹੇਗੰਢ, ਵਿਆਹ ਲਈ ਲੜਕੇ ਲੜਕੀ ਦੀ ਭਾਲ ਸਬੰਧੀ,ਵਰਕਰਾਂ ਦੀ ਲੋੜ,ਘਰ ਜਾਂ ਕਾਰ ਖਰੀਦਣ ਜਾਂ ਵੇਚਣ ਸਬੰਧੀ ਇਸ਼ਤਿਹਾਰ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰੋ ।

ਕੈਲਗਰੀ-403 640 2000

ਐਡਮਿੰਟਨ-780 599 2000 ਸੈਸਕਾਟੂਨ 639 999 1000

ਰੀਜ਼ਾਇਨਾ- 639 999 1000, ਵਿਨੀਪੈੱਗ- 431 733 3000

## ਏ ਵਨ ਸਟੱਕੋ ਕੈਲਗਰੀ ਵਾਲਿਆਂ ਨੂੰ ਵਰਕਰਾਂ ਦੀ ਲੋੜ




ਏ ਵਨ ਸਟੱਕੋ ਕੈਲਗਰੀ ਵਾਲਿਆਂ ਨੂੰ ਵਰਕਰਾਂ ਦੀ ਲੋੜ "ਐਲ ਐਮ ਆਈ ਵੀ ਮਿਲ ਜਾਵੇਗੀ "ਜੇਕਰ ਕੰਮ ਦਾ ਤਜ਼ਰਬਾ ਨਹੀਂ ਹੈ ਤਾਂ ਉਹ ਕੰਮ ਵੀ ਸਿਖਾ ਦੇਣਗੇ। ਸਰੀਰਕ ਤੌਰ ਤੇ ਮਿਹਨਤ ਮੁਸ਼ੱਕਤ ਵਾਲਾ ਕੰਮ ਕਰਨ ਵਾਲੇ ਸੰਪਰਕ ਕਰਨ "403 614 2094 ਜਾਂ 403 402 5615

## ਮਿਹਨਤੀ ਵਰਕਰਾਂ ਨੂੰ ਅਸੀਂ ਇੰਡੀਆ ਤੋਂ ਵੀ ਵਰਕ ਪਰਮਿਟ ਉੱਪਰ ਬੁਲਾ ਸਕਦੇ ਹਾਂ

Bhinder Exterior have the following job positions available as listed below.

- Administrative Assistant
- Civil Engineer
- Business Development
- Stucco Plasterer
- Consultant, Advertising
- Roofer
- Construction Helper

If you have any questions regarding the information provided, please do not hesitate to contact @ +1 403 680 0436 or email at bhinderexteriors13@gmail.com.

## ਐਡਮਿੰਟਨ ਵਿੱਚ ਮੋਟਲ ਵਿਕਾਊ ਹੈ

50 ਕਮਰਿਆਂ ਵਾਲਾ, ਹੋਟਲ ਕਾਰੋਬਾਰ ਦੇ ਹਿਸਾਬ ਨਾਲ ਬਹੁਤ ਹੀ ਵਧੀਆ ਲੋਕੇਸ਼ਨ, ਭਵਿੱਖ ਵਿੱਚ ਕਾਰੋਬਾਰ ਵਧਾਉਣ ਲਈ ਵਾਧੂ ਜਮੀਨ ਵੀ ਨਾਲ ਹੀ ਹੈ। ਮਾਲਕ ਵੱਲੋਂ ਸਿੱਧਾ ਹੀ ਵੇਚਿਆ ਜਾਣਾ ਹੈ। ਇਸ ਲਈ ਬਿਨਾ ਕਿਸੇ ਵਿਚੋਲਗੀ ਦੇ ਸਿੱਧਾ ਸੰਪਰਕ ਕਰਕੇ ਬੱਚਤ ਕਰੋ। ਈ ਮੇਲ : 2009cst@gmail.com

## ਘਰ ਦੇ ਕੰਮ ਲਈ ਸਹਾਇਕ ਔਰਤ ਦੀ ਲੋੜ

ਕੈਲਗਰੀ ਸਹਿਰ ਦੇ ਸੈਡਲਰਿੱਜ ਏਰੀਆ ਵਿੱਚ ਰਹਿੰਦੀ ਪੰਜਾਬੀ ਫੈਮਿਲੀ ਨੂੰ ਘਰ ਦੇ ਕੰਮ ( ਬਰਤਨ ਧੋਣੇ ਅਤੇ ਘਰ ਦੀ ਸਾਫ ਸਫਾਈ ਆਦਿ) ਲਈ ਹੈਲਪਰ (ਔਰਤ) ਦੀ ਲੋੜ ਹੈ । ਕੰਮ ਹਫ਼ਤੇ ਦੇ ਪੰਜ ਦਿਨ 30-35 ਘੰਟੇ ਹੋਵੇਗਾ । ਚੰਗੀ ਤਨਖਾਹ ਦਿੱਤੀ ਜਾਵੇਗੀ। ਸੰਪਰਕ : 587 329 7202


# ਪੰਜਾਬ ਦੀ ਸਮਝ ਅਤੇ ਵਰਤਾਰੇ ਦਾ ਸਿਆਸੀ ਪ੍ਰਸੰਗ

**ਬਲਕਾਰ ਸਿੰਘ ਪ੍ਰੋਫੈਸਰ**

ਗੁਰੂ ਦੇ ਨਾਮ 'ਤੇ ਜਿਊਣ ਵਾਲਾ ਪੰਜਾਬ ਜੇ ਇਸ ਵੇਲੇ ਲੱਭਦਾ ਨਹੀਂ ਜਾਂ ਨਜ਼ਰ ਨਹੀਂ ਆਉਂਦਾ ਤਾਂ ਪੰਜਾਬੀਆਂ ਮੁਤਾਬਿਕ, ਇਸ ਵੇਲੇ ਦਾ ਪੰਜਾਬ ਵੀ ਕਿਧਰੇ ਨਜ਼ਰ ਨਹੀਂ ਆ ਰਿਹਾ। ਇਸ ਨੂੰ ਪੰਜਾਬ ਦੀ ਚੇਤਨਾ ਲਹਿਰ ਤੋਂ ਸਿਆਸੀ ਜੁਗਾੜਬੰਦੀ ਤੱਕ ਪਹੁੰਚ ਗਏ ਪੰਜਾਬ ਵਾਂਗ ਦੇਖੀਏ ਤਾਂ ਭਾਈਚਾਰਕ ਸਾਂਝ ਤੋਂ ਵੋਟ ਬੈਂਕ ਦੀ ਸਿਆਸਤ ਤੱਕ ਪਹੁੰਚੇ ਪੰਜਾਬ ਵਾਂਗ ਸਮਝਿਆ ਅਤੇ ਸਮਝਾਇਆ ਜਾ ਸਕਦਾ ਹੈ। ਇਸ ਦੇ ਨਾਲ-ਨਾਲ ਪੰਜਾਬ ਦੀ ਵਿਰਾਸਤ ਪ੍ਰਤੀ ਪੰਜਾਬੀ ਵਾਰਸਾਂ ਦੀ ਅਣਗਹਿਲੀ ਦਾ ਹਾਲ ਇਹ ਹੋ ਗਿਆ ਹੈ ਕਿ ਬੇਗਾਨਿਆਂ ਦੀ ਪੰਜਾਬ ਸੰਭਾਲ ਵੱਲ ਵੀ ਪੰਜਾਬੀਆਂ ਦਾ ਧਿਆਨ ਪੁਸਤਕ ਸਭਿਆਚਾਰ ਦੀ ਘਾਟ ਕਰ ਕੇ ਨਹੀਂ ਗਿਆ। ਪੰਜਾਬੀ ਨਾਬਰੀ, ਆਪਣੇ ਆਪ ਪ੍ਰਤੀ ਇਸ ਹੱਦ ਤੱਕ ਨਾਬਰ ਰਹੀ ਹੈ ਕਿ ਪੰਜਾਬੀਆਂ ਸੀ ਬਾਗ਼ੀ ਸੁਰ, ਜਿੰਨਾ ਮਰਨ ਵਾਸਤੇ ਤਤਪਰ ਰਹੀ ਹੈ, ਓਨਾ ਜਿਊਣ ਵਾਸਤੇ ਉਤਸੁਕ ਰਹੀ ਨਹੀਂ ਜਾਪਦੀ। ਪੰਜਾਬੀ, ਸੁਭਾ ਵਜੋਂ ਤਬਦੀਲੀ ਦਾ ਮੁਦਈ ਰਿਹਾ ਹੈ ਪਰ ਵਿਹਾਰ ਵਿਚ ਤਬਦੀਲੀ ਵਾਸਤੇ ਬੇਗਾਨਿਆਂ ਦੇ ਏਜੰਡੇ ਮੁਤਾਬਿਕ ਹੀ ਵਰਤਿਆ ਜਾਂਦਾ ਰਿਹਾ ਹੈ। ਇਸੇ ਕਰ ਕੇ ਪੰਜਾਬੀਆਂ ਨੂੰ ਵਿਰੋਧੀਆਂ ਨਾਲ ਲੜਨਾ ਤਾਂ ਜਿਸ ਤਰ੍ਹਾਂ ਖੂਬ ਆਉਂਦਾ ਹੈ, ਉਸ ਤਰ੍ਹਾਂ ਆਪਣੇ ਆਪ ਨਾਲ ਲੜਨਾ ਨਹੀਂ ਆਉਂਦਾ। ਪੰਜਾਬ ਦੀ ਬਜ਼ੁਰਗਾਨਾ ਸਿਆਣਪ ਇਹ ਰਹੀ ਕਿ ਜੇ ਸੁਨਣਾ ਨਹੀਂ, ਸਮਝਣਾ ਨਹੀਂ ਤਾਂ ਜਾਹ ਫਿਰ ਗਾਉਂਦਾ ਫਿਰ ! ਇਸ ਵਰਤਾਰੇ ਨੇ ਇੱਥੇ ਲੈ ਆਂਦਾ ਹੈ ਕਿ ਆਪੇ ਫਾਥੜੀਏ ਤੈਨੂੰ ਕੌਣ ਛੁਡਾਵੇ ! ਪੰਜਾਬ ਨੂੰ ਦਰਪੇਸ਼ ਮਸਲਿਆਂ ਦੀ ਨਿਸ਼ਾਨਦੇਹੀ ਨਾ ਕਰ ਸਕਣ ਵਾਲੇ ਵੀ ਕਿੰਨੇ ਫਿਕਰਮੰਦ ਹਨ, ਇਸ ਦਾ ਅੰਦਾਜ਼ਾ ਹਰ ਤਰ੍ਹਾਂ ਦੇ ਮੀਡੀਆ ਪ੍ਰਗਟਾਵਿਆਂ ਤੋਂ ਲਾਇਆ ਜਾ ਸਕਦਾ ਹੈ। ਮੀਡੀਆ ਪ੍ਰਗਟਾਵਿਆਂ ਨਾਲ ਓਨਾ ਸੁਧਰਿਆ ਨਹੀਂ ਜਾਪਦਾ ਜਿੰਨਾ ਵਿਗੜਿਆ ਨਜ਼ਰ ਆ ਰਿਹਾ ਹੈ। ਸਿਆਸਤ ਨੇ ਮੀਡੀਆ ਨੂੰ ਬਾਜ਼ਾਰ ਵਿਚੋਂ ਕੱਢ ਕੇ ਬਾਜ਼ਾਰਵਾਦ ਵਿਚ ਸਿਆਸੀ ਚਤੁਰਾਈ ਦੁਆਰਾ ਇਸ ਤਰ੍ਹਾਂ ਟਿਕਾ ਦਿੱਤਾ ਹੈ ਕਿ ਚੇਤਨਾ ਪਰਤਾਂ ਵੀ ਬਾਜ਼ਾਰੀਕਰਨ ਦੀ ਪੈਰਵਾਈ ਕਰਦੀਆਂ ਨਜ਼ਰ ਆਉਣ ਲੱਗ ਪਈਆਂ ਹਨ। ਭਰਮਾਊ ਤਿਫਲ-ਤਸੱਲੀਆਂ ਦੀ ਸਿਆਸਤ ਨੂੰ ਇਸ ਦਾ ਹਾਸਲ ਮੰਨ ਲਿਆ ਗਿਆ ਹੈ। ਸੁਤੰਤਰ ਭਾਰਤ ਦੀ ਵਰਤਮਾਨ ਸਿਆਸਤ ਬਰਾਸਤਾ ਜਗੀਰਦਾਰੀ ਸਿਆਸਤ, ਸਰਮਾਏਦਾਰੀ ਸਿਆਸਤ ਅਤੇ ਕਾਰਪੋਰੇਟੀ ਸਿਆਸਤ ਤੱਕ ਪਹੁੰਚ ਗਈ ਹੈ। ਇਸ ਨੂੰ ਖੱਬੇ ਅਤੇ ਸੱਜੇ ਉਲਾਰ ਦੀ ਸਿਆਸਤ ਨਾਲ ਨਿਭਦਿਆਂ ਰਾਸ਼ਟਰਵਾਦੀ ਸਿਆਸਤ ਤੱਕ ਪਹੁੰਚਣਾ ਪੈ ਗਿਆ ਹੈ। ਇਸ ਨੂੰ ਸੱਜੇ ਉਲਾਰ ਦੀ ਸਿਆਸੀ ਅਜਾਰੇਦਾਰੀ ਵੀ ਕਿਹਾ ਜਾ ਸਕਦਾ ਹੈ। ਇਸ ਦੀ ਮੋਢੀ ਆਰਐੱਸਐੱਸ, ਦੇਸ਼ ਦੀ ਵੰਡ ਵੇਲੇ ਵੀ ਸਰਗਰਮ ਸੀ ਪਰ ਸੁਤੰਤਰ ਭਾਰਤ ਦੀ ਸਿਆਸਤ ਵਿਚ ਆਰਐੱਸਐੱਸ ਦੇ ਪੈਰ ਉਸ ਤਰ੍ਹਾਂ ਨਹੀਂ ਲੱਗੇ ਸਨ, ਜਿਵੇਂ 2014 ਤੋਂ ਲਗਾਤਾਰ ਭਾਜਪਾ ਦੀ ਅਗਵਾਈ ਵਿਚ ਲੱਗੇ ਹੋਏ ਹਨ। ਕਾਂਗਰਸ ਦੇ ਕੇਂਦਰੀਕਰਨ ਦੀ ਸਿਆਸਤ ਸੂਬਾਈ ਸਿਆਸਤ ਦਾ ਉਸ ਤਰ੍ਹਾਂ ਨੁਕਸਾਨ ਨਹੀਂ ਕਰ ਸਕੀ ਸੀ ਜਿਸ ਤਰ੍ਹਾਂ ਦਾ ਸੂਬਾਈ ਸਿਆਸਤ ਦਾ ਨੁਕਸਾਨ ਭਾਜਪਾ ਦੀ ਅਗਵਾਈ ਵਿਚ ਸਾਹਮਣੇ ਆ ਰਿਹਾ ਹੈ। ਭਾਜਪਾ ਦਾ ਆਰਐੱਸਐੱਸ ਨਾਲ ਉਹੋ ਜਿਹਾ ਰਿਸ਼ਤਾ ਹੈ ਜਿਹੋ ਜਿਹਾ ਕਿਸੇ ਵੇਲੇ ਪੰਜਾਬ ਵਿਚ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਰਿਹਾ ਸੀ ਪਰ ਆਰਐੱਸਐੱਸ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਿਧਾਂਤਕ ਧਰਾਤਲ ਬਿਲਕੁਲ ਵੱਖਰੀ-ਵੱਖਰੀ ਹੈ। ਸਿਆਸੀ ਸੁਰ ਵਿਚ ਜਿਵੇਂ ਸ਼੍ਰੋਮਣੀ ਅਕਾਲੀ ਦਲ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਅਪਹਰਨ ਕਰ ਲਿਆ ਸੀ, ਬਿਲਕੁਲ ਉਸੇ ਤਰ੍ਹਾਂ ਆਰਐੱਸਐੱਸ ਦੇ ਅਪਹਰਨ ਦਾ ਸੰਘਰਸ਼ ਵੀ ਚੱਲ ਰਿਹਾ ਹੈ। ਇਸੇ ਦੀ ਰੌਸ਼ਨੀ ਵਿਚ ਪੰਜਾਬ ਦੀ ਸਿਆਸੀ ਸਮਝ ਅਤੇ ਸਿਧਾਂਤਕ ਵਰਤਾਰੇ ਨੂੰ ਦੇਖਿਆ ਵੀ ਜਾਣਾ ਚਾਹੀਦਾ ਹੈ ਅਤੇ ਸਮਝਿਆ ਵੀ ਜਾਣਾ ਚਾਹੀਦਾ ਹੈ।ਆਰਐੱਸਐੱਸ ਜਿਸ ਸਿਧਾਂਤਕ ਧਰਾਤਲ 'ਤੇ ਭਾਜਪਾਈ ਸਿਆਸਤ ਨੂੰ ਉਸਾਰਦੀ ਰਹੀ ਹੈ, ਉਸ ਬਾਰੇ ਇਹ ਸਾਹਮਣੇ ਲਿਆਉਣ ਦੀ ਕੋਸ਼ਿਸ਼ ਹੈ ਕਿ ਇਸ ਪਰੰਪਰਾ ਦੀ ਸਿਧਾਂਤਕੀ ਨੂੰ ਭਾਰਤੀ ਪ੍ਰਸੰਗ ਵਿਚ ਪਹਿਲਾਂ ਸੰਤ ਪਰੰਪਰਾ ਅਤੇ ਫਿਰ ਭਗਤ ਪਰੰਪਰਾ ਨੇ ਨਕਾਰਿਆ ਸੀ। ਇਨ੍ਹਾਂ ਦੋਹਾਂ ਦੀ ਨਾਬਰੀ ਸੁਰ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਬਦ ਗੁਰੂ ਦੀ ਸਿਧਾਂਤਕੀ ਵਜੋਂ ਸੰਭਾਲਿਆ ਹੋਇਆ ਹੈ। ਆਰਐੱਸਐੱਸ ਦੇ ਹਿੰਦੂ ਰਾਸ਼ਟਰਵਾਦ ਦੀ ਸਿਆਸਤ ਨੂੰ ਦੇਸ਼ ਦੀ ਵੰਡ ਵਾਸਤੇ ਵਰਤੀ ਦੋ ਕੌਮਾਂ ਦੀ ਸਿਆਸੀ ਸਿਧਾਂਤਕੀ ਨੂੰ ਸ਼ਹਿ ਬੇਸ਼ੱਕ ਮਿਲੀ ਸੀ ਪਰ ਕਾਂਗਰਸ ਨੇ ਆਰਐੱਸਐੱਸ ਦੇ ਏਜੰਡੇ ਨੂੰ ਜਿਥੇ ਸੀ ਉੱਥੇ ਹੀ ਰੋਕਣ ਦੀ ਸਿਆਸਤ ਲਗਾਤਾਰ ਕੀਤੀ। ਉਂਞ, ਕਾਂਗਰਸ ਵੀ ਆਰਐੱਸਐੱਸ ਦੇ ਪੈਰੋਕਾਰਾਂ ਨੂੰ ਸਿਆਸੀ ਵੋਟ ਬੈਂਕ ਵਾਂਗ ਵਰਤਦੀ ਰਹੀ ਸੀ। ਇਸ ਦਾ ਵਿਰੋਧ ਕਾਂਗਰਸ ਦੇ ਅੰਦਰੋਂ ਗੈਰ-ਹਿੰਦੂ ਸਿਆਸਤਦਾਨ ਕਰਦੇ ਰਹੇ। ਉਸ ਵਿਰੋਧ ਵੱਲ ਧਿਆਨ ਨਾ ਦਿੱਤੇ ਜਾਣ ਦਾ ਸਿਆਸੀ ਨੁਕਸਾਨ ਕਾਂਗਰਸ ਨੂੰ 2014 ਵਿਚ ਹੋਇਆ ਅਤੇ ਉਹੀ ਲਗਾਤਾਰ ਝੱਲਣਾ ਪੈ ਰਿਹਾ ਹੈ। ਇਸ ਨਾਲ ਸਿੱਝਣ ਦੀ ਸਿਆਸਤ ਕਾਂਗਰਸ ਨੂੰ ਉਸੇ ਸੂਬਾਈ ਸਿਆਸਤ ਦੇ ਸਹਿਯੋਗ ਨਾਲ ਕਰਨੀ ਪੈ ਰਹੀ ਹੈ ਜਿਸ ਨੂੰ ਕਾਂਗਰਸ ਲਗਾਤਾਰ ਨੁਕਸਾਨ ਪਹੁੰਚਾਉਂਦੀ ਰਹੀ ਸੀ। ਕਾਂਗਰਸ ਨੂੰ ਆਰਐੱਸਐੱਸ ਵਿਚ ਭਾਜਪਾ ਦੀ ਜਾਨ ਤਾਂ ਸਮਝ ਆ ਗਈ ਹੈ ਪਰ ਇਸ ਨਾਲ ਸਿੱਝਣ ਵਾਸਤੇ ਸੂਬਾਈ ਸਿਆਸਤ ਦੀ ਅਹਿਮੀਅਤ ਅਜੇ ਵੀ ਸਮਝ ਨਹੀਂ ਆ ਰਹੀ। ਇਸੇ ਕਰ ਕੇ ਜਿਸ ਤਰ੍ਹਾਂ ਭਾਜਪਾ ਨੂੰ ਪੰਜਾਬ ਦੀ ਨਾਬਰੀ ਦੀ ਸਿਆਸਤ ਸਮਝ ਆ ਰਹੀ ਹੈ, ਉਸ ਤਰ੍ਹਾਂ ਕਾਂਗਰਸ ਦਾ ਇਸ ਪਾਸੇ ਧਿਆਨ ਨਹੀਂ ਹੈ।

**ਬਾਕੀ ਅਗਲੇ ਅੰਕ ਵਿਚ**




# ਮਿੱਤਰਾਂ ਦੀ ਲੂਣ ਦੀ ਡਲੀ-2

1947 'ਚ ਦੇਸ਼ ਦੀ ਵੰਡ ਹੋ ਗਈ। 17 ਅਗਸਤ 1947 ਨੂੰ ਗੁਰਦੇਵ ਸਿੰਘ ਦੇ ਘਰ ਦੋ ਕੁੜੀਆਂ ਬਾਅਦ ਪੁੱਤ ਜੰਮਿਆ। ਗੁਰਦੇਵ ਵੀ ਆਪਣੇ ਬਾਪ ਦੇ ਘਰ 'ਕੱਲਾ ਹੀ ਸੀ ਤੇ ਗੁਰਦੇਵ ਦਾ ਬਾਪੂ ਵੀ ਆਪਣੇ ਬਾਪ ਦੇ ਘਰ 'ਕੱਲਾ। ਘਰ ਵਿੱਚ ਪੁੱਤ ਦੇ ਜੰਮਣ ਦੀ ਖੁਸ਼ੀ ਦੇਸ਼ ਦੀ ਵੰਡ ਅਤੇ ਹੱਲਿਆਂ ਗੁੱਲਿਆਂ ਦੇ ਰੌਲੇ 'ਚ ਗੁਆਚ ਗਈ। ਹਾਲਾਤ ਇਹ ਬਣ ਗਏ ਕਿ ਕਿਵੇਂ ਨਾ ਕਿਵੇਂ ਸਾਰਾ ਪਰਿਵਾਰ ਹਿੰਦੋਸਤਾਨ ਪੁੱਜੇ। ਪਰ ਇਹ ਅਸੰਭਵ ਜਿਹਾ ਕੰਮ ਸੀ। ਪਰਿਵਾਰ ਨੇ ਬੈਠ ਕੇ ਰਾਇ ਕੀਤੀ ਅਤੇ ਸਭ ਤੋਂ ਪਹਿਲਾਂ ਗੁਰਦੇਵ ਨੂੰ ਹਿੰਦੋਸਤਾਨ ਪਹੁੰਚਣ ਦੀ ਹਦਾਇਤ ਦਿੱਤੀ। ਗੁਰਦੇਵ ਸਿੰਘ ਨੇ ਆਪਣੀ ਘੋੜੀ ਸ਼ਿੰਗਾਰੀ ਤੇ ਲਾਇਲਪੁਰ ਦੇ ਹਵਾਈ ਅੱਡੇ ਤੇ ਪਹੁੰਚ ਗਿਆ। ਤਿੰਨ ਸੌ ਰੁਪਏ 'ਚ ਟਿਕਟ ਖਰੀਦ ਕੇ ਜਹਾਜ਼ ਬਹਿ ਦਿੱਲੀ ਆ ਉਤਰਿਆ। ਦਿੱਲੀ ਤੋਂ ਰੇਲਗੱਡੀ ਰਾਹੀਂ ਅੱਗੇ ਖੰਨੇ ਪਹੁੰਚ ਗਿਆ। ਖੰਨੇ ਤੋਂ ਗੁਰਦੇਵ ਸਿੰਘ ਜਦੋਂ ਆਪਣੀ ਮਾਸੀ ਦੇ ਪਿੰਡ, ਬੀਜੇ ਕੋਟ ਪਹੁੰਚਿਆ ਤਾਂ ਹੈਰਾਨ ਹੋ ਗਿਆ। ਕਿਉਂਕਿ ਉਸਦੇ ਪਿਤਾ, ਉਹਦੀ ਸਰਦਾਰਨੀ ਤੇ ਬੱਚੇ ਉਸ ਤੋਂ ਪਹਿਲਾਂ ਹੀ ਉੱਥੇ ਪਹੁੰਚ ਚੁੱਕੇ ਸਨ। ਦੂਸਰੇ ਦਿਨ ਗੁਰਦੇਵ ਸਿੰਘ ਦੀ ਮਾਤਾ, ਗੁਰਦੇਵ ਸਿੰਘ ਦੇ ਹੀ ਇਕ ਮਿੱਤਰ ਕਰਨਲ ਫੌਜਾ ਸਿੰਘ ਸੰਧੂ ਨਾਲ ਇੱਧਰ ਪਹੁੰਚ ਗਈ।

ਭੋਇੰ-ਭਾਂਡਾ, ਘੋੜੀਆਂ, ਲਵੇਰੀਆਂ ਸਰਦਾਰੀਆ ਛੱਡ ਕੇ ਦੂਜੀ ਥਾਂ ਤੇ ਆਏ ਗੁਰਦੇਵ ਸਿੰਘ ਦੇ ਮਨ ਵਿੱਚ ਉਸ ਜਾਂਗਲੀ ਦਾ ਚਿਹਰਾ ਆ ਗਿਆ ਤੇ ਉਹਦੇ ਕਹੇ ਬੋਲ ਮਾਨ ਦੇ ਕੰਨਾਂ ਵਿੱਚ ਗੂੰਜਣ ਲੱਗੇ।


ਜਦੋਂ ਇਕ ਜਾਂਗਲੀ ਦੁਪਹਿਰ ਵੇਲੇ ਆਪਣਾ ਵੱਗ ਚਾਰਨ ਲਈ 'ਮਾਨ' ਦੇ ਖੇਤਾਂ ਵਿੱਚ ਲੈ ਆਇਆ ਸੀ ਤਾਂ 'ਮਾਨ' ਡਾਂਗ ਚੁੱਕ ਕੇ ਲਲਕਾਰੇ ਮਾਰਦਾ ਉਹਦੇ ਪਿੱਛੇ ਦੌੜਿਆ ਸੀ। ਅੱਗਿਓਂ ਉਹ ਜਾਂਗਲੀ ਜਿਸਦਾ ਨਾਮ ਦੁੱਲਾ ਸੀ, ਨੇ ਤਰਲੇ ਪਾਉਂਦੇ ਹੋਏ ਗੁਰਦੇਵ ਸਿੰਘ ਨੂੰ ਕਿਹਾ ਸੀ,

" ਰਹਿਮ ਕਰ ਓਏ ਸਰਦਾਰਾ,
ਕਾਈ ਰੱਤਾ ਜਿੰਨਾ ਖ਼ੁਦਾ ਦਾ ਖ਼ੌਫ ਕਰ,
ਭੋਇੰ ਕਿਸੇ ਦੀ ਨਹੀਂ ਹੁੰਦੀ,
ਭੋਇੰ ਤਾਂ ਅੱਲਾ ਪਾਕ ਦੀ ਹੈ।"

ਤੇ ਉਹਦੀ ਗੱਲ ਸੁਣ ਕੇ 'ਮਾਨ' ਦੀ ਡਾਂਗ ਹਵਾ ਵਿੱਚ ਹੀ ਖੜ੍ਹ ਗਈ ਸੀ।

ਵੰਡ ਤੋਂ ਬਾਅਦ ਉਹਨਾਂ ਦੀ ਇਕ ਸਾਂਝੀ ਅਲਾਟਮੈਂਟ ਲੁਧਿਆਣੇ ਜਿਲ੍ਹੇ 'ਚ ਕਰਤਾਰ ਸਿੰਘ ਸਰਾਭੇ ਦੇ ਪਿੰਡ, ਸਰਾਭਾ ਵਿਖੇ ਹੋ ਗਈ ਤੇ ਸਾਲ ਭਰ ਇੱਥੇ ਰਹਿਣ ਤੋਂ ਉਪਰੰਤ ਮਾਨ ਨੂੰ ਜ਼ਮੀਨ ਦੀ ਪੱਕੀ ਅਲਾਟਮੈਂਟ ਪੈਪਸੂ ਵਿੱਚ ਅਮਰਗੜ੍ਹ ਥਾਣੇ ਦੇ ਪਿੰਡ ਭੂਮਸੀ 'ਚ ਹੋਈ। ਇੱਥੋਂ ਜ਼ਿੰਦਗੀ ਫੇਰ ਦੁਬਾਰਾ ਲੀਹ 'ਤੇ ਚੜ੍ਹ ਨੀ ਸ਼ੁਰੂ ਹੋ ਗਈ।

1952 ਵਿੱਚ ਦੇਸ਼ ਭਰ ਵਿੱਚ ਕਮਿਊਨਟੀ ਪ੍ਰਾਜੈਕਟ ਖੋ ਲ੍ਹੇ ਗਏ, ਜਿਨ੍ਹਾਂ 'ਚੋਂ ਇਕ ਧੂਰੀ ਕਮਿਊਨਟੀ ਪ੍ਰਾਜੈਕਟ ਮਲੇਰਕੋਟਲਾ ਵਿੱਚ ਚਾਲੂ ਹੋਇਆ। ਸ੍ਰ. ਆਰ. ਐੱਸ. ਰੰਧਾਵਾ ਜੋ ਐੱਮ. ਐੱਸ. ਰੰਧਾਵਾ ਦੇ ਭਰਾ ਸਨ ਅਤੇ ਪੈਪਸੂ ਦੇ ਵਿਕਾਸ ਕਮਿਸ਼ਨਰ ਸਨ, ਉਹਨਾਂ ਨੇ ਮਾਨ ਨੂੰ ਛੇ ਮਹੀਨਿਆਂ ਲਈ ਕਮਿਊਨਟੀ ਪ੍ਰਾਜੈਕਟ ਵਿੱਚ ਪਬਲਿਸਿਟੀ ਅਫਸਰ ਨਿਯੁਕਤ ਕਰ ਦਿੱਤਾ। ਬਾਅਦ ਵਿੱਚ 28 ਅਕਤੂਬਰ 1952 ਨੂੰ ਪਬਲਿਕ ਸਰਵਿਸ ਕਮਿਸ਼ਨ ਰਾਹੀਂ 'ਮਾਨ' ਦੀ ਪੱਕੇ ਤੌਰ ਤੇ ਨਿਯੁਕਤੀ ਹੋ ਗਈ।


ਗੁਰਦੇਵ ਸਿੰਘ ਮਾਨ

ਇਸ ਆਹੁਦੇ 'ਤੇ ਕੰਮ ਕਰਦਿਆਂ 'ਬਾਲਗ ਵਿਦਿਆ' ਅਧੀਨ ਗੁਰਦੇਵ ਸਿੰਘ ਮਾਨ ਨੇ ਇਕ ਦੋਗਾਣਾ ਐਕਸ਼ਨ ਰੂਪ ਵਿੱਚ ਤਿਆਰ ਕੀਤਾ। ਇਸ ਦੋਗਾਣੇ ਵਿੱਚ ਔਰਤ ਪੜ੍ਹਨਾ ਚਾਹੁੰਦੀ ਹੈ ਪਰ ਮਰਦ ਨੂੰ ਇਹ ਡਰ ਸੀ ਕਿ ਜੇ ਮੇਰੀ ਘਰਵਾਲੀ ਪੜ੍ਹ-ਲਿਖ ਗਈ ਤਾਂ ਕਿਸੇ ਗ਼ੈਰ-ਮਰਦ ਨਾਲ ਚਿੱਠੀ-ਪੱਤਰੀ ਨਾ ਸ਼ੁਰੂ ਕਰ ਦੇਵੇ। ਇਹ ਪੰਜਾਬੀ ਗੁਰਮੁੱਖੀ ਵਰਣਮਾਲਾ 'ਤੇ ਤਿਆਰ ਕੀਤਾ ਪਹਿਲਾ ਗੀਤ ਸੀ। ਇਸਦੇ ਬੋਲ ਸਨ:

ਪਤਨੀ- ਉੜਾ ਆੜਾ ਈੜੀ ਸੱਸਾ ਹਾਹਾ
ਊੜਾ ਆੜਾ ਵੇ
ਮੈਨੂੰ ਜਾਣ ਦੇ ਸਕੂਲੇ ਇਕ ਵਾਰ ਹਾੜ੍ਹਾ ਵੇ...
ਪਤੀ- ਟੈਂਕਾ ਠੱਠਾ ਡੱਡਾ ਢੱਡਾ
ਡੱਡਾ ਢੱਡਾ ਨ ਾਣਾਂ ਨੀ
ਨੀਂ ਤੂੰ ਮੁੜ ਚੱਲ ਘਰੇ ਨਹੀਂ ਸਕੂਲੇ ਜਾਣਾ ਨੀਂ...
ਪਤਨੀ- ਵੇ ਮੈਂ ਤੇਰੇ ਨਾਲ ਦਿਲਜਾਨੀ ਰੁੱਸ ਜਾਵਾਂਗੀ
ਨਾ ਮੈਂ ਰਿੜਕਾਂਗੀ ਦੁੱਧ ਨਾ ਹੀ ਰੋਟੀ ਲਾਹਵਾਂਗੀ
ਕੱਕਾ ਖੱਖਾ ਗੱਗਾ ਘੱਗਾ
ਗੱਗਾ ਘੱਗਾ ਙੰਙਾ ਵੇ
ਮੈਨੂੰ ਲੈ ਕੇ ਇਕ ਕੈਦਾ ਨਾ ਚੜ੍ਹਾਈਂ ਵੰਙਾਂ ਵੇ...
ਪਤੀ- ਨੀਂ ਤੂੰ ਜਾ ਕੇ ਸਕੂਲੇ ਦੱਸ ਕੀ ਕਰੇਂਗੀ
ਮੈਨੂੰ ਦੱਸ ਮੇਰੀ ਲਾਡੋ ਉੱਥੇ ਕਿੱਥੋਂ ਪੜ੍ਹੇਂਗੀ
ਤੱਤਾ ਥੱਥਾ ਦੱਦਾ ਧੱਧਾ
ਦੱਦਾ ਧੱਧਾ ਨੰਨਾ ਨੀ
ਨੀਂ ਤੂੰ ਮੁੜੇਂਗੀ ਕਿ ਨਹੀਂ ਤੇਰੇ ਗਿੱਟੇ ਭੰਨਾਂ ਨੀਂ...
ਪਤਨੀ- ਆਜਾ ਦੇਖ ਮੇਰੇ ਮਾਹੀ ਵੇ ਮੈਂ ਕੀ ਕਰਾਂਗੀ
ਮੈਂ ਵੀ ਧਰਤੀ ਸੰਵਾਰ ਕੇ ਤੇ ਇੰਝ ਪੜ੍ਹਾਂਗੀ
ਚੱਚਾ ਛੱਛਾ ਜੱਜਾ ਝੱਝਾ
ਜੱਜਾ ਝੱਝਾ ਞੰਞਾ ਵੇ
ਵੇ ਤੂੰ ਖੇਤਾਂ ਵੱਲ ਚੱਲ ਮੈਂ ਸਕੂਲੇ ਵੰਞਾਂ ਵੇ...
ਪਤੀ- ਜੇ ਤੂੰ ਮੇਰੀ ਭੋਲੀ ਭਾਲਈਏ ਨੀਂ ਪੜ੍ਹ ਜਾਵੇਂਗੀ
ਨੀਂ ਤੂੰ ਚਿੱਠੀਆਂ ਬੇਗਾਨਿਆਂ ਨੂੰ ਲਿਖ ਪਾਵੇਂਗੀ
ਪੱਪਾ ਫੱਫਾ ਬੱਬਾ ਭੱਭਾ
ਬੱਬਾ ਭੱਭਾ ਮੰਮਾ ਨੀਂ
ਤੇਰਾ ਰੋਂਦਾ ਰਹਿਜੂ ਮਾਹੀ ਲੰਮ ਤੇ ਸਲੰਮਾ ਨੀਂ...
ਪਤਨੀ- ਤੂੰ ਵੀ ਪੜ੍ਹ, ਤੈਨੂੰ ਲਿਖੇ ਮੇਰੇ ਖਤ ਆਉਣਗੇ
ਭੇਦ ਜਾਣ ਕੇ ਤਿਲੰਗੇ ਤੈਨੂੰ ਨਾ ਖਿਝਾਉਣਗੇ
ਯਯਾ ਰਾਰਾ ਲੱਲਾ ਵਾਵਾ
ਲੱਲਾ ਵਾਵਾ ੜਾੜਾ ਵੇ
'ਮਾਨ' ਜਾਣ ਦੇ ਸਕੂਲੇ ਇਹ ਨੀ ਕੰਮ ਮਾੜਾ ਵੇ...

ਇਸ ਗੀਤ ਨੇ ਮਹਿਕਮੇ ਵਿੱਚ ਇਕ ਤਰਥੱਲੀ ਜਿਹੀ ਮੱਚਾ ਦਿੱਤੀ ਤੇ 'ਮਾਨ' ਸਾਹਿਬ ਨੂੰ ਪੈਪਸੂ ਸਟੇਟ ਪੱਧਰ ਦਾ ਸ੍ਵਾਂਗ ਤੇ ਡਰਾਮਾ ਅਫਸਰ ਬਣਾ ਦਿੱਤਾ ਗਿਆ।

ਇਸ ਆਹੁਦੇ 'ਤੇ ਰਹਿੰਦੇ 'ਮਾਨ' ਸਾਹਿਬ ਹਰਚਰਨ ਸਿੰਘ ਗਰੇਵਾਲ, ਕਰਨੈਲ ਸਿੰਘ ਗਿੱਲ, ਮੁਹੰਮਦ ਸਦੀਕ, ਦੀਦਾਰ ਸੰਧੂ ਨੂੰ ਪਬਲਿਕ ਰਿਲੇਸ਼ਨ ਮਹਿਕਮੇ ਵਿੱਚ ਲੈ ਕੇ ਆਏ ਜੋ ਬਾਅਦ ਵਿੱਚ ਪੰਜਾਬੀਆਂ ਦੇ ਹਰਮਨ ਪਿਆਰੇ ਤੇ ਸਭ ਤੋਂ ਵੱਧ ਚਰਚਿਤ ਗਾਇਕ ਬਣੇ।

1962 ਵਿੱਚ ਮਾਨ ਸਾਹਿਬ ਕੁੱਝ ਸਿਆਸੀ ਬੰਦਿਆਂ ਦੇ ਅੜਿੱਕੇ ਚੜ੍ਹ ਗਏ। 24 ਘੰਟੇ ਦੇ ਨੋਟਿਸ 'ਤੇ ਨੌਕਰੀ ਛੱਡ ਕੇ 1962 ਵਿੱਚ ਮਲੇਰਕੋਟਲੇ ਤੋਂ ਅਕਾਲੀ ਟਿਕਟ 'ਤੇ ਅਸੈਂਬਲੀ ਚੋਣ ਲੜੀ ਤੇ ਚੋਣ ਹਾਰ ਗਏ।

1980 ਵਿੱਚ 'ਮਾਨ' ਸਾਹਿਬ ਕੈਨੇਡਾ ਜਾ ਵਸੇ ਤੇ 1983 ਵਿੱਚ ਉਹ ਕੈਨੇਡਾ ਦੇ ਪੱਕੇ ਨਿਵਾਸੀ ਹੋ ਗਏ। ਗੁਰਦੇਵ ਸਿੰਘ ਮਾਨ ਦੇ ਰਚੇ ਹੋਏ ਗੀਤ ਪੰਜਾਬ ਦੇ ਪਹਿਲੀ ਕਤਾਰ ਦੇ ਸਾਰੇ ਗਾਇਕਾਂ, ਗਾਇਕਾਵਾਂ ਨੇ ਗਾਏ। ਜਿਨ੍ਹਾਂ ਵਿੱਚ ਹਰਚਰਨ ਗਰੇਵਾਲ, ਕਰਮਜੀਤ ਧੂਰੀ, ਸੁਰਿੰਦਰ ਕੌਰ, ਨਰਿੰਦਰ ਬੀਬਾ, ਕੁਲਦੀਪ ਮਾਣਕ, ਕੇ.ਦੀਪ, ਕਰਮਜੀਤ ਗਰੇਵਾਲ, ਸਾਬਰ ਹੁਸੈਨ ਸਾਬਰ, ਜਗਮੋਹਣ ਕੌਰ, ਸੁਰਿੰਦਰ ਸੀਮਾ, ਰਜਿੰਦਰ ਰਾਜਨ, ਪੁਸ਼ਪਾ ਹੰਸ, ਨਰਿੰਦਰ ਕੌਰ ਸਮੇਤ ਕਈ ਨਾਮ ਲਏ ਜਾ ਸਕਦੇ ਹਨ।

ਗੀਤਕਾਰੀ ਵਿੱਚ ਮਾਨ ਦੇ ਸ਼ਾਗਿਰਦਾਂ ਚੋਂ ਹਰਦੇਵ ਦਿਲਗੀਰ ਉਰਫ ਦੇਵ ਥਰੀਕਿਆਂ ਵਾਲਾ, ਜੱਗਾ ਗਿੱਲ ਉਰਫ ਗਿੱਲ ਨੱਥੋਹੇੜੀ ਵਾਲਾ, ਗੁਰਮੁੱਖ ਸਿੰਘ ਗਿੱਲ ਉਰਫ ਗਿੱਲ ਜੱਬੋਮਾਜਰੇ ਵਾਲਾ, ਹਰਨੇਕ ਸੋਹੀ, ਜਤਿੰਦਰ ਨਿੱਝਰ ਨੇ ਗੀਤਕਾਰੀ ਵਿੱਚ ਚੋਖਾ ਨਾਮਣਾ ਖੱਟਿਆ ਹੈ। ਅੱਜ ਦੇ ਚੋਟੀ ਦੇ ਗੀਤਕਾਰ ਤੇ ਗਾਇਕ ਦੇਬੀ ਮਖ਼ਸੂਸਪੁਰੀ ਨੇ ਵੀ ਕੈਨੇਡਾ ਰਹਿੰਦੇ ਹੋਏ ਮੁੱਢਲੇ ਦਿਨਾਂ ਵਿੱਚ ਮਾਨ ਸਾਹਿਬ ਦੀ ਰੱਜ ਕੇ ਸੰਗਤ ਕੀਤੀ। ਅੱਧੀ ਸਦੀ ਬੀਤ ਜਾਣ ਤੋਂ ਬਾਅਦ ਵੀ 'ਮਾਨ' ਸਾਹਿਬ ਦੇ ਗੀਤ ਪੰਜਾਬੀਆਂ ਦੇ ਦਿਲਾਂ ਵਿੱਚ ਅੱਜ ਵੀ ਤਰੋ-ਤਾਜ਼ਾ ਹਨ ਤੇ ਹਮੇਸ਼ਾਂ ਰਹਿਣਗੇ ਵੀ। ਇੱਥੇ ਮੈਂ ਮਾਨ ਸਹਿਬ ਦੇ ਕੁੱਝ ਕੁ ਗੀਤਾਂ ਦੇ ਵੇਰਵਾ ਦੇਣਾ ਜ਼ਰੂਰੀ ਸਮਝਦਾ ਹਾਂ, ਕਿਉਂਕਿ ਸਾਰੇ ਗੀਤ ਇਸ ਲੇਖ ਰਾਹੀਂ ਲਿਖੇ ਨਹੀਂ ਜਾ ਸਕਦੇ:

ਮਿੱਤਰਾਂ ਦੀ ਲੂਣ ਦੀ ਡਲ਼ੀ ਨੀਂ ਤੂੰ ਮਿਸ਼ਰੀ ਬਰੋਬਰ ਜਾਣੀ
ਸੱਜਣਾਂ ਦੀ ਗੜ ਬੀ ਦਾ ਮਿੱਠਾ ਸ਼ਰਬਤ ਵਰਗਾ ਪਾਣੀ
ਗਾਇਕ- ਕਰਮਜੀਤ ਸਿੰਘ ਧੂਰੀ

ਕਰੀਰ ਦਾ ਵੇਲਣਾ ਮੈਂ ਵੇਲ ਵੇਲ ਥੱਕੀ
ਸੱਸ ਮੇਰੀ ਨੇ ਪਾ ਕੇ ਨੱਥਾਂ
ਟੱਬਰੀ ਕਿੱਲੇ ਬੱਧੀ
ਆਪ ਤਾਂ ਖਾਂਦੇ ਛੇ ਛੇ ਮੰਨੀਆ
ਮੈਨੂੰ ਟਿੱਕੀ ਅੱਧੀ
ਆਪ ਤਾਂ ਖਾਂਦੇ ਕਣਕ ਫਾਰਮੀ
ਮੈਨੂੰ ਚਿੱਟੀ ਮੱਕੀ
ਕਰੀਰ ਦਾ ਵੇਲਣਾ ਮੈਂ ਵੇਲ ਵੇਲ ਥੱਕੀ ਗਾਇਕਾ- ਨਰਿੰਦਰ ਬੀਬਾ

ਮੋਟਰ ਮਿੱਤਰਾਂ ਦੀ ਚੱਲ ਬਰਨਾਲੇ ਚੱਲੀਏ
ਭਾੜਾ ਨਹੀਂ ਲੱਗਣਾ ਬੈਠਣ ਦੀ ਕਰ ਬੱਲੀਏ
ਗਾਇਕ ਜੋੜੀ- ਸੁਰਿੰਦਰ ਕੌਰ ਤੇ ਹਰਚਰਨ ਗਰੇਵਾਲ

ਚਿੱਟਿਆਂ ਦੰਦਾਂ 'ਤੇ ਪੈ ਗਈ ਬਰੇਤੀ
ਡੂੰਘੇ ਪੈ ਗਏ ਘਾਸੇ
ਲੌਂਗ ਕਰਾ ਮਿੱਤਰਾ ਮੱਛਲੀ ਪਾਉਣਗੇ ਮਾਪੇ
ਗਾਇਕ ਜੋੜੀ- ਕੁਲਦੀਪ ਮਾਣਕ ਤੇ ਸੁਰਿੰਦਰ ਸੋਨੀਆ

ਮੇਰੀ ਡਿੱਗ ਪਈ ਚਰ੍ਹੀ ਦੇ ਵਿੱਚ ਗਾਨੀ
ਵੇ ਚੱਕ ਲਿਆ ਮੋਰ ਬਣਕੇ ਗਾਇਕ ਜੋੜੀ- ਸਾਬਰ ਹੁਸੈਨ ਸਾਬਰ ਤੇ ਨਰਿੰਦਰ ਬੀਬਾ

ਚਰਖੀ ਰੰਗੀਲੀ ਦਾਜ ਦੀ
ਮੇਰੇ ਵੀਰ ਨੇ ਵਲੈਤੋਂ 'ਆਂਦੀ
ਨੀ ਸੋਨੇ ਦਾ ਪਵਾਇਆ ਤੱਕਲਾ
ਉਹਦੇ ਮੁੰਨਿਆਂ ਤੇ ਮੜ੍ਹੀ ਹੋਈ ਚਾਂਦੀ
ਨੀਂ ਚਰਖੀ ਰੰਗੀਲੀ ਦਾਜ ਦੀ ਗਾਇਕਾ- ਨਰਿੰਦਰ ਬੀਬਾ

ਰਾਤੀਂ ਸੀ ਉਡੀਕਾਂ ਤੇਰੀਆਂ
ਸੁੱਤੇ ਪਲ ਨਾ ਹਿਜ਼ਰ ਦੇ ਮਾਰੇ
ਵੇ ਦੁੱਖਾਂ ਦੀ ਕਹਾਣੀ ਸੁਣਦੇ
ਰਹੇ ਊਂਘਦੇ ਅੰਬਰ ਦੇ ਤਾਰੇ
ਵੇ ਰਾਤੀਂ ਸੀ ਉਡੀਕਾਂ ਤੇਰੀਆਂ ਗਾਇਕ- ਨਰਿੰਦਰ ਬੀਬਾ

ਤੇਰਾ ਬੜਾ ਕਰਾਰ ਪੂਦਨਾ ਗਾਇਕ ਜੋੜੀ- ਕੇ. ਦੀਪ ਤੇ ਜਗਮੋਹਣ ਕੌਰ

ਤੋਤਾ ਪੀ ਗਿਆ ਬੁੱਲ੍ਹਾਂ ਦੀ ਲਾਲੀ
ਨੀਂ ਨਿੰਮ ਨਾਲ ਝੂਟਦੀਏ
ਹੋਏ ਨੈਣ ਕੱਜਲੇ ਤੋਂ ਖਾਲੀ
ਨੀਂ ਨਿੰਮ ਨਾਲ ਝੂਟਦੀਏ... ਗਾਇਕ- ਹਰਚਰਨ ਗਰੇਵਾਲ

ਮਾਨ ਸਾਹਿਬ ਦੇ ਦੋ ਸੌ ਦੇ ਕਰੀਬ ਗੀਤ ਰਿਕਾਰਡ ਹੋਏ। ਰਿਕਾਰਡ ਗੀਤਾਂ ਤੋਂ ਇਲਾਵਾ 1939-40 ਵਿੱਚ ਪਹਿਲੀ ਪੁਸਤਕ 'ਜੱਟੀ ਦੇਸ ਪੰਜਾਬ ਦੀ' (ਸ਼ਾਹਮੁੱਖੀ ਵਿੱਚ) ਪ੍ਰਕਾਸ਼ਤ ਹੋਈ ਫੇਰ 'ਮਾਨ ਸਰੋਵਰ', 'ਪੀਘਾਂ', 'ਨਵੇਂ ਗੀਤ', 'ਉਸਾਰੂ ਕਵੀ' ਆਦਿ ਗੀਤਾਂ ਦੀਆਂ ਪੁਸਤਕਾਂ ਪ੍ਰਕਾਸ਼ਿਤ ਹੋਈਆਂ। ਇਸ ਤੋਂ ਇਲਾਵਾ 'ਚਾਨਣ' ਇਕਾਂਗੀ ਸੰਗ੍ਰਹਿ, 'ਕਿਸਾਨ ਜਾਗਿਆ' ਇਕਾਂਗੀ ਸੰਗ੍ਰਹਿ, 'ਕੱਠ ਲੋਹੇ ਦੀ ਲੱਠ' ਨਾਟਕ ਅਤੇ 'ਰਾਹ ਦੇ ਰੋੜੇ' ਨਾਟਕ ਵੀ ਲਿਖੇ। ਸਿੱਖ ਧਰਮ ਦੇ ਮਹਾਨ ਗੁਰੂਆਂ ਨੂੰ ਚੇਤੇ ਕਰਦਿਆਂ 'ਮਾਨ' ਨੇ ਦੋ ਮਹਾਂ ਕਾਵਿ 'ਤੇਗ਼ ਬਹਾਦਰ ਬੋਲਿਆ' ਤੇ 'ਚੜ੍ਹਿਆ ਸੋਧਣ ਧਰਤ ਲੁਕਾਈ' ਲਿਖੇ।

ਮਾਣ ਜਵਾਨੀ ਦਾ, ਫੁੱਲ ਕੱਢਦਾ ਫੁਲਕਾਰੀ, ਸਤਿਸੰਗ ਦੋ ਘੜੀਆ(ਧਾਰਮਿਕ), ਜੱਟ ਵਰਗਾ ਯਾਰ, ਮੈਂ ਅੰਗਰੇਜ਼ੀ ਬੋਤਲ, ਮਾਂ ਦੀਏ ਰਾਮ ਰੱਖੀਏ ਗੀਤ ਸੰਗ੍ਰਹਿ ਵੀ ਪ੍ਰਕਾਸ਼ਿਤ ਹੋਏ। ਉਨ੍ਹਾਂ ਦੇ ਹਾਸ ਵਿਅੰਗ, 'ਕੁੰਡਾ ਖੋਲ ਬਸੰਤਰੀਏ', 'ਰੇਡੀਓ ਰਗੜਸਤਾਨ' ਵੀ ਪ੍ਰਕਾਸ਼ਿਤ ਹੋਏ। 'ਮਹਿਫ਼ਲ ਮਿੱਤਰਾਂ ਦੀ' ਤੇ 'ਦਾਤਾ ਦੇ ਰੰਗ' ਵੀ ਉਹਨਾਂ ਦੀਆਂ ਆਪਣੀ ਹੀ ਕਿਸਮ ਦੀਆਂ ਕਿਤਾਬਾਂ ਹਨ।

ਆਖਰੀ ਸਮੇਂ ਵਿੱਚ 'ਮਾਨ' ਸਾਹਿਬ ਦੀ ਅੱਖਾਂ ਦੀ ਜੋਤ ਬਿਲਕੁਲ ਮੱਧਮ ਪੈ ਗਈ। ਉਸ ਵੇਲੇ ਉਹਨਾਂ ਨੇ ਹੀਰ-ਰਾਂਝਾ ਲਿਖੀ ਜੋ ਉਹਨਾਂ ਦੀ ਆਖਰੀ ਪੁਸਤਕ ਹੈ। ਇਸਨੂੰ ਉਹ ਪਹਿਲਾਂ ਟੇਪਰਿਕਾਰਡ 'ਚ ਬੋਲ ਕੇ ਰਿਕਾਰਡ ਕਰ ਲੈਂਦੇ ਤੇ ਬਾਅਦ ਵਿੱਚ ਆਪਣੇ ਸ਼ਾਗਿਰਦਾਂ ਤੋਂ ਕਾਗਜ਼ ਤੇ ਉਤਰਵਾਉਂਦੇ। ਆਖਿਰ 14 ਜੂਨ 2004 ਨੂੰ ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਸ਼ਹਿਰ ਐਬਸਟਫੋਰਡ ਵਿੱਚ 'ਗੁਰਦੇਵ ਸਿੰਘ ਮਾਨ' ਦਾ ਦਿਹਾਂਤ ਹੋ ਗਿਆ। ਇਸ ਤਰ੍ਹਾਂ ਪੰਜਾਬੀ ਗੀਤਾਂ ਦੇ ਇਕ ਸੁਨਹਿਰੇ ਦੌਰ ਦਾ ਅੰਤ ਹੋ ਗਿਆ। ਪਰ ਉਹਨਾਂ ਦੇ ਗੀਤ ਹਮੇਸ਼ਾਂ ਪੰਜਾਬੀਆਂ ਦੇ ਦਿਲਾਂ ਵਿੱਚ ਜੀਵਤ ਰਹਿਣਗੇ। ਜਾਂਦੇ-ਜਾਂਦੇ 'ਮਾਨ ਸਾਹਿਬ' ਦੀ 'ਹੀਰ' ਦੇ ਅਲਬੇਲੇ ਸ਼ਬਦੀ ਨਮੂਨੇ ਦੇਖੋ, ਜਿਸ ਵਿੱਚ ਉਹ ਮਨੁੱਖੀ ਨਾਸ਼ਵਾਨਤਾ ਨੂੰ ਬੜੇ ਹੀ ਭਾਵਪੂਰਨ ਢੰਗ ਨਾਲ ਬਿਆਨ ਕਰਦੇ ਹਨ:

ਓਸ ਡਾਹਢੇ ਦੇ ਅੱਗੇ ਨਹੀਂ ਜ਼ੋਰ ਚੱਲਦਾ, ਕੀਤਾ ਓਸਦਾ ਮੰਨਣਾ ਪਵੇਗਾ ਹੀ।

ਮਰਨ ਵਾਸਤੇ ਹੀ ਹਰ ਕੋਈ ਜੰਮਦਾ ਏ,
ਇਹ ਸਿਲਸਿਲਾ ਚੱਲਦਾ ਰਵੇਗਾ ਹੀ।
ਖੁਸ਼ੀ ਜ਼ਿੰਦਗੀ ਦੀ ਜੇਕਰ ਮਾਨਣੀ ਹੈ,
ਮਾਰ ਮੌਤ ਦੀ ਵੀ ਬੰਦਾ ਸਵੇਗਾ ਹੀ।
ਜਿਹੜਾ ਜ਼ਿੰਦਗੀ ਦੇ ਰਾਹ ਤੇ 'ਮਾਨ' ਪੈਂਦੈ,
ਕਬਰਸਤਾਨ ਦੇ ਰਾਹ ਤੇ ਪਵੇਗਾ ਹੀ

---

facebook | ਫੇਸਬੁੱਕ ਪਰਿਵਾਰ ਦੀਆਂ ਗੱਲਾਂਬਾਤਾਂ


# ਦਿਲ ਵਾਲਾ ਦੁੱਖੜਾ ਨਹੀਂ ਕਿਸੇ ਨੂੰ ਸੁਣਾਈਦਾ




ਮੈਂ ਗੱਲ ਕਰਦਾ ਹਾਂ 1980 - 81 - 82 ਦੀ। ਬਚਪਨ ਅਤੇ ਜਵਾਨੀ ਦੇ ਵਿਚਕਾਰਲੀ ਅਵਸਥਾ ਸੀ। ਹਰ ਘਰ ਵਿੱਚ ਰੇਡੀਓ ਸੁਣਿਆ ਜਾਂਦਾ ਸੀ। ਅਕਾਸ਼ਵਾਣੀ ਜਲੰਧਰ ਦੇ ਪੰਜਾਬੀ ਵਿੱਚ ਪ੍ਰਸਾਰਿਤ ਹੁੰਦੇ ਪ੍ਰੋਗਰਾਮ ਅਤੇ ਆਲ ਇੰਡੀਆ ਰੇਡੀਓ ਨਵੀਂ ਦਿੱਲੀ ਦੀ ਉਰਦੂ ਸਰਵਿਸ ਦੇ ਫਰਮਾਇਸ਼ੀ ਪ੍ਰੋਗਰਾਮ ਬਹੁਤੇ ਲੋਕ ਸੁਣਦੇ ਸਨ। ਸਾਡੇ ਗੁਆਂਢ ਕੁੱਝ ਬੰਦੇ ਦੁਬੱਈ, ਮਸਕਟ, ਬਹਿਰੀਨ ਆਦਿ ਮੁਲਕਾਂ ਵਿੱਚ ਗਏ ਸਨ ਤੇ ਉਹ ਜਦੋਂ ਵੀ ਆਉਂਦੇ National Panasonic ਦਾ ਛੋਟਾ ਜਾਂ ਵੱਡਾ ਸਟਰੀਓ ਟੇਪ ਰਿਕਾਰਡਰ ਜ਼ਰੂਰ ਲੈ ਕੇ ਆਉਂਦੇ। ਸਾਡੇ ਘਰੇ ਉਸ ਵੇਲੇ ਟਿਊਬਾਂ ਵਾਲਾ Philips ਦਾ ਵੱਡਾ ਰੇਡੀਓ ਸੀ ਜਿਹੜਾ ਹੌਲੀ ਹੌਲੀ ਗਰਮ ਹੋ ਕੇ ਚੱਲਦਾ, ਜਦੋਂ ਬੋਲਦਾ ਤਾਂ ਅੱਧਾ ਗੀਤ ਲੰਘ ਗਿਆ ਹੁੰਦਾ। ਉਸ ਵੇਲੇ Sony ਕੰਪਨੀ ਦੀ ਆਡੀਓ ਕੈਸਿਟ, TDK ਦੀ ਜਾਂ BASF ਦੀ ਕੈਸਿਟ ਬਹੁਤ ਮਸ਼ਹੂਰ ਸੀ। ਜਦੋਂ ਵੀ ਕਿਸੇ ਫ਼ਿਲਮ ਜਾਂ ਗਾਇਕ ਦਾ ਨਵਾਂ ਰਿਕਾਰਡ ਆਉਣਾ ਤਾਂ ਰੇਡੀਓ - ਟੇਪਾਂ ਵਾਲੇ ਦੁਕਾਨਦਾਰਾਂ ਨੇ ਸਵੇਰੇ ਸਵੇਰੇ ਹੀ ਇੱਕ ਸ਼ਬਦ ਵਾਲਾ ਰਿਕਾਰਡ ਵਜਾ ਕੇ ਨਵੇਂ ਰਿਕਾਰਡ ਨੂੰ ਸਾਰਾ ਦਿਨ ਵਜਾਉਂਦੇ ਰਹਿਣਾ। ਦੁਕਾਨ ਦੇ ਬਾਹਰ ਰੱਖੇ ਬਕਸੇ ਵਾਲੇ ਸਪੀਕਰ ਮੇਰੇ ਵਰਗਿਆਂ ਅੰਦਰ ਅੱਗ ਹੋਰ ਤੇਜ਼ ਕਰ ਦਿੰਦੇ। ਸਕੂਲ ਨੂੰ ਜਾਂਦਿਆਂ ਅਤੇ ਆਉਂਦਿਆਂ ਸਾਨੂੰ ਦੁਕਾਨ ਮੂਹਰੋਂ ਲੰਘਣਾ ਪੈਂਦਾ ਤੇ ਸਪੀਕਰਾਂ ਚ ਵੱਜਦੇ ਗੀਤ ਸੁਨਣੇ ਪੈਂਦੇ। ਸਾਡੇ ਗੁਆਂਢ ਮੇਰੇ ਦੋਸਤ ਭਗਵਾਨ ਸਿੰਘ ਦੇ ਪਿਤਾ ਜੀ ਜਦੋਂ ਅਰਬ ਮੁਲਕ ਵਿੱਚੋਂ ਆਏ ਤਾਂ ਉਹ National Panasonic ਦਾ ਸਟੀਰੀਓ ਲੈ ਕੇ ਆਏ। ਪਰਿਵਾਰ ਧਾਰਮਿਕ ਬਿਰਤੀ ਦਾ ਹੋਣ ਕਰਕੇ ਉਹ ਅਕਸਰ ਸ਼ਬਦ-ਕੀਰਤਨ ਦੀਆਂ ਟੇਪਾਂ ਹੀ ਸੁਣਦੇ। ਮੇਰੇ ਸਬਰ ਦਾ ਪਿਆਲਾ ਜਦੋਂ ਭਰ ਗਿਆ ਤਾਂ ਮੈਂ ਆਪਣੇ ਮਾਂ ਪਿਓ ਨਾਲ ਲੜ ਪਿਆ ਅਤੇ ਜ਼ਿੱਦ ਫੜ੍ਹ ਲਈ ਕਿ ਮੈਨੂੰ ਵੀ ਅਜਿਹਾ ਸਟੀਰੀਓ ਲਿਆ ਕੇ ਦਿਓ। ਘਰੇ ਇਕਲੌਤਾ ਹੋਣ ਕਰਕੇ ਮੇਰੇ ਪਿਤਾ ਨੇ ਬਹੁਤ ਜਾਣਿਆਂ ਤੋਂ ਪੁੱਛਿਆ ਕਿ ਅਜਿਹਾ ਸਟੀਰੀਓ ਕਿੱਥੋਂ ਮਿਲੇਗਾ ? ਕਿਸੇ ਨੇ ਦੱਸਿਆ ਕਿ ਲੁਧਿਆਣਾ ਦੀ ਗੁੜ ਮੰਡੀ ਵਿੱਚ ਬਾਹਰਲਾ ਸਮਾਨ ਵਿਕਦਾ ਹੈ। ਅਸੀਂ ਦੋ ਐਤਵਾਰ ਲਗਾਤਾਰ ਜਾਂਦੇ ਰਹੇ ਪਰ ਗੱਲ ਨਾਂ ਬਣੀ। ਜਦੋਂ ਲੁਧਿਆਣੇ ਦੇ ਘੰਟਾ ਘਰ ਤੋਂ ਰੇਲਵੇ ਸਟੇਸ਼ਨ ਵੱਲ ਆਈਏ ਤਾਂ ਖੱਬੇ ਪਾਸੇ ਉਸ ਵਕਤ Philips ਵਾਲਿਆਂ ਦੀ ਕਾਫ਼ੀ ਵੱਡੀ ਦੁਕਾਨ ਸੀ ਜਿੱਥੋਂ ਫਿਲਿਪਸ, ਮਰਫ਼ੀ, ਆਹੂਜਾ ਕੰਪਨੀ ਦਾ Audio System ਨਾਲ ਸੰਬੰਧਿਤ ਹਰ ਸਮਾਨ ਮਿਲਦਾ ਸੀ, ਬਹੁਤੇ ਗੁਰਦੁਆਰਿਆਂ ਵਾਲੇ ਜਾਂ ਵਿਆਹ ਸ਼ਾਦੀਆਂ ਤੇ ਸਪੀਕਰ ਵਜਾਉਣ ਵਾਲੇ ਵੀ ਆਪਣਾ ਸਾਰਾ ਸਮਾਨ ਇਸ ਦੁਕਾਨ ਤੋਂ ਹੀ ਖਰੀਦਦੇ ਸਨ। ਮੇਰੇ ਪਿਤਾ ਨੇ ਇਸ ਦੁਕਾਨ ਤੋਂ Philips ਦੀ ਟੇਪਰਿਕਾਡਰ ਖਰੀਦ ਕੇ ਖਹਿੜਾ ਛੁਡਾਇਆ। ਸਮਾਂ ਬੀਤਦਾ ਗਿਆ ਪਰ ਇਸ ਸਟੀਰੀਓ ਦੀ ਰੀਝ ਦੱਬੀ ਹੀ ਰਹਿ ਗਈ। ਮੈਂ ਜਦ ਵੀ ਇਹ ਤਸਵੀਰ ਵੇਖਦਾ ਹਾਂ ਤਾਂ ਮੁਹੰਮਦ ਆਲਮ ਲੁਹਾਰ ਦੇ ਬੋਲ ਯਾਦ ਆ ਜਾਂਦੇ ਕਿ ਦਿਲ ਵਾਲਾ ਦੁੱਖੜਾ ਨਹੀਂ ਕਿਸੇ ਨੂੰ ਸੁਣਾਈਦਾ ਫੇਰ ਸੋਚੀਦਾ ਹੈ ਕਿ ਦਿਲ ਦੇ ਵਲਵਲੇ ਸਾਂਝੇ ਕਰ ਲੈਣੇ ਚਾਹੀਦੇ ਹਨ।

ਜਸਵਿੰਦਰ ਸਿੱਧੂ ਦੀ ਫੇਸਬੁੱਕ ਉਪਰੋਂ ਪੰਜਾਬੀ ਅਖ਼ਬਾਰ ਦੇ ਪਾਠਕਾਂ ਲਈ ਧੰਨਵਾਦ ਸਹਿਤ ਕਾਪੀ ਕੀਤਾ

---




# ਜੱਟੀ ਪੜ੍ਹ ਕੇ ਜਮਾਤਾਂ ਚਾਰ ਪੈਂਚਣੀ ਪਿੰਡ ਦੀ ਬਣੀ

ਮੇਰੇ ਟੀਚਰ ਦਲੀਪ ਕੌਰ ਟਿਵਾਣਾ ਦੇ ਘਰ ਸ਼ੀਲਾ ਨਾਮ ਦੀ ਲੈਰ੍ਹੀ ਜਿਹੀ ਉਮਰ ਦੀ ਇੱਕ ਕੁੜੀ ਇਕਹਿਰੀ ਦੇਹੀ ਵਾਲੀ ਪਿੰਡੋਂ ਮੱਦਦ ਲਈ ਲਿਆਂਦੀ ਹੋਈ ਸੀ। ਘਰ ਕੋਈ ਵੀ ਆਵੇ, ਸ਼ੀਲਾ ਨੂੰ ਆਪਣੀ ਹੋਈ ਬੀਤੀ ਗੱਲ ਕਰਨ ਦੀ ਉੱਭਲ ਸੁੱਭਲੀ ਜਿਹੀ ਲੱਗ ਜਾਂਦੀ ਸੀ। ਆਪਣੀ ਗੱਲ ਦੱਸੇ ਬਿਨਾ ਉਸ ਨੂੰ ਅੱਚਵੀ ਜਿਹੀ ਲੱਗੀ ਰਹਿੰਦੀ। ਕਈ ਵਾਰੀ ਨਿੱਕੀ ਜਿਹੀ ਗੱਲ ਤੇ ਉਹ ਪੂਰੀ ਖ਼ੁਸ਼ ਹੁੰਦੀ ਘੁੱਟ ਕੇ ਅੱਖਾਂ ਮੀਚਦੀ ਦੱਸਦੀ-'ਅੱਜ ਮੈਂ ਐਨੀ ਖ਼ੁਸ਼ ਆਂ, ਐਨੀ ਖ਼ੁਸ਼ ਆਂ-ਜਾਣੀਦੀ ਕੋਠੇ ਤੋਂ ਛਾਲ ਮਾਰਾਂ।' ਇੱਕ ਵਾਰੀ ਦੋਧੇ ਦਾਣਿਆਂ ਦੀ ਛੱਲੀ ਭੁੰਨਦਿਆਂ ਦਗਦੇ ਕੋਲੇ ਤੇ ਉਸ ਦਾ ਹੱਥ ਲੂਹਿਆ ਗਿਆ, ਜਿਸ ਬਾਰੇ ਉਹ ਦੱਸ ਰਹੀ ਸੀ,'ਜਦ ਮੇਰਾ ਹੱਥ ਮੱਚਿਆ, ਮੈਂ ਤਾਂ ਚੰਘਿਆੜ ਮਾਰੀ, ਮੇਰਾ ਹੱਥ ਚਿਲੂੰ ਚਿਲੂੰ ਕਰੇ, ਮੇਰਾ ਜੀਅ ਕਰੇ ਬੱਸ ਰੜੇ ਮੈਦਾਨ ਭੱਜੀ ਫਿਰਾਂ।' ਮੈਂ ਉਸ ਦੇ ਅੰਦਰ ਪਲਦੇ ਅਹਿਸਾਸ ਅਤੇ ਉਸ ਨੂੰ ਬਿਆਨ ਕਰਦੇ ਲਫ਼ਜ਼ਾਂ ਦਾ ਕਲੋਜ਼ਅਪ ਸਾਂਭਣ ਦਾ ਯਤਨ ਕਰਦੀ। ਉਹ ਜਿਵੇਂ ਆਪਣਾ ਅੰਦਰਲਾ ਸਾਰਾ ਡੋਲ੍ਹ ਰਹੀ ਹੋਵੇ। ਉਸ ਦਾ ਨਿਰਉਚੇਚ ਅਤੇ ਪੇਂਡੂ ਲਹਿਜਾ ਵਧੀਆ ਲੱਗਦਾ। ਫੇਰ ਉਸ ਦਾ ਮੰਗਣਾ ਹੋਇਆ। ਵਿਆਹ ਦੀ ਗੱਲ ਤੇ ਕਿਨਾਰਿਆਂ ਤੋਂ ਬਾਹਰ ਖ਼ੁਸ਼ੀ ਵਿੱਚ ਡੁੱਲ੍ਹਦੀ ਮੈਂ ਸ਼ੀਲਾ ਨੂੰ ਹੀ ਦੇਖਿਆ ਸੀ। ਉਹ ਕਹਿ ਰਹੀ ਸੀ, ' ਅੱਜ ਤਾਂ ਖ਼ਾਲਸ ਦੇਸੀ ਘਿਓ ਵਰਗੀ ਗੱਲ ਐ'। ਮੇਰੇ 'ਕੀ' ਕਹਿਣ ਤੇ ਉਸ ਨੇ ਦੱਸਿਆ, 'ਮੇਰੇ ਸ਼ਗਨ ਵਾਲੀ ਗੱਲ, ਹੋਰ ਕੀ।'

ਉਸ ਸਮੇਂ ਇੱਕ ਮੁੰਡਾ ਵੀ ਮੈਡਮ ਕੋਲ ਆਇਆ ਬੈਠਾ ਸੀ। ਸ਼ੀਲਾ ਉਸ ਤੋਂ ਵੀ ਹਾਮੀ ਭਰਵਾ ਰਹੀ ਸੀ ਤੇ ਉਹ ਉਸ ਦੀਆਂ ਗੱਲਾਂ ਸੁਣ ਕੇ ਸ਼ਰਮਾ ਰਿਹਾ ਸੀ। ਪਟਾਰੀ ਖੋਲ੍ਹੀ ਬੈਠੀ ਸ਼ੀਲਾ ਬੋਲੀ ਜਾ ਰਹੀ ਸੀ, 'ਦੇਖੋ ਭਾ ਜੀ, ਆਹ ਮੇਰੀ ਸ਼ਗਨ-ਪਟਾਰੀ ਦਾ ਗੁਲਾਬੀ ਰੰਗ ਕਿੰਨਾ ਸੋਹਣੈ, ਜਮਾਂ ਚੰਗਿਆੜੇ ਰੰਗੈ। ਦੇਖੋ ਤਾਂ ਸਹੀ ਵਿੱਚ ਮੇਰੇ ਲਈ ਸੁਰਖੀ ਬਿੰਦੀ ਤੇ ਹੋਰ ਲਕਾ-ਤੁਕਾ ਭਰਿਆ ਪਿਐ, ਆਹ ਗੋਟਾ ਕਿਨਾਰੀ, ਸਿਤਾਰੇ, ਆਹ ਉੱਚੀ ਅੱਡੀ ਆਲੇ ਸੈਂਡਲ ਜਾਣੀਂਦੀ ਮੇਰੇ ਅੰਦਰ ਤਾਂ ਚਾਨਣ ਜਿਹਾ ਮਘਾਈ ਜਾਂਦੇ ਨੇ।' ਉਸ ਨੂੰ ਇਉਂ ਖੀਵੀ ਹੁੰਦੀ ਦੇਖ ਮੈਂ ਸੋਚ ਰਹੀ ਸੀ ਕਿ ਐਨੀ ਅਭੋਲ ਖ਼ੁਸ਼ੀ ਦੇ ਪਲ ਕਦੇ ਨਾ ਕਦੇ ਸਭ ਨੂੰ ਨਸੀਬ ਹੋਣ। ਸ਼ੀਲਾ ਦੀਆਂ ਖ਼ੁਮਾਰੀ ਭਰੀਆਂ ਅੱਖਾਂ ਵਿੱਚ ਸੁਪਨੇ ਪੈਲਾਂ ਪਾਉਂਦੇ ਦਿਸਦੇ ਸਨ। ਉਸ ਦਾ ਅੰਗ ਅੰਗ ਨੱਚ ਰਿਹਾ ਸੀ, ਜਿਵੇਂ ਅੱਡੀਆਂ ਦੀ ਗੂੰਜ ਉਹ ਅੰਬਰਾਂ ਦੇ ਸੀਨੇ ਤੇ ਬੀਜ ਦੇਣਾ ਚਾਹ ਰਹੀ ਹੋਵੇ। ਉਸ ਦੀ ਲੂਹਰੀਆਂ ਭਰੀ ਖ਼ੁਸ਼ੀ ਦੇਖ ਮੈਂ ਈਰਖਾ ਕਰ ਰਹੀ ਸੀ।

ਹੁੰਦਾ ਕੀ ਹੈ, ਜਿਸ ਦੇ ਹੱਥ ਕੋਈ ਨਿੱਕੀ ਮੋਟੀ ਸ਼ੈਅ ਆ ਜਾਵੇ, ਉਸ ਵੇਲੇ 'ਮੈਂ' ਆ ਕੇ ਸੁਆਦ ਕਿਰਕਰਾ ਕਰੀ ਰੱਖਦੀ ਹੈ। ਸ਼ਾਇਦ ਸਾਡੇ ਪੁਰਖਿਆਂ ਨੇ ਇਸੇ ਕਰ ਕੇ 'ਮੈਂ' ਨੂੰ ਮਾਰਨ ਦਾ ਆਦੇਸ਼ ਦਿੱਤਾ ਹੋਣੈ। ਇਸ ਮੈਂ ਨਾਲ ਹੀ ਬਦਹਜ਼ਮੀ ਹੋ ਜਾਂਦੀ ਹੈ। ਪਰ ਪੱਛਮੀ ਸੋਚ ਨੇ ਇਸੇ ਮੈਂ ਨੂੰ ਉਭਾਰਨ ਦਾ ਹੋਕਾ ਦੇ ਕੇ ਚਾਰੇ ਕੰਨੀਆਂ ਚੁੱਕ ਦਿੱਤੀਆਂ ਹਨ। ਸਾਡੀ ਸਭ ਦੀ ਮਨੋ ਦਸ਼ਾ ਥਾਲੀ ਦੇ ਪਾਣੀ ਵਾਂਗ ਡੋਲਦੀ ਕਦੇ ਤੋਲਾ ਕਦੇ ਮਾਸਾ ਹੁੰਦੀ ਰਹਿੰਦੀ ਹੈ। ਜੇ ਹਾਜ਼ਮਾ ਕਮਜ਼ੋਰ ਹੋਵੇ ਤੇ ਆਪਣੀ ਔਕਾਤ ਤੋਂ ਵੱਧ, ਆਪਣੀ ਪਸਾਰੀ ਝੋਲੀ ਨਾਲੋਂ ਵੱਧ ਜਾਂ ਯੋਗਤਾ ਤੋਂ ਵੱਧ ਕੁੱਝ ਅਚਾਨਕ ਆ ਮਿਲੇ ਤਾਂ ਅਸੀਂ ਗੱਡੇ ਦੇ ਫੱਲੜ੍ਹ ਉੱਤੇ ਪਏ ਭਾਰ ਵਾਂਗ ਉਲਾਰ ਹੋ ਜਾਂਦੇ ਹਾਂ।

ਮੱਤ ਮਾਰੀ ਜਾਂਦੀ ਹੈ, ਚਾਨਣੇ 'ਚ ਆ ਕੇ ਮੋਢਿਆਂ 'ਤੋਂ ਦੀ ਥੁੱਕਣ ਲੱਗਦੇ ਹਾਂ। ਸਾਡੇ ਪੈਰ ਥਿੜਕ ਜਾਂਦੇ ਹਨ। ਜੇ ਮਾੜੀ ਮੋਟੀ ਸ਼ੋਹਰਤ ਵਧ ਜਾਵੇ ਤੇ ਦੁਆਲੇ ਫਿਰਦੇ ਲੋਕ ਬੱਲੇ-ਬੱਲੇ ਕਰ ਦੇਣ ਤਾਂ ਪੈਰ ਧਰਤੀ ਤੋਂ ਚੱਕੇ ਜਾਂਦੇ ਨੇ। ਸੋਚਦੇ ਹਾਂ ਬਈ ਅਸੀਂ ਹੁਣ ਉਹ ਨੀ ਰਹਿਗੇ ਜੀ। ਆਮ ਲੋਕਾਂ ਵਿੱਚ ਰਲ ਬੈਠਣ ਵਿੱਚ ਤੌਹੀਨ ਲਗਦੀ ਹੈ। ਇਉਂ ਹੀ ਜੇ ਪੈਸਾ ਹੱਥ ਲੱਗ ਜਾਵੇ, ਖਾਸ ਕਰ ਕੇ ਬਿਨਾ ਮਿਹਨਤ ਕੀਤਿਆਂ ਮਿਲ ਜਾਵੇ, ਕਿਸੇ ਨੂੰ ਬੇਵਕੂਫ਼ ਬਣਾਏ ਤੋਂ ਜਾਂ ਹੱਥ ਤੇ ਹੱਥ ਮਾਰ ਕੇ ਕਿਸੇ ਦੀ ਜੇਬ ਕੁਤਰ ਕੇ ਆਈ ਮਾਇਆ ਵੀ ਸਾਨੂੰ ਬੇਕਾਬੂ ਕਰ ਧਰਦੀ ਹੈ। ਫੇਰ ਤਾਂ ਬੱਸ ਰੱਬ ਨੂੰ ਵੀ ਟੱਬ ਦੱਸਣ ਦੀ ਕਾਹਲੀ ਹੋ ਜਾਂਦੀ ਹੈ। ਉਵੇਂ ਹੀ ਜੇ ਚਾਰ ਅੱਖਰ ਵੱਧ ਢਿੱਡ ਵਿੱਚ ਪੈ ਜਾਣ ਜਾਂ ਕੋਈ ਅੰਕੜਾ ਗਿਆਨ ਪੱਲੇ ਪੈ ਜਾਵੇ ਤਾਂ ਹੋਰਨਾਂ ਨੂੰ ਜੀਵਨ-ਜਾਚ ਦੱਸਣ ਦਾ ਵੱਲ ਆ ਜਾਂਦਾ ਹੈ। ਪੰਜਾਬੀ ਲੋਕ ਗੀਤ ਦੀ ਇਹ ਸਤਰ ਏਥੇ ਖ਼ੂਬ ਢੁਕਦੀ ਹੈ--

ਜੱਟੀ ਪੜ੍ਹ ਕੇ ਜਮਾਤਾਂ ਚਾਰ ਪੈਂਚਣੀ ਪਿੰਡ ਦੀ ਬਣੀ।

ਹੋਰਨਾਂ ਨੂੰ ਹੀਣੇ ਜਾਣ ਕੇ ਉਪਦੇਸ਼ ਕਰਨ ਦਾ ਅਰਥ ਇਹੀ ਹੈ ਕਿ ਤੁਸੀਂ ਸਭ ਤਾਂ ਹਨੇਰਾ ਢੋਅ ਰਹੇ ਹੋ, ਮੈਂ ਰੱਬ ਦਾ ਰਾਹ ਦੱਸ ਦੇਣਾ। ਇਉਂ ਹੀ ਜਦ ਕਿਸੇ ਦੇ ਪੱਲੇ ਖ਼ੂਬਸੂਰਤੀ ਹੋਵੇ ਜਾਂ ਚਾਰ ਲੋਕ ਉਸ ਦੇ ਰੰਗ ਰੂਪ ਤੇ ਨਕਸ਼ਾਂ ਦੀ ਗੱਲ ਕਰਦੇ ਹੋਣ ਤਾਂ ਨਜ਼ਾਕਤ ਨਾਲ ਦੁਨੀਆਂ ਭਰ ਦੇ ਸ਼ੀਸ਼ੇ ਝੂਠੇ ਤੇ ਊਣੇ ਲੱਗਣ ਲੱਗਦੇ ਹਨ। ਇਨ੍ਹਾਂ ਸਾਰੀਆਂ ਪ੍ਰਾਪਤੀਆਂ ਤੋਂ ਉਪਰ ਇੱਕ ਅਜਿਹੀ ਪ੍ਰਾਪਤੀ ਵੀ ਹੈ, ਉਹ ਹੈ ਕਿਸੇ ਤੇ ਅਧਿਕਾਰ ਦੀ ਪ੍ਰਾਪਤੀ। ਅਜਿਹੀ ਸੂਰਤ ਵਿੱਚ ਸਭ ਲੋਕ ਕੀੜੇ ਮਕੌੜੇ ਹੀ ਲੱਗਦੇ ਹਨ। ਮਾਨਵੀ ਨਿੱਘ ਸੀਨੇ ਵਿੱਚੋਂ ਖ਼ੁਰ ਜਾਂਦਾ ਹੈ। ਸਭ ਲੋਕ ਬੱਸ ਲਗਾਂ ਮਾਤਰਾਂ ਹੀ ਲੱਗਦੇ ਹਨ। ਇਤਿਹਾਸ ਗਵਾਹ ਹੈ ਕਿ ਸੱਤਾ ਦਾ ਨਸ਼ਾ ਜਾਂ ਹੰਕਾਰ ਪੂਰੇ ਕੋੜਮੇ ਦਾ ਬੇੜਾ ਡੋਬ ਦਿੰਦਾ ਹੈ। ਬਦਕਿਸਮਤੀ ਨਾਲ ਹੁਣ ਅਜਿਹਾ ਹੀ ਹੁਕਮਰਾਨ ਬਣਿਆ ਸਾਡੇ ਮਾਤ-ਦੇਸ਼ ਦਾ ਹੁਲੀਆ ਹੀ ਵਿਗਾੜ ਰਿਹਾ ਹੈ। ਜਿਉਂਦੀ ਜਾਗਦੀ ਇਸ ਮਿਸਾਲ ਨੂੰ ਸਹੀ ਸੋਚ ਵਾਲਾ ਸਾਰਾ ਜਹਾਨ ਲਾਹਨਤਾਂ ਪਾ ਰਿਹਾ ਹੈ।

# ਅਕਾਲ ਤਖ਼ਤ ਵੱਲੋਂ ਅਕਾਲੀਆਂ ਨੂੰ ਲਾਈ ਸਜ਼ਾ ਨਾਲ ਪੰਜਾਬ ਦੇ ਪੰਥਕ ਤੇ ਸਿਆਸੀ ਹਲਕਿਆਂ ਉੱਤੇ ਕੀ ਅਸਰ ਪੈ ਸਕਦਾ ਹੈ

ਅਕਾਲ ਤਖ਼ਤ ਸਾਹਿਬ ਵੱਲੋਂ ਸੁਖਬੀਰ ਸਿੰਘ ਬਾਦਲ ਅਤੇ ਹੋਰ ਸੀਨੀਅਰ ਅਕਾਲੀ ਆਗੂਆਂ ਨੂੰ ਧਾਰਮਿਕ ਸਜ਼ਾ ਸੁਣਾਏ ਜਾਣ ਨੂੰ ਪੰਥਕ ਸਿਆਸਤ ਵਿੱਚ ਇੱਕ ਇਤਿਹਾਸਿਕ ਫੈਸਲਾ ਮੰਨਿਆ ਜਾ ਰਿਹਾ ਹੈ।ਇਸ ਤੋਂ ਬਾਅਦ ਨਵਾਂ ਅਕਾਲੀ ਦਲ ਉਸਾਰਨ ਦੀਆਂ ਦਲੀਲਾਂ ਦਿੱਤੀਆਂ ਜਾ ਰਹੀਆਂ ਹਨ।

ਤਖ਼ਤਾਂ ਦੇ ਜਥੇਦਾਰਾਂ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਸਮੇਂ ਪੰਥ ਦੇ ਹਿੱਤਾਂ ਦੀ ਰਾਖੀ ਨਹੀਂ ਕੀਤੀ ਗਈ, ਜਿਸ ਦੀ ਇੱਕ ਪੰਥਕ ਪਾਰਟੀ ਤੋਂ ਉਮੀਦ ਕੀਤੀ ਜਾ ਰਹੀ ਸੀ।

ਹਾਲਾਂਕਿ, ਇਸ ਦੌਰਾਨ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਵੀ ਆਪਣੇ ਤੋਂ ਹੋਈਆਂ ਗ਼ਲਤੀਆਂ ਨੂੰ ਅਕਾਲ ਤਖ਼ਤ ਸਾਹਿਬ ਉੱਤੇ ਸਭ ਦੇ ਸਾਹਮਣੇ ਮੰਨਿਆ।

ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਸੁਖਬੀਰ ਸਿੰਘ ਬਾਦਲ ਸਣੇ ਅਕਾਲੀ ਦਲ ਦੀ ਕੋਰ ਕਮੇਟੀ ਦੇ ਮੈਂਬਰ ਅਤੇ ਸਾਲ 2015 ਦੇ ਸ਼੍ਰੋਮਣੀ ਕਮੇਟੀ ਦੀ ਕਾਰਜਕਾਰਨੀ ਦੇ ਸੱਤਾਧਾਰੀ ਧਿਰ ਦੇ ਮੈਂਬਰ ਰਹੇ ਹਨ, ਉਨ੍ਹਾਂ ਲਈ ਸਜ਼ਾ ਲਗਾਈ ਹੈ।

ਪਰ ਕੀ ਇਹ ਸਜ਼ਾ ਸਮੇਂ ਦੀ ਲੋੜ ਸੀ ? ਇਸ ਫੈਸਲੇ ਨਾਲ ਕੀ ਸੁਨੇਹਾ ਦਿੱਤਾ ਜਾ ਰਿਹਾ ਹੈ ? ਕੀ ਇਸ ਨਾਲ ਅਕਾਲੀ ਦਲ ਦੀ ਨਵੀਂ ਸ਼ੁਰੂਆਤ ਦਾ ਮੁੱਢ ਬੱਝੇਗਾ ?

ਇਸ ਸਭ ਬਾਰੇ ਗੱਲ ਕਰਾਂਗੇ ਪਰ ਸਭ ਤੋਂ ਪਹਿਲਾ ਜਾਣਦੇ ਹਾਂ ਕਿ ਸੁਖਬੀਰ ਸਿੰਘ ਬਾਦਲ ਅਤੇ ਹੋਰ ਅਕਾਲੀ ਆਗੂਆਂ ਨੂੰ ਕੀ ਸਜ਼ਾ ਸੁਣਾਈ ਗਈ ਅਤੇ ਉਹਨਾਂ ਦਾ ਕੀ ਦੋਸ਼ ਸੀ ?

### ਕਿਸ ਨੂੰ ਕੀ ਸਜ਼ਾ ਲੱਗੀ

ਸਜ਼ਾਵਾਂ ਸੁਨਾਉਣ ਤੋਂ ਪਹਿਲਾਂ ਸਿੰਘ ਸਾਹਿਬਾਨਾਂ ਨੇ ਸੁਖਬੀਰ ਸਿੰਘ ਬਾਦਲ ਅਤੇ ਕੁਝ ਹੋਰ ਆਗੂਆਂ ਕੋਲੋਂ ਸਵਾਲ ਪੁੱਛੇ, ਜਿਨ੍ਹਾਂ ਵਿੱਚ ਉਨ੍ਹਾਂ ਆਪਣੇ ਉਪਰ ਲੱਗੇ ਕੁੱਝ ਇਲਜ਼ਾਮਾਂ ਨੂੰ ਕਬੂਲ ਕੀਤਾ ਅਤੇ ਕੁੱਝ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ।

ਪੰਜ ਸਿੰਘ ਸਾਹਿਬਾਨ ਵੱਲੋਂ ਪਾਏ ਮਤੇ ਮੁਤਾਬਕ ਦੋਸ਼ੀ ਪਾਏ ਗਏ ਅਕਾਲੀ ਮੰਤਰੀਆਂ ਤੇ ਆਗੂਆਂ ਨੂੰ ਦਰਬਾਰ ਸਾਹਿਬ ਵਿੱਚ ਪੰਜ ਦਿਨਾਂ ਲਈ ਰੋਜ਼ ਇੱਕ ਘੰਟੇ ਬਾਥਰੂਮ ਤੇ ਟਾਇਲਟ ਸਾਫ਼ ਕਰਨ, ਇੱਕ ਘੰਟੇ ਭਾਂਡੇ ਮਾਜਣ, ਇੱਕ ਘੰਟੇ ਕੀਰਤਨ ਸੁਣਨ ਤੇ ਰੋਜ਼ ਸੁਖਮਨੀ ਸਾਹਿਬ ਦਾ ਪਾਠ ਕਰਨ ਦਾ ਹੁਕਮ ਦਿੱਤਾ ਗਿਆ ਹੈ।

ਇਸ ਦੌਰਾਨ ਸੁਖਬੀਰ ਸਿੰਘ ਬਾਦਲ ਕੋਲੋਂ, ਗੁਰਮੀਤ ਰਾਮ ਰਹੀਮ ਦੀ ਮੁਆਫ਼ੀ, ਉਸ ਦੇ ਮੁਆਫ਼ੀਨਾਮੇ ਨੂੰ ਸਹੀ ਠਹਿਰਾਉਣ ਲਈ ਇਸ਼ਤਿਹਾਰ ਲਗਾਉਣ ਲਈ ਵਰਤੇ ਸ਼੍ਰੋਮਣੀ ਕਮੇਟੀ ਦੇ ਪੈਸੇ, ਉਸ ਵੇਲੇ ਉਨ੍ਹਾਂ ਪੁਲਿਸ ਅਫ਼ਸਰਾਂ ਨੂੰ ਤਰੱਕੀਆਂ ਦੇਣ ਅਤੇ ਪਰਿਵਾਰਾਂ ਨੂੰ ਟਿਕਟ ਦੇਣ ਸਬੰਧੀ ਇਲਜ਼ਾਮਾਂ ਬਾਰੇ ਪੁੱਛਿਆ, ਜਿਨ੍ਹਾਂ ਨੇ ਪੰਜਾਬ ਵਿੱਚ ਕਥਿਤ ਝੂਠੇ ਮੁਕਾਬਲੇ ਕਰਵਾ ਕੇ ਬੇਕਸੂਰ ਨੌਜਵਾਨਾਂ ਨੂੰ ਮਾਰਿਆ ਸੀ।

ਇਨ੍ਹਾਂ ਸਾਰੇ ਸਵਾਲਾਂ ਦੇ ਜਵਾਬ ਵਿੱਚ ਸੁਖਬੀਰ ਸਿੰਘ ਬਾਦਲ ਨੇ 'ਹਾਂ ਜੀ' ਕਿਹਾ।

**ਇਸ ਦੇ ਨਾਲ ਹੀ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਮਰਹੂਮ ਪ੍ਰਕਾਸ਼ ਸਿੰਘ ਬਾਦਲ ਨੂੰ 2011 ਵਿੱਚ ਦਿੱਤਾ ਗਿਆ ਫ਼ਖ਼ਰ-ਏ-ਕੌਮ ਦਾ ਖ਼ਿਤਾਬ ਵੀ ਵਾਪਸ ਲੈ ਲਿਆ ਗਿਆ।**

**ਇਸ ਤੋਂ ਇਲਾਵਾ ਅਕਾਲੀ ਦਲ ਦੀ ਕੋਰ ਕਮੇਟੀ ਨੂੰ ਸੁਖਬੀਰ ਸਿੰਘ ਬਾਦਲ ਦਾ ਅਸਤੀਫ਼ਾ ਮਨਜ਼ੂਰ ਕਰਨ ਅਤੇ 6 ਮਹੀਨਿਆਂ ਦੇ ਅੰਦਰ ਨਵੀਂ ਭਰਤੀਆਂ ਕਰ ਕੇ ਅਹੁਦੇਦਾਰਾਂ ਦੀ ਚੋਣ ਕਰਨ ਲਈ ਅਕਾਲ ਤਖ਼ਤ ਸਾਹਿਬ ਤੋਂ ਆਦੇਸ਼ ਦਿੱਤਾ ਗਿਆ ਹੈ।**



### ਦੋ ਧੜਿਆਂ ਵਿੱਚ ਵੰਡ ਕੇ ਦਿੱਤੀਆਂ ਸਜ਼ਾਵਾਂ

ਅਕਾਲ ਤਖ਼ਤ ਸਾਹਿਬ ਦੀ ਫਸੀਲ ਤੋਂ ਸਜ਼ਾ ਦਾ ਐਲਾਨ ਕਰਦਿਆਂ ਗਿਆਨੀ ਰਘਬੀਰ ਸਿੰਘ ਸਣੇ ਮੌਜੂਦ ਸਿੰਘ ਸਾਹਿਬਾਨਾਂ ਨੇ ਪਹਿਲਾਂ ਗ਼ੁਨਾਹ ਕਬੂਲ ਕਰਨ ਵਾਲੇ ਅਤੇ ਇਸ ਵਿੱਚ ਸ਼ਮੂਲੀਅਤ ਰੱਖਣ ਵਾਲੇ ਆਗੂਆਂ ਨੂੰ ਵੱਖ ਕੀਤਾ।

ਇਸ ਤੋਂ ਬਾਅਦ, ਦੂਜੇ ਧੜੇ ਵਿੱਚ ਉਨ੍ਹਾਂ ਆਗੂਆਂ ਨੂੰ ਖੜ੍ਹੇ ਹੋਣ ਲਈ ਕਿਹਾ ਗਿਆ, ਜਿਨ੍ਹਾਂ ਨੇ ਉਸ ਵੇਲੇ ਇਨ੍ਹਾਂ ਫ਼ੈਸਲਿਆਂ ਤੇ ਚੁੱਪੀ ਸਾਧੀ, ਹਮਾਇਤ ਕੀਤੀ ਅਤੇ ਅਹੁੱਦਿਆਂ ਨੂੰ ਮਾਣਿਆ।

ਪਹਿਲੇ ਧੜੇ ਵਿੱਚ ਜਿਨ੍ਹਾਂ ਨੇ ਸੁਖਬੀਰ ਸਿੰਘ ਬਾਦਲ ਦੇ ਨਾਲ ਆਪਣੇ ਗ਼ੁਨਾਹ ਕਬੂਲ ਕੀਤੇ, ਉਨ੍ਹਾਂ ਵਿੱਚ ਸੁਖਦੇਵ ਸਿੰਘ ਢੀਂਡਸਾ, ਸੁੱਚਾ ਸਿੰਘ ਲੰਗਾਹ, ਹੀਰਾ ਸਿੰਘ ਗਾਬੜੀਆ, ਬਲਵਿੰਦਰ ਸਿੰਘ ਭੂੰਦੜ, ਦਲਜੀਤ ਸਿੰਘ ਚੀਮਾ, ਗੁਲਜ਼ਾਰ ਸਿੰਘ ਰਣੀਕੇ ਦੇ ਨਾਮ ਸ਼ਾਮਲ ਹਨ।

ਇਨ੍ਹਾਂ ਬਾਰੇ ਸਜ਼ਾ ਦਾ ਐਲਾਨ ਕਰਦਿਆਂ ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਇਹ ਸਾਰੇ 3 ਦਸੰਬਰ ਤੋਂ ਦੁਪਹਿਰ 12 ਤੋਂ 1 ਵਜੇ ਤੱਕ ਬਾਥਰੂਮਾਂ ਦੀ ਸਫ਼ਾਈ, ਇਸ ਤੋਂ



ਬਾਅਦ ਇਸ਼ਨਾਨ ਕਰਕੇ ਲੰਗਰ ਦੀ ਸੇਵਾ, ਫਿਰ ਨਿਤਨੇਮ ਅਤੇ ਸੁਖਮਨੀ ਸਾਹਿਬ ਦਾ ਪਾਠ ਕਰਨਗੇ।

ਇੰਨਾਂ ਹੀ ਨਹੀਂ, ਉਨ੍ਹਾਂ ਦੇ ਗ਼ਲ ਵਿੱਚ ਤਖ਼ਤੀ ਵੀ ਪਵਾਈ ਗਈ। ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਜਿਵੇਂ ਕਿ ਸੁਖਬੀਰ ਸਿੰਘ ਬਾਦਲ ਦੀ ਲੱਤ ਉੱਤੇ ਸੱਟ ਲੱਗੀ ਹੋਈ ਹੈ ਅਤੇ ਸੁਖਦੇਵ ਸਿੰਘ ਢੀਂਡਸਾ ਬਜ਼ੁਰਗ ਹਨ, ਜਿਸ ਕਾਰਨ ਉਹ ਉਪਰਲੀ ਸਜ਼ਾ ਕਰਨ ਵਿੱਚ ਅਸਮਰੱਥ ਹਨ।

ਇਸ ਲਈ ਇਹ ਦੋਵੇਂ ਦੋ ਦਿਨ ਇੱਕ ਘੰਟੇ ਲਈ ਗੁਰੂ ਘਰ ਦੀ ਦਿਓਡੀ ਦੇ ਬਾਹਰਵਾਰ ਸੇਵਾਦਾਰ ਵਾਲਾ ਚੋਲਾ ਪਾ ਕੇ ਹੱਥ ਵਿੱਚ ਬਰਛਾਂ ਫੜ੍ਹ ਕੇ ਸੇਵਾ ਨਿਭਾਉਣਗੇ। ਇਸ ਤਰ੍ਹਾਂ ਹੀ ਇਹ ਤਖ਼ਤ ਕੇਸਗੜ੍ਹ ਸਾਹਿਬ, ਦਮਦਮਾ ਸਾਹਿਬ, ਫਤਹਿਗੜ੍ਹ ਸਾਹਿਬ ਅਤੇ ਮੁਕਤਸਰ ਸਾਹਿਬ ਵਿਖੇ ਸੇਵਾ ਕਰਨਗੇ।

### ਦੂਜੇ ਧੜੇ ਨੂੰ ਸਜ਼ਾ

ਇਸ ਤੋਂ ਇਲਾਵਾ ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਜਿਨ੍ਹਾਂ ਨੇ ਇਨ੍ਹਾਂ ਫ਼ੈਸਲਿਆਂ ਦੀ ਹਮਾਇਤ ਕੀਤੀ, ਚੁੱਪੀ ਸਾਧੀ ਅਤੇ ਅਹੁਦੇ ਵੀ ਮਾਣੇ, ਉਨ੍ਹਾਂ ਵਿੱਚ, ਬੀਬੀ ਜਗੀਰ ਕੌਰ, ਪ੍ਰੇਮ ਸਿੰਘ ਚੰਦੂਮਾਜਰਾ, ਬਿਕਰਮ ਸਿੰਘ ਮਜੀਠੀਆ, ਸੁਰਜੀਤ ਸਿੰਘ, ਮਹੇਸ਼ਇੰਦਰ ਸਿੰਘ, ਸਰਬਜੀਤ ਸਿੰਘ, ਸੋਹਣ ਸਿੰਘ ਠੰਡਲ, ਚਰਨਜੀਤ ਸਿੰਘ ਅਤੇ ਆਦੇਸ਼ ਪ੍ਰਤਾਪ ਸਿੰਘ ਸ਼ਾਮਿਲ ਹਨ, ਉਹ ਇੱਕ ਘੰਟਾ ਦਰਬਾਰ ਸਾਹਿਬ ਦੇ ਪ੍ਰਤੱਖ ਅਧੀਨ ਬਾਥਰੂਮਾਂ ਦੀ ਸਫਾਈ ਕਰਨਗੇ।

ਇਸ ਤੋਂ ਇਲਾਵਾ ਇਹ ਪੰਜ ਜਣੇ ਆਪਣੇ ਨਗਰ, ਸ਼ਹਿਰ ਜਾਂ ਨੇੜਲੇ ਗੁਰਦੁਆਰਿਆਂ ਵਿੱਚ ਰੋਜ਼ਾਨਾ ਇੱਕ ਘੰਟਾ ਭਾਂਡੇ ਮਾਂਜਣ, ਲੰਗਰ ਸੇਵਾ, ਜੋੜੇ ਸਾਫ ਕਰਨ ਦੀ ਸੇਵਾ ਵਿਚੋਂ ਕਿਸੇ ਵੀ ਤਰ੍ਹਾਂ ਦੀ ਇੱਕ ਘੰਟੇ ਦੀ ਸੇਵਾ ਕਰਨਗੇ।

ਸੱਚੇ ਸੌਦੇ ਸਬੰਧੀ ਇਸ਼ਤਿਹਾਰਾਂ ਲਈ ਵਰਤੇ ਗਏ ਸ਼੍ਰੋਮਣੀ ਕਮੇਟੀ ਦੇ ਪੈਸੇ ਨੂੰ ਵਿਆਜ਼ ਸਣੇ ਭਰਪਾਈ ਕਰਨ ਦਾ ਵੀ ਆਦੇਸ਼ ਦਿੱਤਾ ਗਿਆ।

ਅਕਾਲੀ ਦਲ ਦੇ ਸਾਰੇ 'ਬਾਗੀ ਤੇ ਦਾਗੀ' ਧੜ੍ਹੇ ਭੰਗ ਹਨ, ਅਕਾਲੀ ਦਲ ਦੀ ਭਰਤੀ ਦੁਬਾਰਾ ਕੀਤੀ ਜਾਵੇ ਅਤੇ ਤਿੰਨ ਮਹੀਨੇ ਦੇ ਅੰਦਰ- ਅੰਦਰ ਨਵੀਂ ਚੋਣ ਕਰਵਾਈ ਜਾਵੇ।ਅਕਾਲੀ ਦਲ ਦੀ ਨਵੀਂ ਭਰਤੀ ਲਈ ਪੰਜ ਮੈਂਬਰੀ ਕਮੇਟੀ ਬਣਾਈ ਗਈ ਹੈ, ਜਿਸ ਵਿੱਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ, ਗੁਰਪ੍ਰਤਾਪ ਸਿੰਘ ਵਡਾਲ਼ਾ, ਮਨਪ੍ਰੀਤ ਸਿੰਘ ਇਯਾਲੀ, ਇਕਬਾਲ ਸਿੰਘ ਝੂੰਦਾ ਅਤੇ ਸਤਵੰਤ ਕੌਰ (ਪੁੱਤਰੀ ਅਮਰੀਕ ਸਿੰਘ) ਨੂੰ ਸ਼ਾਮਲ ਕੀਤਾ ਗਿਆ ਹੈ।

### ਇਨ੍ਹਾਂ ਸਜ਼ਾਵਾਂ ਦੇ ਕੀ ਮਾਅਨੇ

ਹੁਣ ਜਾਣਦੇ ਹਾਂ ਕਿ ਅਕਾਲ ਤਖ਼ਤ ਸਾਹਿਬ ਦੀ ਫ਼ਸੀਲ ਤੋਂ ਦਿੱਤੀਆਂ ਗਈਆਂ ਇਨ੍ਹਾਂ ਸਜ਼ਾਵਾਂ ਨੂੰ ਪੰਥਕ ਸਿਆਸਤ ਅਤੇ ਸਿੱਖ ਇਤਿਹਾਸ ਦੇ ਜਾਣਕਾਰ ਕਿਵੇਂ ਦੇਖਦੇ ਹਨ ਅਤੇ ਇਸ ਦੇ ਕੀ ਮਾਅਨੇ ਕੱਢਦੇ ਹਨ।ਪੰਥਕ ਸਿਆਸਤ ਅਤੇ ਸਿੱਖ ਇਤਿਹਾਸ ਦੇ ਜਾਣਕਾਰ ਡਾਕਟਰ ਗੁਰਦਰਸ਼ਨ ਸਿੰਘ ਢਿੱਲੋਂ ਅਕਾਲ ਤਖ਼ਤ ਦੇ ਫ਼ੈਸਲੇ ਨੂੰ 'ਇਤਿਹਾਸਕ, ਸੁਚੱਜਾ ਅਤੇ ਸਮੇਂ ਮੁਤਾਬਕ ਲਿਆ ਗਿਆ ਫ਼ੈਸਲਾ' ਮੰਨਦੇ ਹੋਏ ਕਹਿੰਦੇ ਹਨ, ਮੈਂ ਇਸ ਫ਼ੈਸਲੇ ਦੀ ਦਾਦ ਦਿੰਦਾ ਹਾਂ, ਸਾਰੇ ਹੀ ਫ਼ੈਸਲੇ ਬਹੁਤ ਦੀ ਸਿਆਣਪ ਤੇ ਸੂਝਬੂਝ ਨਾਲ ਲਏ ਗਏ ਹਨ।

ਗੁਰਦਰਸ਼ਨ ਸਿੰਘ ਢਿੱਲੋਂ ਸਿੱਖ ਇਤਿਹਾਸਕਾਰ ਅਤੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਸਾਬਕਾ ਪ੍ਰੋਫ਼ੈਸਰ ਹਨ।

ਬੀਬੀਸੀ ਨਾਲ ਗੱਲ ਕਰਦਿਆਂ ਉਨ੍ਹਾਂ ਕਿਹਾ, ਅਕਾਲ ਤਖ਼ਤ ਵੱਲੋਂ ਅਕਾਲੀ ਦਲ ਦੇ ਆਗੂਆਂ ਖ਼ਿਲਾਫ਼ ਸੁਣਾਇਆ ਗਿਆ ਫ਼ੈਸਲਾ ਧਾਰਮਿਕ, ਸਮਾਜਿਕ ਤੇ ਸਿਆਸੀ ਹਲਕਿਆਂ ਵਿੱਚ ਮੀਲ ਪੱਥਰ ਸਾਬਿਤ ਹੋਵੇਗਾ। ਇਸ ਨੇ ਅਕਾਲੀ ਦਲ ਦੀ ਸਥਾਪਿਤ ਧਿਰ ਦੀਆਂ ਗ਼ਲਤੀਆਂ ਦਾ ਪਰਦਾਸ਼ਫਾਸ਼ ਕਰਨ ਦੇ ਨਾਲ-ਨਾਲ ਕੌਮ ਦੇ ਹਿੱਤਾਂ ਨੂੰ ਧਿਆਨ ਵਿੱਚ ਰੱਖਿਆ ਹੈ।

ਡਾਕਟਰ ਢਿੱਲੋਂ ਕਹਿੰਦੇ ਹਨ ਕਿ ਇਸ ਫ਼ੈਸਲੇ ਦਾ ਦੂਰਗਾਮੀ ਅਸਰ ਪਵੇਗਾ, ਇਸ ਨੇ ਨਾ ਸਿਰਫ਼ ਮੌਜੂਦਾ ਲੀਡਰਸ਼ਿਪ ਬਲਕਿ ਭਵਿੱਖ ਦੀ ਲੀਡਰਸ਼ਿਪ ਲਈ ਵੀ ਮਿਸਾਲ ਕਾਇਮ ਕਰ ਦਿੱਤੀ ਹੈ, ਕਿ ਜੇਕਰ ਉਹ ਆਪਹੁਦਰੇਪਣ ਕਰਨਗੇ ਤਾਂ ਉਨ੍ਹਾਂ ਦਾ ਵੀ ਹਾਲ਼ ਇਹੀ ਹੋਵੇਗਾ ਅਤੇ ਇਸ ਲਈ ਉਹ ਘੱਟੋ-ਘੱਟ ਸਿੱਖ ਸਿਧਾਂਤਾਂ ਨਾਲ ਖਿਲਵਾੜ ਕਰਨ ਤੋਂ ਪਹਿਲਾਂ ਜ਼ਰੂਰ ਸੋਚਣਗੇ। ਉਹ ਆਖਦੇ ਹਨ ਕਿ ਇਹ ਫ਼ੈਸਲਾ ਅਕਾਲੀ ਦਲ ਦੀ ਸਿਆਸਤ ਲਈ ਇੱਕ ਨਵੀਂ ਸ਼ੁਰੂਆਤ ਦਾ ਮੁੱਢ ਬੰਨ੍ਹੇਗਾ।

### ਨਵਾਂ ਅਕਾਲੀ ਦਲ ਉਸਰੇਗਾ

ਕੁਝ ਇਸੇ ਤਰ੍ਹਾਂ ਦੇ ਹੀ ਵਿਚਾਰ ਸੀਨੀਅਰ ਪੱਤਰਕਾਰ ਜਸਪਾਲ ਸਿੰਘ ਦੇ ਵੀ ਹਨ ਉਹ ਇਸ ਨੂੰ ਸਭ ਤੋਂ ਵੱਡਾ ਸਿਆਸੀ ਫ਼ੈਸਲਾ ਦੱਸਦੇ ਹਨ।ਉਨ੍ਹਾਂ ਦਾ ਕਹਿਣਾ ਹੈ, ਜੇਕਰ ਸੁਖਬੀਰ ਸਿੰਘ ਬਾਦਲ ਦੇ ਅਕਾਲੀ ਦਲ ਦੀ ਗੱਲ ਕਰੀਏ ਤਾਂ ਸਾਰਿਆਂ ਦੀ ਕੋਸ਼ਿਸ਼ ਸੀ ਇਸ ਨੂੰ ਮੁੜ ਸੁਰਜੀਤ ਕਰੀਏ, ਪਰ ਹੋਇਆ ਇਸ ਦੇ ਉਲਟ ਕਿਉਂਕਿ ਹੁਣ 6 ਮਹੀਨਿਆਂ ਦੇ ਅੰਦਰ ਨਵੇਂ ਅਕਾਲੀ ਦਲ ਦੀ ਉਸਾਰੀ ਲਈ ਆਖ ਦਿੱਤਾ ਗਿਆ ਹੈ।

ਉਨ੍ਹਾਂ ਦਾ ਕਹਿਣਾ ਹੈ ਕਿ ਇਸ ਤੋਂ ਪਹਿਲਾਂ ਸੁਖਬੀਰ ਸਿੰਘ ਬਾਦਲ ਕੋਲੋਂ ਦੋ ਕਬੂਲਨਾਮੇ ਲਏ ਗਏ ਹਨ। ਇਸ ਦਾ ਮਤਲਬ ਹੈ ਕਿ ਉਸ ਵੇਲੇ ਦੀ ਸਿਆਸਤ ਨੂੰ ਰੱਦ ਕੀਤਾ ਗਿਆ ਹੈ ਜਿਸ ਦਾ ਇਸ ਅਸਰ ਬਹੁਤ ਅੱਗੇ ਤੱਕ ਜਾਵੇਗਾ।

ਉਨ੍ਹਾਂ ਦਾ ਕਹਿਣਾ ਹੈ ਕਿ ਜੇਕਰ ਅਕਾਲੀ ਦਲ ਇਸੇ ਲੈਅ ਵਿੱਚ ਰਹਿੰਦਾ ਤਾਂ ਉਹ ਅਜਿਹੀਆਂ ਗ਼ਲਤੀਆਂ ਮੁੜ ਕਰਦਾ। ਇਸ ਨਾਲ ਘੱਟੋ-ਘੱਟ ਜਥੇਬੰਧਕ ਤੌਰ ਤੇ ਅਕਾਲੀ ਦਲ ਨਵਾਂ ਤਾਂ ਹੋਵੇਗਾ।ਉਹ ਆਖਦੇ ਹਨ, ਇਹੀ ਵੱਡੀ ਗੱਲ ਨਿਕਲਦੀ ਹੈ ਕਿ ਇੱਕ ਤਾਂ ਉਹ ਸਿਆਸਤ ਰੱਦ ਹੋਈ ਅਤੇ ਉਸ ਵਿੱਚੋਂ ਨਿਕਲੀਆਂ ਸਾਰੀਆਂ ਗੜਬੜਾਂ ਰੱਦ ਹੋਈਆਂ ਹਨ। ਇਸ ਨਾਲ ਉਸੇ ਕਿਸਮ ਦੇ ਅਕਾਲੀ ਦਲ ਦੇ ਖੜ੍ਹੇ ਹੋਣ ਦੇ ਮੌਕੇ ਖ਼ਤਮ ਹੋਏ ਹਨ।ਅਕਾਲ ਤਖ਼ਤ ਨੂੰ ਨੈਤਿਕ ਪੱਧਰ ਦੀ ਸੰਸਥਾ ਮੰਨਿਆ ਜਾਂਦਾ ਹੈ ਅਤੇ ਅਜਿਹੇ ਵਿੱਚ ਜਨਤਕ ਤੌਰ ਤੇ ਆਪਣੀਆਂ ਗ਼ਲਤੀਆਂ ਮੰਨਣ ਦਾ ਮਤਲਬ ਇਹ ਹੈ ਕਿ ਤੁਹਾਨੂੰ ਉਸੇ ਕਿਸਮ ਦੇਅਕਾਲੀ ਦਲ ਨੂੰ ਚਲਾਉਣ ਦੀ ਮੁਸ਼ਕਲ ਹੋ ਜਾਵੇਗੀ।

**ਧੰਨਵਾਦ ਸਹਿਤ ਬੀਬੀਸੀ ਤੋਂ ਕਾਪੀ ਕੀਤਾ**


Sunder Building Supplies Ltd.
We believe in quality
• CRC Roofing Supplies
• Drywall, Insulation
• Sound Control Products
• Stucco, T-Bar Ceiling
• Manufactdured Stone
• Steel Studs &
• Accessories
Stucco | Paper | Flashing | Wiring
Free Estimate BEST Rates
Nirvair Singh Johal 403-690-8700
Bhajan Singh Johal 403-561-0227
4612, 6 STREET NE CALGARY, AB


## ਕੈਨੇਡੀਅਨ ਸੱਥ

# ਚੰਦਰਾ ਗੁਆਂਢ ਨਾ ਹੋਵੇ




ਅਸ਼ੀਸ਼ ਨਰੂਲਾ
1 204 890 5040


ਸਿਆਣੇ ਕਹਿੰਦੇ ਨੇ ਰਿਸ਼ਤੇਦਾਰ ਨਾਲ ਨਾ ਬਣਦੀ ਹੋਵੇ ਕਿਸੇ ਵੇਲੇ ਚੱਲ ਜਾਂਦਾ ਹੈ ਪਰ ਗੁਆਂਢ ਮੱਥੇ ਸਬੰਧ ਚੰਗੇ ਜਰੂਰ ਹੋਣੇ ਚਾਹੀਦੇ ਹਨ ,ਕਿਉ ਕਿ ਸਭ ਤੋਂ ਨੇੜੇ ਗੁਆਂਢੀ ਹੀ ਹੁੰਦਾ ਹੈ।ਫਿਰ ਭਾਂਵੇ ਉਹ ਘਰੇਲੂ ਪੱਧਰ ਤੇ ਹੋਣ ਜਾਂ ਫਿਰ ਰਾਸ਼ਟਰ ਪੱਧਰ ਤੇ,ਮਾੜਾ ਗੁਆਂਢੀ ਪੂਛਾਂ ਚਕਾਈ ਰੱਖਦੈ। ਆਪਣੇ ਆਲੇ ਦੁਆਲੇ ਨਿਗ੍ਹਾ ਮਾਰ ਕੇ ਦੇਖ ਲਵੋ ਜਿਹਨਾਂ ਦੇਸ਼ਾਂ ਦੇ ਗੁਆਂਢ ਵਿੱਚ ਨਹੀਂ ਬਣਦੀ ਉਥੇ ਅੱਜ ਦੇ ਕੀ ਹਾਲਾਤ ਹਨ। ਰੂਸ ਯੂਕਰੇਨ ,ਜਾਂ ਫਿਰ ਇਜ਼ਾਰਈਲ ਫਿਲਸਤੀਨ ਵੀ ਕਿਸੇ ਵੇਲੇ ਚੰਗੇ ਗੁਆਂਢੀ ਸਨ ਅੱਜ ਉਹਨਾਂ ਦੇ ਹਾਲਾਤ ਕਿਸੇ ਤੋਂ ਲੁਕੇ ਨਹੀਂ । ਵਰ੍ਹੇ ਤੋਂ ਉਪਰ ਜੰਗਾ ਲੱਗੀਆ ਨੂੰ ਹੋ ਗਿਆ ਹੈ ਅਤੇ ਅਜੇ ਤੱਕ ਸੁਲ੍ਹਾ ਦੀ ਕੋਈ ਕਿਰਨ ਵੀ ਨਹੀਂ ਹੈ। ਲੀਡਰ ਤਾਂ ਬੈਠੇ ਬਿਆਨ ਅਤੇ ਅਨਾਂਉਸਮੈਟਾਂ ਕਰਦੇ ਹਨ ਪਰ ਮਰਦਾ ਕੌਣ ਹੈ ? ਆਮ ਇਨਸਾਨ ਅਤੇ ਉਸਦਾ ਪਰਿਵਾਰ।ਜਦੋਂ ਦਾ ਟਰੰਪ ਹੁਰਾਂ ਨੇ ਆਪਣੇ ਦੋਵੇ ਵੱਢੇ ਗੁਆਂਢੀ ਮੁਲਕਾਂ ਭਾਵ ਕਨੇਡਾ ਅਤੇ ਮੈਕਸੀਕੋ ਨੂੰ 25 ਪ੍ਰਤੀਸ਼ਤ ਟੈਰਿਫ ਵਧਾਉਣ ਦੀ ਗੱਲ ਆਖੀ ਹੈ ਉਦੋਂ ਤੋ ਹੀ ਸਿਆਸਤ ਗਰਮਾਈ ਹੋਈ ਹੈ।ਹੁਣ ਸੈਂਟਰ ਸਰਕਾਰ ਵੱਲਂ ਚਾਰਾਜੋਈ ਕੀਤੀ ਜਾ ਰਹੀ ਹੈ ਕਿ ਟੈਰਿਫ ਨਾ ਵਧਣ ,ਜੇਕਰ ਟੈਰਿਫ ਲਾਗੂ ਹੋ ਜਾਂਦੇ ਹਨ ਤਾਂ ਕਨੇਡੀਅਨ ਨਿਰਯਾਤ ਤੇ ਬਹੁਤ ਮਾੜਾ ਅਸਰ ਪਵੇਗਾ ਅਤੇ ਵਪਾਰ ਮੂਧੇ ਮੂੰਹ ਡਿੱਗ ਪਵੇਗਾ। ਜਿਸ ਨਾਲ ਦੇਸ਼ ਨੂੰ ਬਹੁਤ ਵੱਡੀ ਆਰਥਿਕ ਸੱਟ ਵੱਜੇਗੀ। ਟਰੰਪ ਹੁਰਾਂ ਨੇ ਸੰਸਾਰਕ ਤੌਰ ਤੇ ਆਪਣੀ ਛਵੀ ਇਸ ਤਰਾਂ ਦੀ ਬਣਾਈ ਹੋਈ ਹੈ ਕਿ ਓਹਨੇ ਪਤਾ ਨਹੀਂ ਕੀ ਬੋਲ ਦੇਣਾ ਜਾਂ ਕਿਧਰ ਨੂੰ ਚੱਲ ਪੈਣਾ ਐ। ਪਰ ਅਸਲ ਵਿੱਚ ਉਹ ਇੱਕ ਸਮਾਰਟ ਬਿਜ਼ਨਸ ਮੈਨ ਵੀ ਹਨ ਜਿਹਨਾਂ ਨੇ ਅਮਰੀਕਾ ਵਿੱਚ ਆਪਣੀ ਸਲਤਨਤ ਬਣਾਈ ਹੈ ਅਤੇ ਆਪਣੇ ਦੇਸ਼ ਨੂੰ ਸਭ ਤੋਂ ਮੂਹਰੇ ਰੱਖਣ ਦਾ ਜ਼ਜਬਾ ਵੀ ਓਹਨਾਂ ਵਿੱਚ ਠਾਠ੍ਹਾ ਮਾਰਦਾ ਹੈ। ਇਸੇ ਸੰਦਰਭ ਵਿੱਚ ਇੱਕ ਡੈਲੀਗੇਟ ਕਨੇਡੀਅਨ ਪ੍ਰਾਈਮ ਮਨਿਸਟਰ ਹੁਰਾਂ ਦੀ ਅਗਵਾਈ ਵਿੱਚ ਟਰੰਪ ਹੁਰਾਂ ਨੂੰ ਹਾਲ ਹੀ ਵਿੱਚ ਉਹਨਾਂ ਦੇ ਫਲੋਰੀਡਾ ਵਾਲੀ ਰਿਹਾਇਸ਼ ਤੇ ਮਿਲ ਕੇ ਆਇਆ ਹੈ ਅਤੇ ਆਪਣੇ ਵਾਪਸੀ ਤੋਂ ਬਾਅਦ ਬਿਆਨ ਵਿੱਚ ਉਹਨਾਂ ਕਿਹਾ ਹੈ ਕਿ ਮੀਟਿੰਗ ਬਹਤ ਸਫਲ ਰਹੀ ਹੈ। ਹਣ ਇਸ ਗੱਲ ਦਾ ਪਤਾ ਟਰੰਪ ਹੁਰਾਂ ਦੇ ਰਸਮੀ ਤੌਰ ਤੇ ਚਾਰਜ ਸੰਭਾਲਣ ਤੋਂ ਬਾਅਦ ਹੀ ਚੱਲੇਗਾ ਕਿ ਗੱਲ ਬਾਤ ਸਾਰਥਕ ਸੀ ਜਾਂ ਫਿਰ ਲੱਕੜ ਦਾ ਮੁੰਡਾ ਹੀ ਸੀ। ਟਰੰਪ ਹੁਰਾਂ ਦੀ ਪਹਿਲੀ ਟਰਮ ਵਿੱਚ ਵੀ ਉਹਨਾਂ ਨੇ ਆਪਣੇ ਦੇਸ਼ ਦੇ ਹਿੱਤ ਵਿੱਚ ਬੜੀ ਹੀ ਬੇਬਾਕੀ ਨਾਲ ਫੈਸਲੇ ਲਏ ਸਨ। ਉਧਰ ਅਲਬਰਟਾ ਨਾਲ ਜੁੜੀ ਇੱਕ ਚੰਗੀ ਆਸ ਦੀ ਖਬਰ ਇਹ ਹੈ ਕਿ ਕੀਸਟੋਨ ਐਕਸਐਲ ਪਾਈਪਲਾਈਨ, 1,897-ਕਿਲੋਮੀਟਰ ਲੰਮੀ ਜੋ ਉੱਤਰੀ ਅਲਬਰਟਾ ਤੋਂ ਯੂਐਸ ਮਿਡਵੈਸਟ ਤੱਕ ਤੇਲ ਲਿਜਾਣ ਲਈ ਤਿਆਰ ਕੀਤੀ ਗਈ ਸੀ, ਨੂੰ ਮੁੜ ਸੁਰਜੀਤ ਕਰਨ ਬਾਰੇ ਵਾਸ਼ਿੰਗਟਨ ਵਿੱਚ ਹਾਲ ਹੀ ਵਿੱਚ ਬਹੁਤ ਸਾਰੀਆਂ ਗੱਲਾਂ ਹੋਈਆਂ ਹਨ। ਇਹ ਪ੍ਰੋਜੈਕਟ ਪਹਿਲੀ ਵਾਰ 2008 ਵਿੱਚ ਕੈਲਗਰੀ-ਅਧਾਰਤ ਟੀਸੀ ਐਨਰਜੀ ਦੁਆਰਾ ਪੇਸ਼ ਕੀਤਾ ਗਿਆ ਸੀ। ਇਸਨੂੰ ਓਬਾਮਾ ਪ੍ਰਸ਼ਾਸਨ ਦੇ ਅਧੀਨ ਰੱਦ ਕਰ ਦਿੱਤਾ ਗਿਆ ਸੀ, ਫਿਰ ਆਪਣੇ ਪਹਿਲੇ ਕਾਰਜਕਾਲ ਦੌਰਾਨ ਡੋਨਾਲਡ ਟਰੰਪ ਦੁਆਰਾ ਮੁੜ ਸੁਰਜੀਤ ਕੀਤਾ ਗਿਆ ਸੀ। ਫਿਰ ਇਸਨੂੰ ਰਾਸ਼ਟਰਪਤੀ ਜੋਅ ਬਾਇਡਨ ਦੁਆਰਾ ਜਨਵਰੀ 2021 ਵਿੱਚ ਆਪਣੇ ਦਫਤਰ ਦੇ ਪਹਿਲੇ ਦਿਨ ਦੁਬਾਰਾ ਖਤਮ ਕਰ ਦਿੱਤਾ ਗਿਆ ਸੀ। ਜਦੋਂ ਕਿ ਅਲਬਰਟਾ ਨੇ ਪਹਿਲਾਂ ਹੀ ਪ੍ਰੋਜੈਕਟ ਵਿੱਚ ਇੱਕ ਬਿਲੀਅਨ ਡਾਲਰ ਤੋਂ ਵੱਧ ਦਾ ਨਿਵੇਸ਼ ਕੀਤਾ ਸੀ।ਹੁਣ ਟਰੰਪ ਵਾਪਿਸ ਵ੍ਹਾਈਟ ਹਾਊਸ ਵੱਲ ਜਾ ਰਿਹਾ ਹੈ ਅਤੇ ਕਥਿੱਤ ਤੌਰ 'ਤੇ ਇਸ ਪ੍ਰੋਜੈਕਟ ਨੂੰ ਦੁਬਾਰਾ ਸ਼ੁਰੂ ਕਰਨ ਦੀ ਯੋਜਨਾ ਬਣਾ ਰਿਹਾ ਹੈ। ਜਿਸ ਨਾਲ ਸਰਹੱਦ ਦੇ ਦੋਵੇਂ ਪਾਸੇ ਕਾਫੀ ਉਤਸ਼ਾਹ ਪੈਦਾ ਹੋ ਰਿਹਾ ਹੈ। ਅਮਰੀਕੀ ਚੋਣਾਂ ਤੋਂ ਬਾਅਦ, ਅਲਬਰਟਾ ਦੇ ਪ੍ਰੀਮੀਅਰ ਨੇ ਕਥਿੱਤ ਤੌਰ 'ਤੇ ਟੀਸੀ ਐਨਰਜੀ ਨਾਲ ਇਹ ਦੇਖਣ ਲਈ ਸੰਪਰਕ ਕੀਤਾ ਕਿ ਕੀ ਕੀਸਟੋਨ ਐਕਸਐਲ ਨੂੰ ਮੁੜ ਸੁਰਜੀਤ ਕੀਤਾ ਜਾ ਸਕਦਾ ਹੈ । ਪਰ ਮਾਹਿਰ ਚੇਤਾਵਨੀ ਦਿੰਦੇ ਹਨ ਕਿ ਕੈਨੇਡੀਅਨ ਦਰਾਮਦਾਂ 'ਤੇ 25 ਪ੍ਰਤੀਸ਼ਤ ਟੈਰਿਫ ਲਗਾਉਣ ਦੀ ਟਰੰਪ ਦੀ ਧਮਕੀ ਦੀ ਨਵੀਂ ਪੇਚੀਦਗੀ ਦੇ ਨਾਲ, ਅੱਗੇ ਵੱਡੀਆਂ ਰੁਕਾਵਟਾਂ ਹਨ। ਜੇਕਰ ਟੈਰਿਫ ਯੋਜਨਾ ਅੱਗੇ ਵਧਦੀ ਹੈ, ਤਾਂ ਇਹ ਕੈਨੇਡੀਅਨ ਊਰਜਾ ਉਦਯੋਗ ਨੂੰ ਧੱਕਾ ਲਾਵੇਗੀ, ਜਿਸਦਾ ਨੰਬਰ 1 ਨਿਰਯਾਤ ਬਾਜ਼ਾਰ ਅਮਰੀਕਾ ਹੈ। ਉਧਰ ਸਾਡੇ ਪ੍ਰਧਾਨ ਮੰਤਰੀ ਹੁਰਾਂ ਦੇ ਅਲਬਰਟਾ ਨਾਲ ਮਤਰੇਈ ਮਾਂ ਵਾਲਾ ਵਤੀਰਾ ਇੱਕ ਵਾਰ ਫਿਰ ਤੋਂ ਹਰਾ ਹੋ ਗਿਆ ਹੈ ਅਤੇ ਮੁੱਖ ਮੰਤਰੀ ਸਮਿੱਥ ਹੁਰਾਂ ਨੇ ਫਿਰ ਤੋ ਆਹਢਾ ਲਾ ਲਿਆ ਹੈ , ਹੁਣ ਇਹ ਆਉਣ ਵਾਲਾ ਸਮਾਂ ਹੀ ਦੱਸੇਗਾ ਕਿ ਕੇਂਦਰ ਨਾਲ ਅਲਬਰਟਾ ਦੇ ਰਿਸ਼ਤੇ ਹੁਣ ਸੁਧਰਦੇ ਹਨ ਜਾਂ ਫਿਰ ਟਰੂਡੋ ਹੁਰਾਂ ਦੇ ਜਾਣ ਤੋਂ ਬਾਅਦ ਸੁਧਰਣਗੇ। ਊ ਗੱਲ ਐ ਇੱਕ। ਲੰਘੇ ਦਿਨਾਂ ਤੋਂ ਸ਼ੁਰੂ ਹੋਈ ਕਨੇਡਾ ਪੋਸਟ ਦੇ ਪੋਸਟਲ ਵਰਕਰਾਂ ਦੀ ਹੜਤਾਲ ਲਗਾਤਾਰ ਤੀਜੇ ਹਫਤੇ ਵਿੱਚ ਦਾਖਲ ਹੋ ਗਈ ਹੈ ਅਤੇ ਤੱਕ ਦੋਵੇ ਧਿਰਾ ਵਲੋਂ ਕੋਈ ਸਟੀਕ ਹੱਲ ਨਹੀਂ ਕਢਿਆ ਗਿਆ ਅਤੇ ਦੋਵੇਂ ਧਿਰਾ ਹੀ ਆਪਣੀ ਗੱਲ ਤੇ ਅੜੀਆ ਹੋਈਆਂ ਹਨ , ਇਸ ਹੜਤਾਲ ਨਾਲ ਆਮ ਲੋਕ ਸਮੂਹ ਤਾਂ ਪ੍ਰੇਸ਼ਾਨ ਹੋ ਹੀ ਰਿਹਾ ਹੈ ਨਾਲ ਹੀ ਆਮ ਵਰਕਰ ਜੋ ਹੜਤਾਲ ਇਸ ਕੜਕਦੀ ਠੰਡ ਵਿੱਚ ਝੰਡੇ ਚੁੱਕੀ ਬੈਠਾ ਹੈ ਅਸਲ ਵਿੱਚ ਅੰਦਰੋ ਟੁੱਟਿਆ ਉਹ ਵੀ ਹੈ, ਅੰਕੜਿਆ ਅਨੁਸਾਰ ਕਨੇਡਾ ਪੋਸਟ ਦੇ ਵਪਾਰ ਦਾ ਪਹਿਲਾਂ ਹੀ ਕੋਈ ਚੰਗਾ ਹਾਲ ਨਹੀ ਹੈ। ਹੁਣ ਛੁੱਟੀਆ ਦੇ ਸੀਜਨ ਵਿੱਚ ਹੋਰ ਨੁਕਸਾਨ ਕਰ ਕੇ ਕਾਰਪੋਰੇਸ਼ਨ ਦੀ ਮਨਸ਼ਾ ਕੀ ਹੈ ਇਸ ਗੱਲ ਦਾ ਅੰਦਾਜਾ ਲਗਾਉਣਾ ਮੁਸ਼ਕਿਲ ਹੈ ਉਮੀਦ ਹੈ ਕਿ ਆਉਂਦੇ ਦਿਨਾਂ ਵਿੱਚ ਹੜਤਾਲ ਵਾਲਾ ਮਸਲਾ ਕਿਤੇ ਤਣ ਪੱਤਣ ਲੱਗ ਜਾਵੇਗਾ ।

ਰੱਬ ਰਾਖਾ


Advice from someone you trust.
Sun Life
Life's brighter under the sun
Life & Health Insurance • Critical Illness Insurance • Disability Insurance
Employee Benefits • RESP • TFSA• RRSP • Mutual Funds
Harvinder Singh*
587-574-0029
harvinder.h.singh@sunlife.com
*Mutual fund business is done with your advisor through Sun Life Financial Investment Services (Canada) Inc. Advisors and their corporations conduct insurance business through Sun Life Financial Distributors (Canada) Inc. Sun Life Assurance Company of Canada is the insurer and is a member of the Sun Life group of companies.
© Sun Life Assurance Company of Canada, 2023.



ਨਵੇਂ ਪੁਰਾਣੇ ਘਰਾਂ ਅੰਦਰ ਕਿਚਨ ਕੇਬਿਨੇਟ ਦਾ ਕੰਮ
ਕੋਈ ਮੈਟਲ ਡੋਰ, ਜਾਂ ਸਾਧਾਰਣ ਡੋਰ ਲਗਾਉਣਾ ਹੈ ਜਾਂ ਮੋਲਡਿੰਗ, ਬੁੱਕ ਸ਼ੈਲਫ, ਪੌੜੀਆਂ ਦੀ ਰੇਲਿੰਗ, ਜਾਂ ਹਾਰਡਵੁੱਡ ਦਾ ਕੰਮ ਕਰਵਾਉਣਾ ਹੈ ਤਾਂ ਸੰਪਰਕ ਕਰੋ।
Specialist In:
All Type of Residential & Commercial Woodwork
Interior Finishing: Kitchen Cabinets:
Railing & Decorating
Manpreet Thind
Ph: (403) 455-1000
www.perfectfinishing.ca
Perfect Finishing Corp.
NewStar Cabinets Ltd.
3341 19 St NE Calgary AB T2E 6S8



ਜੇ ਕੌਸਕੋ ਸਟੋਰ ਵਿੱਚੋਂ ਦੁੱਧ ਵਾਲੀਆਂ ਕੈਨੀਆਂ, ਪੈਪਸੀ, ਕੋਕ, ਜੂਸ, ਲਿਕਰ ਲੈਣ ਚੱਲੇ ਹੋ ਤਾਂ
ਪਹਿਲਾਂ ਘਰ ਪਈਆਂ ਖਾਲੀ ਕੈਨੀਆਂ ਅਤੇ ਜੂਸ ਵਾਲੇ ਡੱਬੇ ਵੀ ਗੱਡੀ ਵਿੱਚ ਰੱਖ ਲਓ
ਕਿਉਂਕਿ ਬੋਤਲ ਡਿਪੂ ਹੁਣ ਕੈਲਗਰੀ ਵਿੱਚ ਸਟੋਨੀ ਟਰੇਲ ਤੋਂ
17 ਐਵਨਿਊ ਚੈਸਟਰਮੀਅਰ ਵੱਲ ਨਿਕਲਦਿਆਂ ਹੀ
ਕੌਸਕੋ ਸਟੋਰ ਦੇ ਬਿਲਕੁੱਲ ਸਾਹਮਣੇ ਹੀ ਖੁੱਲ ਗਿਆ।
ਇਹਨਾਂ ਨੂੰ ਸੁਪਰਵਾਈਜ਼ਰ/ਬੋਤਲ ਸੌਰਟਰ
ਵਰਕਰਾਂ ਦੀ ਵੀ ਲੋੜ ਹੈ
ਪੰਜਾਬੀ ਬੋਲਣ ਵਾਲਾ ਸਟਾਫ
East Hill Bottle Depot Ltd.
Call: 403 975 0128
55 East Hill Blvd (Front of new Costco at 17 ave SE.) Calgary(AB)

# ਕਿਹੋ ਜਿਹੇ ਹੋਣੇ ਚਾਹੀਦੇ ਹਨ, ਨਸ਼ਾ ਛੁਡਾਊ ਕੇਂਦਰ



ਮੋਹਨ ਸ਼ਰਮਾ
ਮੋ:94171-48866

ਮੋਹਨ ਸ਼ਰਮਾ

ਮੋਗਾ ਜਿਲ੍ਹੇ ਦੇ ਕੋਟ ਇਸੇ ਖਾਂ ਕਸਬੇ ਦੇ ਨੇੜੇ ਚੀਮਾਂ ਪਿੰਡ ਵਿੱਚ 'ਆਸ ਦੀ ਕਿਰਨ' ਨਾਂ ਦਾ ਅਣਅਧਿਕਾਰਤ ਨਸ਼ਾ ਛੁਡਾਊ ਕੇਂਦਰ ਇਲਾਕੇ ਦੇ ਚਾਰ ਪੰਜ ਨੌਜਵਾਨ ਲੜਕਿਆਂ ਨੇ ਰਲਕੇ ਖੋਲ੍ਹਿਆ ਹੋਇਆ ਸੀ। ਕਿਸੇ ਵੀ ਨਸ਼ਾ ਛੁਡਾਊ ਕੇਂਦਰ ਜਾਂ ਮੁੜ ਵਸਾਊ ਕੇਂਦਰ ਨੂੰ ਚਲਾਉਣ ਲਈ ਪੰਜਾਬ ਦੇ ਹੈਲਥ ਵਿਭਾਗ ਤੋਂ ਮੰਨਜ਼ੂਰੀ ਲੈਣੀ ਪੈਂਦੀ ਹੈ ਅਤੇ ਇਹ ਮੰਨਜੂਰੀ ਨਿਰਧਾਰਤ ਸ਼ਰਤਾਂ ਉਪਰੰਤ ਹੀ ਦਿੱਤੀ ਜਾਂਦੀ ਹੈ। ਮਨੋਵਿਗਿਆਨਕ ਡਾਕਟਰ ਦਾ ਹੋਣਾ, ਸਿਹਤ ਕਰਮਚਾਰੀਆਂ ਦਾ ਹੋਣਾ, ਯੋਗ ਕਾਊਂਸਲਰ, ਨਰਸਾਂ, ਵਾਰਡ ਬੁਆਏ, ਸਾਫ ਸੁਥਰੀ ਹਵਾਦਾਰ ਇਮਾਰਤ ਅਤੇ ਸਾਫ ਸੁਥਰਾ ਵਾਤਾਵਰਨ ਇੱਕ ਨਸ਼ਾ ਛੁਡਾਊ ਕੇਂਦਰ ਵਿੱਚ ਹੋਣਾ ਜਰੂਰੀ ਹੈ। ਸਰਟੀਫਿਕੇਟ ਜਾਰੀ ਕਰਨ ਤੋਂ ਪਹਿਲਾਂ ਕਾਰਜਕਾਰੀ ਮੈਜਿਸਟਰੇਟ, ਸੀ.ਐਮ.ਓ. ਅਤੇ ਹੋਰ ਅਧਿਕਾਰੀ ਸੈਂਟਰ ਦਾ ਮੁਆਇਨਾ ਕਰਦੇ ਹਨ ਅਤੇ ਉਨ੍ਹਾਂ ਦੀ ਸਿਫਾਰਸ਼ ਉਪਰੰਤ ਸਿਹਤ ਵਿਭਾਗ ਸੈਂਟਰ ਚਾਲੂ ਕਰਨ ਲਈ ਤਿੰਨ ਸਾਲ ਵਾਸਤੇ ਲਾਇਸੰਸ ਜਾਰੀ ਕਰਦਾ ਹੈ। ਲਾਇਸੰਸਸ਼ੁਦਾ ਸੈਂਟਰ ਨੂੰ ਸੀ.ਐਮ.ਓ. ਸਮੇਂ ਸਮੇਂ ਸਿਰ ਚੈੱਕ ਵੀ ਕਰਦਾ ਹੈ ਅਤੇ ਦਾਖ਼ਲ ਨਸ਼ੱਈ ਮਰੀਜ਼ਾਂ ਦਾ ਹਾਲ-ਚਾਲ ਵੀ ਪੁੱਛਦਾ ਰਹਿੰਦਾ ਹੈ। ਊਣਤਾਈਆਂ ਸਬੰਧੀ ਨਿਰਦੇਸ਼ ਦੇਣੇ ਜਿਲ੍ਹਾ ਪ੍ਰਸ਼ਾਸਨ ਅਤੇ ਜ਼ਿਲ੍ਹਾ ਸਿਹਤ ਅਧਿਕਾਰੀ ਦੀ ਜ਼ੁੰਮੇਵਾਰੀ ਬਣਦੀ ਹੈ। ਪਰ ਚੀਮਾਂ ਪਿੰਡ ਵਿੱਚ ਖੋਲ੍ਹਿਆ ਗਿਆ ਨਸ਼ਾ ਛੁਡਾਊ ਕੇਂਦਰ ਸਾਰੇ ਨਿਯਮਾਂ ਨੂੰ ਸਿੱਕੇ ਤੇ ਟੰਗਕੇ ਆਪਣੀ ਮਰਜ਼ੀ ਨਾਲ ਖੋਲ੍ਹਿਆ ਗਿਆ। ਅਜਿਹੇ ਖੋਲ੍ਹੇ ਗਏ ਸੈਂਟਰਾਂ ਵਿੱਚ ਨਸ਼ੱਈਆਂ ਨੂੰ 'ਇਲਾਜ਼' ਲਈ ਦਾਖ਼ਲ ਕਰਕੇ ਮੋਟੀ ਰਕਮ ਵਸੂਲੀ ਜਾਂਦੀ ਹੈ। ਡਾਕਟਰੀ ਸਹੂਲਤਾਂ, ਰਹਿਣ ਸਹਿਣ ਦਾ ਪ੍ਰਬੰਧ, ਮਨੋਵਿਗਿਆਨਕ ਸੇਵਾਵਾਂ ਦੀ ਥਾਂ ਅਜਿਹੇ ਸੈਂਟਰਾਂ ਵਿੱਚ ਹਿੰਸਾਤਮਕ ਗਤੀਵਿਧੀਆਂ, ਭੁੱਖੇ ਰੱਖਣਾ, ਤਸੀਹੇ ਦੇਣੇ ਅਤੇ ਹੋਰ ਢੰਗ ਤਰੀਕਿਆਂ ਨਾਲ 'ਸੋਧਣ' ਨੂੰ ਹੀ ਸੈਂਟਰ ਦੇ ਸੰਚਾਲਕ ਸਭ ਤੋਂ ਵਧੀਆ ਇਲਾਜ਼ ਸਮਝਦੇ ਹਨ। ਸਿਰਫ ਚੀਮਾਂ ਸੈਂਟਰ ਵਿੱਚ ਹੀ ਨਹੀਂ ਸਗੋਂ ਪੰਜਾਬ ਦੇ ਹੋਰ ਬਹੁਤ ਸਾਰੀਆਂ ਥਾਵਾਂ ਤੇ ਅਜਿਹੇ ਅਣਅਧਿਕਾਰਤ ਸੈਂਟਰ ਪੰਜਾਬ ਨੂੰ 'ਨਸ਼ਾ ਮੁਕਤ ਕਰਨ' ਵਿੱਚ 'ਆਪਣਾ ਬਣਦਾ ਯੋਗਦਾਨ' ਪਾਕੇ ਜਿੱਥੇ ਜਵਾਨੀ ਦਾ ਘਾਣ ਕਰ ਰਹੇ ਹਨ, ਉਥੇ ਹੀ ਬੇਵੱਸ ਮਾਪਿਆਂ ਤੋਂ ਹਰ ਮਹੀਨੇ ਮੋਟੀ ਰਕਮ ਵੀ ਵਸੂਲਦੇ ਹਨ। ਨਸ਼ੱਈ ਮਰੀਜ਼ ਦੇ ਮਾਪਿਆਂ ਵੱਲੋਂ ਪੁੱਛਣ ਤੇ ਉਨ੍ਹਾਂ ਦਾ ਘੜਿਆ ਘੜਾਇਆ ਜਵਾਬ ਹੁੰਦਾ ਹੈ, ਥੋੜਾ ਮੁੰਡਾ ਰਿਕਵਰੀ ਜ਼ੋਨ ਵਿੱਚ ਹੈ। ਕੋਈ ਫਿਕਰ ਨਾ ਕਰੋ।

ਇਸ ਸੈਂਟਰ ਵਿੱਚ ਵੀਹ ਕੁ ਦਿਨ ਪਹਿਲਾਂ ਜਗਰਾਓਂ ਦਾ ਸਤਾਈ ਕੁ ਵਰ੍ਹਿਆਂ ਦਾ ਨੌਜਵਾਨ ਦਾਖ਼ਲ ਕਰਵਾਇਆ ਗਿਆ। ਉਸਦਾ ਵਿਆਹ ਵੀ ਪੰਜ-ਛੇ ਮਹੀਨੇ ਪਹਿਲਾਂ ਹੀ ਹੋਇਆ ਸੀ।



ਹੋਰਾਂ ਮਾਪਿਆਂ ਦੀ ਤਰ੍ਹਾਂ ਉਸ ਨਸ਼ੱਈ ਨੌਜਵਾਨ ਦੇ ਮਾਪਿਆਂ ਨੂੰ ਨਸ਼ਾ ਮੁਕਤ ਕਰਕੇ ਵਧੀਆ ਇਨਸਾਨ ਬਣਾਉਣ ਦਾ ਝਾਂਸਾ ਦਿੱਤਾ ਗਿਆ। ਕੁਲ ਵੀਹ ਕੁ ਨੌਜਵਾਨ ਇੱਕ ਕਮਰੇ ਵਿੱਚ ਡੱਕ ਕੇ ਰੱਖੇ ਹੋਏ ਸਨ। ਉਨ੍ਹਾਂ ਵਿੱਚ ਜਗਰਾਉਂ ਵਾਲਾ ਲੜਕਾ ਵੀ ਸ਼ਾਮਲ ਹੋ ਗਿਆ।

ਉਸਦੀ ਬਦਕਿਸਮਤੀ ਕਿ 28.11.2024 ਦੀ ਰਾਤ ਨੂੰ ਉਹ ਰਸੋਈ ਵਿੱਚੋਂ ਪਾਣੀ ਲੈ ਰਿਹਾ ਸੀ। ਉਸ ਕੋਲੋਂ ਗਲਤੀ ਨਾਲ ਰਸੋਈ ਵਿੱਚ ਪਾਣੀ ਡੁੱਲ ਗਿਆ। ਨਸ਼ਾ ਛੁਡਾਊ ਕੇਂਦਰ ਦੇ ਸੰਚਾਲਕਾਂ ਨੇ ਉਸਨੂੰ ਲੋਹੇ ਦੀਆਂ ਰਾਡਾਂ ਨਾਲ ਅੰਨੇ ਵਾਹ ਕੁੱਟਿਆ। ਮਾਰ ਨਾ ਝਲਦਿਆਂ ਉਹ ਬੇਹੋਸ਼ ਹੋ ਗਿਆ। ਫਿਰ ਉਸ ਤੇ ਠੰਡਾ ਪਾਣੀ ਪਾਕੇ ਪਸ਼ੂਆਂ ਵਾਂਗ ਕੁੱਟਦੇ ਰਹੇ। ਅਜਿਹੇ ਅਣਮਨੁੱਖੀ ਤਸੀਹੇ ਨਾ ਝਲਦਿਆਂ ਉਹ ਦਮ ਤੋੜ ਗਿਆ। ਮਾਪਿਆਂ ਨੂੰ ਇਸ ਅਨਹੋਣੀ ਦੀ ਖਬਰ ਮਿਲਦਿਆਂ ਹੀ ਘਰ ਵਿੱਚ ਚੀਕ-ਚਿਹਾੜਾ ਪੈ ਗਿਆ। ਮੌਕੇ ਤੇ ਪੁਲਿਸ ਪਹੁੰਚ ਗਈ। ਸੰਚਾਲਕ ਫਰਾਰ ਹੋ ਗਏ। ਸਹਿਮੇ ਜਿਹੇ ਬੈਠੇ ਬਾਕੀ ਦਾਖ਼ਲ ਨਸ਼ੱਈਆਂ ਨੇ ਰੋਂਦਿਆਂ ਪ੍ਰਗਟਾਵਾ ਕੀਤਾ ਕਿ ਇਹ ਨਸ਼ਾ ਛੁਡਾਊ ਕੇਂਦਰ ਨਹੀਂ, ਤਸੀਹਾ ਕੇਂਦਰ ਹੈ। ਅਸੀਂ ਸਾਰੇ ਹੀ ਇਸ ਤਸ਼ੱਦਦ ਦਾ ਸ਼ਿਕਾਰ ਹੁੰਦੇ ਰਹੇ ਹਾਂ।

ਬਿਨ੍ਹਾਂ ਸ਼ੱਕ ਅੰਦਾਜ਼ਨ 71% ਨੌਜਵਾਨਾਂ ਦੀ ਜ਼ਿੰਦਗੀ ਨਸ਼ਿਆਂ ਦੇ ਨਾਗਵਲ ਵਿੱਚ ਫਸ ਚੁੱਕੀ ਹੈ। ਉਹ ਨਸ਼ਾ ਖਰੀਦਣ ਲਈ ਚੋਰੀਆਂ ਕਰਦੇ ਹਨ, ਆਪਣਾ ਖ਼ੂਨ ਵੇਚਦੇ ਹਨ, ਭੀਖ ਮੰਗਦੇ ਹਨ।

ਗੰਭੀਰ ਪ੍ਰਸ਼ਨ ਹੈ ਕਿ ਮਨੁੱਖੀ ਜ਼ਿੰਦਗੀ ਨਾਲ ਖਿਲਵਾੜ ਕਰਨ ਵਾਲੇ ਅਣਅਧਿਕਾਰਤ ਨਸ਼ਾ ਛੁਡਾਊ ਕੇਂਦਰ ਸਬੰਧੀ ਪ੍ਰਸ਼ਾਸ਼ਨ, ਸਿਹਤ ਵਿਭਾਗ ਅਤੇ ਪੁਲਿਸ ਵਿਭਾਗ ਨੂੰ ਸਿਰਫ ਉਦੋਂ ਹੀ ਪਤਾ ਲੱਗਿਆ ਜਦੋਂ ਇੱਕ ਨੌਜਵਾਨ ਤਸ਼ੱਦਦ ਦਾ ਸ਼ਿਕਾਰ ਹੋਕੇ ਦਮ ਤੋੜ ਗਿਆ ਅਤੇ ਬਾਕੀ ਦਾਖ਼ਲ ਨੌਜਵਾਨ ਸਾਹਾਂ ਦੀ ਭੀਖ਼ ਲਈ ਖ਼ੈਰ ਮੰਗ ਰਹੇ ਸਨ। ਅਜਿਹਾ ਇਹ ਪਹਿਲਾ ਕੇਸ ਨਹੀਂ, ਅਜਿਹੇ ਅਨੇਕਾਂ ਹੋਰ ਅਖਾਉਤੀ ਨਸ਼ਾ ਛੁਡਾਊ ਕੇਂਦਰ ਨਸ਼ਾ ਛੁਡਵਾਉਣ ਦੇ ਨਾਂ ਤੇ ਜਵਾਨੀ ਨੂੰ ਅੰਨੇ ਵਾਹ ਕੁੱਟ ਵੀ ਰਹੇ ਹਨ ਅਤੇ ਬੇਵਸ ਮਾਪਿਆਂ ਨੂੰ ਲੁੱਟ ਵੀ ਰਹੇ ਹਨ।

ਦਰਅਸਲ ਪੰਜਾਬ ਵਿੱਚ ਨਸ਼ਿਆਂ ਦੀ ਮਹਾਂਮਾਰੀ ਨੇ ਬਹੁਤ ਸਾਰੇ ਮੈਡੀਕਲ ਸਟੋਰਾਂ, ਜੇਲ੍ਹਾਂ ਦੇ ਬਹੁਤ ਸਾਰੇ ਅਧਿਕਾਰੀਆਂ ਅਤੇ ਕਰਮਚਾਰੀਆਂ, ਪੁਲਿਸ ਵਿਭਾਗ ਦੀਆਂ ਕੁਝ ਕਾਲੀਆਂ ਭੇਂਡਾਂ, ਨਸ਼ੇ ਦੇ ਤਸ਼ਕਰਾਂ, ਮਨੁੱਖੀ ਜ਼ਿੰਦਗੀ ਦਾ ਖਿਲਵਾੜ ਕਰਨ ਵਾਲੇ ਕੁਝ ਸਿਆਸਤਦਾਨਾਂ ਅਤੇ ਕੁੱਝ ਸਿਹਤ ਕਰਮਚਾਰੀਆਂ ਨੇ ਨਸ਼ੇ ਦੀ ਅੰਨ੍ਹੀ ਕਮਾਈ ਨਾਲ ਮਹਿਲਨੁਮਾ ਕੋਠੀਆਂ ਵੀ ਉਸਾਰੀਆਂ ਹਨ ਅਤੇ ਬੈਂਕ ਲਾਕਰਾਂ ਵਿੱਚ ਵੀ ਬਹੁਤ ਕੁੱਝ ਛੁਪਾ ਕੇ ਰੱਖਿਆ ਹੈ। ਹਾਈ ਕੋਰਟ ਦੀ ਮਾਣਯੋਗ ਜੱਜ ਸ਼੍ਰੀ ਮਤੀ ਮੰਜਰੀ ਨਹਿਰੂ ਕੌਲ ਅਤੇ ਮਾਣਯੋਗ ਜੱਜ ਸ਼੍ਰੀ ਸੇਖ਼ਾਵਤ ਦੀਆਂ ਸਖਤ ਟਿੱਪਣੀਆਂ ਨੇ ਸਰਕਾਰ ਨੂੰ ਕਟਹਿਰੇ ਵਿੱਚ ਖੜ੍ਹਾ ਕੀਤਾ ਹੈ। ਈ.ਡੀ. ਦੇ ਸਾਬਕਾ ਅਧਿਕਾਰੀ ਨਿਰੰਜਨ ਸਿੰਘ ਨੇ ਇੰਟਰਨੈਟ ਮੀਡੀਆ ਪਲੇਟਫਾਰਮ ਤੇ ਪ੍ਰਗਟਾਵਾ ਕੀਤਾ ਹੈ ਕਿ ਈ.ਡੀ. ਦੇ ਉੱਚ ਅਧਿਕਾਰੀ ਨੇ ਡਰੱਗਜ਼ ਨਾਲ ਸਬੰਧਤ ਕਈ ਕੇਸ ਉਸ ਕੋਲੋਂ ਖੋਹ ਕੇ ਨਵੀਂ ਦਿਲੀ ਟਰਾਂਸਫਰ ਕਰ ਦਿੱਤੇ ਸਨ ਤਾਂ ਜੋ ਨਸ਼ੇ ਦਾ ਧੰਦਾ ਕਰਨ ਵਾਲੇ ਕਾਨੂੰਨ ਦੇ ਸਿਕੰਜੇ ਤੋਂ ਬਚ ਸਕਣ। ਇਥੇ ਹੀ ਬੱਸ ਨਹੀਂ 14 ਜੁਲਾਈ 2018 ਨੂੰ ਆਪਣੇ ਪੇਸ਼ੇ ਪ੍ਰਤੀ ਸਮੱਰਪਤ, ਇਮਾਨਦਾਰ ਅਤੇ ਬੇਦਾਗ ਸੀਨੀਅਰ ਡਰੱਗ ਇੰਸਪੈਕਟਰ ਨੇਹਾ ਸ਼ੋਰੀ ਨੇ ਆਪਣੇ ਵਿਭਾਗ ਦੇ ਡਰੱਗ ਕੰਟਰੌਲਰ ਨੂੰ ਇੱਕ ਰਿਪੋਰਟ ਸੌਂਪੀ ਸੀ, ਜਿਸ ਵਿੱਚ ਉਸ ਵੱਲੋਂ ਨਿਜੀ ਨਸ਼ਾ ਛੁਡਾਊ ਕੇਂਦਰਾਂ ਵਿੱਚ ਬੁਪਰੀਨੌਰਫੀਨ(ਜੀਭ ਤੇ ਰੱਖਣ ਵਾਲੀ ਗੋਲੀ) ਦਾ 100 ਕਰੋੜ ਰੁਪਏ ਦੇ ਘਪਲੇ ਦਾ ਪੜ੍ਹਦਾ ਫਾਸ ਕੀਤਾ ਸੀ। ਅਜਿਹੇ ਵੱਡੇ ਘਪਲੇ ਦੀਆਂ ਪਰਤਾਂ ਖੋਲ੍ਹਣ ਵਾਲੀ ਨੇਹਾ ਸ਼ੋਰੀ ਨੂੰ 31 ਮਾਰਚ 2019 ਨੂੰ ਉਸਦੇ ਦਫ਼ਤਰ ਵਿੱਚ ਹੀ ਗੋਲੀਆਂ ਨਾਲ ਭੁੰਨ ਦਿੱਤਾ ਗਿਆ। ਗੋਲੀ ਮਾਰਨ ਵਾਲੇ ਬਲਵਿੰਦਰ ਸਿੰਘ ਨੇ ਭਾਵੇਂ ਬਾਅਦ ਵਿੱਚ ਆਪਣੇ ਆਪ ਨੂੰ ਗੋਲੀ ਮਾਰਕੇ ਆਤਮ ਹੱਤਿਆ ਕਰ ਲਈ, ਪਰ ਨੇਹਾ ਸ਼ੋਰੀ ਦਾ ਲੈਪਟਾਪ ਅਤੇ ਸਿੰਮ ਕਾਰਡ ਲੱਭੇ ਨਹੀਂ। ਸੌ ਕਰੋੜ ਦਾ ਘਪਲਾ ਵੀ ਫਾਈਲਾਂ ਦਾ ਸ਼ਿੰਗਾਰ ਬਣਕੇ ਰਹਿ ਗਿਆ। ਦੂਜੇ ਪਾਸੇ ਮੁਕਤਸਰ ਵਿਖੇ ਨਿਯੁਕਤ ਡਰੱਗ ਇੰਸਪੈਕਟਰ ਸ਼ਿਸਾਨ ਮਿੱਤਲ ਪੁਲਿਸ ਦੇ ਧੱਕੇ ਚੜ੍ਹਿਆ ਹੈ ਜੋ ਆਪਣੇ ਅਹੁਦੇ ਦੀ ਦੁਰਵਰਤੋਂ ਕਰਦਿਆਂ ਜੇਲ੍ਹਾਂ ਅਤੇ ਹੋਰ ਥਾਵਾਂ ਤੇ ਨਸ਼ਾ ਸਪਲਾਈ ਕਰਦਾ ਸੀ। ਆਪਣੇ ਇਸ ਅਹੁਦੇ ਦੀ ਆੜ ਵਿੱਚ 'ਚਿੱਟਾ' ਤਿਆਰ ਕਰਨ ਲਈ ਹਿਮਾਚਲ ਪ੍ਰਦੇਸ਼ ਦੀ ਬੱਦੀ ਵਿੱਚ ਲੱਗੀ ਫੈਕਟਰੀ ਤੋਂ 'ਸੁਡਰੋਫੈਡਰਿਨ' ਵੀ ਸਪਲਾਈ ਕਰਦਾ ਸੀ। ਤਲਾਸ਼ੀ ਦਰਮਿਆਨ ਬੇਪਨਾਹ ਇਕੱਠੀ ਕੀਤੀ ਕਾਲੀ ਕਮਾਈ ਹੁਣ ਪੁਲਿਸ ਦੇ ਕਬਜੇ ਵਿੱਚ ਹੈ। ਗੰਭੀਰ ਹੋ ਕੇ ਚਿੰਤਨ ਕਰਨ ਦੀ ਲੋੜ ਹੈ ਕਿ ਅਜਿਹੀ ਕਮਾਈ ਨਾਲ ਜਰੂਰੀ ਨਹੀਂ ਵਿਆਹ ਦਾ ਜੋੜਾ ਖਰੀਦਿਆ ਜਾਵੇ, ਕਫ਼ਨ ਵੀ ਹਿੱਸੇ ਆ ਸਕਦਾ ਹੈ। ਪੱਥਰਾਂ ਨੂੰ ਵੀ ਰੁਆਉਣ ਵਾਲਿਆਂ ਦੇ ਕੀਰਨੇ ਸੁਖ ਦੀ ਨੀਂਦ ਨਹੀਂ ਸੌਣ ਦੇਣਗੇ। ਦੁਖਾਂਤ ਹੈ ਕਿ ਇੱਕ ਪਾਸੇ ਦੇਸ਼ ਨੂੰ ਅਜ਼ਾਦ ਕਰਵਾਉਣ ਵਾਲੇ ਸ਼ਹੀਦ ਹੋਏ, ਦੂਜੇ ਪਾਸੇ ਹੁਣ ਚਿੱਟੇ ਦੀ ਰੋਕਥਾਮ ਲਈ ਅਵਾਜ਼ ਉਠਾਉਣ ਵਾਲੇ ਕਈ ਥਾਂਈਂ ਸ਼ਹੀਦ ਹੋਏ ਹਨ। ਹੁਣ ਸਾਡੀ ਸਰਕਾਰ ਨੂੰ ਅਪੀਲ ਹੈ ਕਿ ਥਾਂ ਥਾਂ ਖੁੰਭਾਂ ਵਾਂਗ ਖੁਲ੍ਹੇ ਅਜਿਹੇ ਨਸ਼ਾ ਛੁਡਾਊ ਕੇਂਦਰਾਂ ਨੂੰ ਤੁਰੰਤ ਬੰਦ ਕਰਕੇ ਜਵਾਨੀ ਦੇ ਘਾਣ ਨੂੰ ਬਚਾਇਆ ਜਾਵੇ। ਦੂਜੇ ਪਾਸੇ ਜਿਹੜੇ ਨਸ਼ਾ ਛੁਡਾਊ ਕੇਂਦਰਾਂ ਨੂੰ ਪੰਜਾਬ ਦੇ ਸਿਹਤ ਵਿਭਾਗ ਵਲੋਂ ਲਾਇਸੰਸ ਜਾਰੀ ਹੁੰਦਾ ਹੈ ਉਸ ਸਬੰਧੀ ਸਖਤੀ ਨਾਲ ਪੜਤਾਲ ਕੀਤੀ ਜਾਵੇ ਤਾਂ ਕਿ ਨਸ਼ਾ ਛੁਡਾਉਣ ਦੀ ਥਾਂ ਮਾਪਿਆਂ ਦੀ ਲੁੱਟ ਅਤੇ ਜਵਾਨੀ ਤਸ਼ੱਦਦ ਦਾ ਸ਼ਿਕਾਰ ਨਾ ਹੋਵੇ। ਦਰਅਸਲ ਨਸ਼ਿਆਂ ਦੀ ਦਲਦਲ ਵਿੱਚ ਧਸੇ ਨੌਜਵਾਨ ਗੁਮਰਾਹ ਹੋਏ ਨੌਜਵਾਨ ਹਨ। ਇਨ੍ਹਾਂ ਦਾ ਇਲਾਜ਼ ਮਾਰ ਕੁੱਟ, ਜਲਾਲਤ, ਝਿੜਕਾਂ, ਸਮਾਜਿਕ ਬਾਈਕਾਟ, ਸੰਗਲਾਂ ਨਾਲ ਬੰਨਕੇ ਰੱਖਣਾ ਜਾਂ ਗਾਲੀ ਗਲੋਚ ਨਹੀਂ ਹੈ। ਇਨ੍ਹਾਂ ਭਟਕੇ ਹੋਏ ਨੌਜਵਾਨਾਂ ਨੂੰ ਧਰਮ, ਸਾਹਿਤ, ਕਿਰਤ ਅਤੇ ਖੇਡਾਂ ਦੇ ਸੰਕਲਪ ਨਾਲ ਜੋੜ ਕੇ ਮੁੱਖ ਧਾਰਾ ਵਿੱਚ ਲਿਆਂਦਾ ਜਾ ਸਕਦਾ ਹੈ। ਨਾਲ ਹੀ ਸਰੀਰਕ ਤਕਲੀਫ ਲਈ ਦਵਾਈ ਦਾ ਪ੍ਰਬੰਧ ਜਰੂਰੀ ਹੈ। ਇਨ੍ਹਾਂ ਥਿੜਕੇ ਹੋਏ ਜਵਾਨਾਂ ਨੂੰ ਮਾਨਸਿਕ ਤੌਰ ਤੇ ਅਰੋਗੀ ਕਰਨਾ, ਅਤਿਅੰਤ ਜ਼ਰੂਰੀ ਹੈ। ਚੰਗਾ ਪੁੱਤ, ਚੰਗਾ ਬਾਪ, ਚੰਗਾ ਪਤੀ ਅਤੇ ਚੰਗਾ ਨਾਗਰਿਕ ਬਣਨ ਦੀ ਪ੍ਰੇਰਨਾ ਦੇਣ ਵਾਲੇ ਇਨ੍ਹਾਂ ਨੌਜਵਾਨਾਂ ਲਈ ਰੋਲ ਮਾਡਲ ਹੋਣੇ ਚਾਹੀਦੇ ਹਨ। ਕਿਸੇ ਨੂੰ ਉਸਾਰੂ ਪ੍ਰੇਰਨਾ ਤਦ ਹੀ ਪੂਰੀ ਤਰ੍ਹਾਂ ਅਸਰ ਕਰਦੀ ਹੈ ਜੇਕਰ ਪ੍ਰੇਰਨਾ ਦੇਣ ਵਾਲਾ ਆਪ ਉਸਾਰੂ ਸਿਧਾਤਾਂ ਤੇ ਡੱਟ ਕੇ ਪਹਿਰਾ ਦੇਣ ਲਈ ਯਤਨਸ਼ੀਲ ਹੋਵੇ। ਹਾਂ, ਇਸ ਖੇਤਰ ਵਿੱਚ ਦੁਖੀ ਮਾਪਿਆਂ ਦਾ ਆਰਥਿਕ ਸ਼ੋਸ਼ਣ ਕਰਨ ਵਾਲੇ ਅਤੇ ਜਵਾਨੀ ਨੂੰ ਸਿਵਿਆਂ ਦੇ ਰਾਹ ਪਾਉਣ ਵਾਲਿਆਂ ਨੂੰ ਸਮਾਂ ਆਉਣ ਤੇ ਆਪਣੇ ਬੀਜੇ ਕੰਡੇ ਆਪ ਚੁਗਣੇ ਪੈਣਗੇ।

## ਬੰਗਲਾ ਦੇਸ਼ ਦੀ ਬੀਬੀ ਖਾਲਿਦਾ ਜਿਆ ਨੂੰ ਅਦਾਲਤੀ ਰਾਹਤ ਮਿਲੀ

ਢਾਕਾ (ਪੰਜਾਬੀ ਅਖ਼ਬਾਰ ਬਿਊਰੋ) ਬੰਗਲਾਦੇਸ਼ ਦੀ ਹਾਈ ਕੋਰਟ ਨੇ ਸਾਬਕਾ ਪ੍ਰਧਾਨ ਮੰਤਰੀ ਅਤੇ ਬੰਗਲਾਦੇਸ਼ ਨੈਸ਼ਨਲਿਸਟ ਪਾਰਟੀ (ਬੀਐੱਨਪੀ) ਦੀ ਪ੍ਰਧਾਨ ਖਾਲਿਦਾ ਜ਼ਿਆ ਨੂੰ ਭ੍ਰਿਸ਼ਟਾਚਾਰ ਦੇ ਮਾਮਲੇ ਵਿੱਚ ਬਰੀ ਕਰ ਦਿੱਤਾ। ਇਸ ਮਾਮਲੇ ਵਿੱਚ ਹੇਠਲੀ ਅਦਾਲਤ ਨੇ ਉਨ੍ਹਾਂ ਨੂੰ ਸੱਤ ਸਾਲ ਦੀ ਸਜ਼ਾ ਸੁਣਾਈ ਸੀ। ਵਰਨਣਯੋਗ ਹੈ ਕਿ ਖਾਲਿਦਾ ਜ਼ਿਆ ਨੂੰ 2018 ਵਿੱਚ ਜ਼ਿਆ



ਚੈਰੀਟੇਬਲ ਟਰਸਟ ਭ੍ਰਿਸ਼ਟਾਚਾਰ ਮਾਮਲੇ ਵਿੱਚ ਢਾਕਾ ਦੀ ਅਦਾਲਤ ਨੇ ਦੋਸ਼ੀ ਠਹਿਰਾਇਆ ਸੀ। ਸਾਬਕਾ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਦੀ ਅਵਾਮੀ ਲੀਗ ਸਰਕਾਰ ਦੇ ਕਾਰਜਕਾਲ ਦੌਰਾਨ ਉਨ੍ਹਾਂ ਨੂੰ ਸੱਤ ਸਾਲ ਦੀ ਸਜ਼ਾ ਸੁਣਾਈ ਗਈ ਸੀ ਅਤੇ ਉਨ੍ਹਾਂ 'ਤੇ ਦਸ ਲੱਖ ਟਕਾ ਦਾ ਜੁਰਮਾਨਾ ਵੀ ਲਾਇਆ ਗਿਆ ਸੀ।ਸੂਚਨਾ ਮੁਤਾਬਕ ਜਸਟਿਸ ਏਕੇਐੱਮ ਅਸਦੁਜ਼ਮਾਨ ਅਤੇ ਜਸਟਿਸ ਸਈਦ ਇਨਾਇਤ ਹੁਸੈਨ ਦੇ ਬੈਂਚ ਨੇ ਜ਼ਿਆ ਦੀ ਅਪੀਲ ਮਨਜ਼ੂਰ ਕਰਦਿਆਂ ਹੇਠਲੀ ਅਦਾਲਤ ਵੱਲੋਂ ਦੋਸ਼ੀ ਠਹਿਰਾਏ ਜਾਣ ਦੇ ਫ਼ੈਸਲੇ ਨੂੰ ਪਲਟ ਦਿੱਤਾ। ਅਨਾਥ ਆਸ਼ਰਮ ਟਰੱਸਟ ਭ੍ਰਿਸ਼ਟਾਚਾਰ ਮਾਮਲੇ ਵਿੱਚ ਵਿਸ਼ੇਸ਼ ਅਦਾਲਤ ਵੱਲੋਂ ਪੰਜ ਸਾਲ ਦੀ ਸਜ਼ਾ ਸੁਣਾਏ ਜਾਣ ਮਗਰੋਂ 8 ਫਰਵਰੀ 2018 ਨੂੰ ਬੀਐਨਪੀ ਮੁਖੀ ਜ਼ਿਆ ਨੂੰ ਪੁਰਾਣੀ ਢਾਕਾ ਕੇਂਦਰੀ ਜੇਲ੍ਹ ਵਿੱਚ ਭੇਜ ਦਿੱਤਾ ਗਿਆ ਸੀ।

## ਇਜ਼ਰਾਈਲ ਵਿਚ ਮਸਜਿਦਾਂ ਦੇ ਸਪੀਕਰ ਉਤਾਰੇ ਜਾਣ ਲੱਗੇ

ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਇਜ਼ਰਾਈਲ 'ਚ ਮਸਜਿਦਾਂ 'ਚ ਸਪੀਕਰਾਂ 'ਤੇ ਅਜ਼ਾਨ 'ਤੇ ਪਾਬੰਦੀ ਲਗਾ ਦਿੱਤੀ ਗਈ ਹੈ। ਰੱਖਿਆ ਮੰਤਰੀ ਇਤਾਮਾਰ ਬੇਨ ਗਵੀਰ ਨੇ ਪੁਲਿਸ ਨੂੰ ਮਸਜਿਦਾਂ ਵਿਚ ਲਗਾਏ ਸਪੀਕਰਾਂ ਨੂੰ ਜ਼ਬਤ ਕਰਨ ਅਤੇ ਰੌਲਾ ਪਾਉਣ 'ਤੇ ਜੁਰਮਾਨਾ ਲਗਾਉਣ ਦੇ ਹੁਕਮ ਦਿੱਤੇ ਹਨ। ਟਾਈਮਜ਼ ਆਫ ਇਜ਼ਰਾਈਲ ਮੁਤਾਬਕ ਪੂਰਬੀ ਯੇਰੂਸ਼ਲਮ ਅਤੇ ਹੋਰ ਕਈ ਇਲਾਕਿਆਂ ਦੀਆਂ ਮਸਜਿਦਾਂ ਤੋਂ ਉੱਚੀ ਆਵਾਜ਼ ਆਉਣ ਦੀਆਂ ਸ਼ਿਕਾਇਤਾਂ ਮਿਲੀਆਂ ਹਨ। ਸਪੀਕਰ 'ਤੇ ਪਾਬੰਦੀ ਦੀ ਮੰਗ ਕਰਨ ਵਾਲਿਆਂ ਦਾ ਕਹਿਣਾ ਹੈ ਕਿ ਇਸ ਦੀ ਉੱਚੀ ਆਵਾਜ਼ ਸਵੇਰ ਦੀ ਨੀਂਦ ਵਿਚ ਵਿਘਨ ਪਾਉਂਦੀ ਹੈ। ਬੇਨਗਵੀਰ ਨੇ ਪੁਲਿਸ ਕਮਾਂਡਰਾਂ ਨੂੰ ਕਿਹਾ ਕਿ ਉਹ ਜਲਦੀ ਹੀ ਇੱਕ ਬਿੱਲ ਪੇਸ਼ ਕਰਨਗੇ ਜਿਸ ਨਾਲ ਰੌਲਾ ਪਾਉਣ ਵਾਲੀਆਂ ਮਸਜਿਦਾਂ 'ਤੇ ਜੁਰਮਾਨੇ ਨੂੰ ਵਧਾਇਆ ਜਾਵੇਗਾ। ਇਸ ਫੈਸਲੇ ਖਿਲਾਫ ਇਜ਼ਰਾਈਲ 'ਚ ਹੀ ਵਿਰੋਧ ਦੀ ਆਵਾਜ਼ ਉਠਣੀ ਸ਼ੁਰੂ ਹੋ ਗਈ ਹੈ। ਕੁੱਝ ਸ਼ਹਿਰਾਂ ਦੇ ਮੇਅਰਾਂ ਨੇ ਕਿਹਾ- ਅਸੀਂ ਬੇਨ ਗਵੀਰ ਦੇ ਇਸ ਕਦਮ ਨੂੰ ਮੁਸਲਮਾਨਾਂ ਦੇ ਖਿਲਾਫ ਭੜਕਾਹਟ ਦੇ ਤੌਰ 'ਤੇ ਦੇਖਦੇ ਹਾਂ, ਇਸ ਨਾਲ ਦੰਗੇ ਫੈਲ ਸਕਦੇ ਹਨ।




## ਆਪਣੀ ਪਤਨੀ ਮਾਰਨ ਵਾਲੇ ਗਿਲਸ ਨੂੰ 10 ਸਾਲ ਤੱਕ ਪੈਰੋਲ ਨਹੀਂ ਮਿਲੇਗੀ

ਮਾਂਟਰੀਅਲ (ਪੰਜਾਬੀ ਅਖ਼ਬਾਰ ਬਿਊਰੋ) ਕੁਬੈਕ ਦੇ ਇੱਕ ਬਜ਼ੁਰਗ ਨੂੰ ਆਪਣੀ ਪਤਨੀ ਦੀ ਹੱਤਿਆ ਦੇ ਦੋਸ਼ ਵਿੱਚ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਹੈ। ਗਿਲਸ ਬ੍ਰਾਸਾਰਡ ਨਾਮ ਦੇ ਇਸ ਵਿਅਕਤੀ ਨੂੰ ਉਮਰ ਕੈਦ ਦੀ ਸਜ਼ਾ ਦੇ ਨਾਲ ਨਾਲ ਸਾਡੇ 10 ਸਾਲ ਤੱਕ ਪੈਰੋਲ ਵੀ ਨਹੀਂ ਮਿਲ ਸਕੇਗੀ ਵਰਨਣਯੋਗ ਹੈ ਕਿ ਇਸ ਵਿਅਕਤੀ ਦੀ 79 ਸਾਲਾ ਪਤਨੀ ਅਲਜ਼ਾਇਮਰ ਤੋਂ ਪੀੜਿਤ ਸੀ ਅਤੇ ਇਸ ਵਿਅਕਤੀ ਨੇ ਮੰਨਿਆ ਹੈ ਕਿ ਉਸ ਨੇ ਆਪਣੀ ਪਤਨੀ ਦੀ ਹੱਤਿਆ ਨਫਰਤ ਵਜੋਂ ਨਹੀਂ ਸਗੋਂ ਪਿਆਰ ਵੱਸ ਕੀਤੀ ਹੈ। ਦੋਸ਼ੀ ਵਿਅਕਤੀ ਨੇ ਇਹ ਵੀ ਮੰਨਿਆ ਕਿ ਉਸ ਦੀ ਪਤਨੀ ਦੀ ਹਾਲਤ ਲਗਾਤਾਰ ਨਿਗਰਦੀ ਜਾ ਰਹੀ ਸੀ ਤੇ ਬਦ ਤੋਂ ਬਦਤਰ ਹੋਣ ਵੱਲ ਵੱਧ ਰਹੀ ਸੀ।

## ਪੁਲਾੜ ਵਿੱਚ ਫਸੇ ਹੋਏ ਪੁਲਾੜ ਯਾਤਰੀਆਂ ਨੇ ਥੈਂਕਸਗਿਵਿੰਗ ਦਿਵਸ ਮਨਾਇਆ

ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) ਨਾਸਾ ਪੁਲਾੜ ਯਾਤਰੀ ਸੁਨੀਤਾ ਵਿਲੀਅਮਜ਼, ਪੁਲਾੜ ਯਾਤਰੀ ਬਿਚ ਵਿਲਮੋਰ ਅਤੇ 2 ਹੋਰ ਸਹਿਯੋਗੀਆਂ ਨਾਲ ਥੈਂਕਸਗਿਵਿੰਗ ਦਿਵਸ ਮਨਾਇਆ, ਜੋ ਪਿਛਲੇ 6 ਮਹੀਨਿਆਂ ਤੋਂ ਪੁਲਾੜ ਸਟੇਸ਼ਨ 'ਤੇ ਹਨ। ਸੁਨੀਤਾ ਵਿਲੀਅਮਜ਼ ਅਤੇ ਹੋਰ ਪੁਲਾੜ ਯਾਤਰੀਆਂ ਨੇ ਥੈਂਕਸਗਿਵਿੰਗ ਡੇ ਮਨਾਉਣ ਦਾ ਵੀਡੀ- ਵੀ ਜਾਰੀ ਕੀਤਾ ਹੈ। ਇਸ ਵੀਡੀ- 'ਚ ਸਾਰੇ ਪੁਲਾੜ ਯਾਤਰੀ ਪੈਕਡ ਫੂਡ ਦੇ ਪੈਕੇਟ ਕੱਢਦੇ ਨਜ਼ਰ ਆ ਰਹੇ ਹਨ। ਇਨ੍ਹਾਂ ਪੈਕਟਾਂ ਵਿੱਚ ਸਮੋਕ ਕੀਤੀ ਟਰਕੀ, ਕਰੈਨਬੇਰੀ ਸੌਸ ਅਤੇ ਹੋਰ ਖਾਣ-ਪੀਣ ਦੀਆਂ ਵਸਤੂਆਂ ਸਨ। ਅੱਜ ਸਾਰੇ ਪੁਲਾੜ ਯਾਤਰੀ ਆਪਣੇ ਰੋਜ਼ਾਨਾ ਦੇ ਕੰਮ ਤੋਂ ਛੁੱਟੀ 'ਤੇ ਰਹੇ ਅਤੇ ਇਸ ਦੇ ਨਾਲ ਹੀ ਉਨਾਂ ਆਪਣੇ ਪਰਿਵਾਰਕ ਮੈਂਬਰਾਂ ਨਾਲ ਵੀ ਵੀਡੀ-ਕਾਲ 'ਤੇ ਗੱਲਬਾਤ ਵੀ ਕੀਤੀ। ਅਮਰੀਕੀ ਰਾਸ਼ਟਰਪਤੀ ਅਬ੍ਰਾਹਮ ਲਿੰਕਨ ਨੇ 1863 ਵਿੱਚ ਇਸਨੂੰ ਰਾਸ਼ਟਰੀ ਛੁੱਟੀ ਘੋਸ਼ਿਤ ਕੀਤਾ ਸੀ। ਸੁਨੀਤਾ ਵਿਲੀਅਮਜ਼ ਅਤੇ ਬੁਚ ਵਿਲਮੋਰ ਨੂੰ ਇਸ ਸਾਲ 5 ਜੂਨ ਨੂੰ ਬੋਇੰਗ ਦੇ ਨਵੇਂ ਸਟਾਰਲਾਈਨਰ ਕੈਪਸੂਲ ਵਿੱਚ ਆਈਐੱਸਐੱਸ ਵਿੱਚ ਭੇਜਿਆ ਗਿਆ ਸੀ। ਅੱਜ ਉਨ੍ਹਾਂ ਨੂੰ ਪੁਲਾੜ ਵਿੱਚ ਫਸੇ 176 ਦਿਨ ਹੋ ਗਏ ਹਨ।













# ਤੁਸੀਂ ਵੀ ਜਾਣੋ! ਕਿਹੜੀ ਕੰਪਨੀ ਦਾ ਕਿਹੜਾ ਕਾਰ ਮਾਡਲ ਸਭ ਤੋਂ ਵੱਧ ਚੋਰੀ ਹੁੰਦਾ ਹੈ।

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਵਿੱਚ ਸਭ ਤੋਂ ਜਿਆਦਾ ਚੋਰੀ ਹੁੰਦੀਆਂ ਗੱਡੀਆਂ ਦੀ ਇੱਕ ਸੂਚੀ ਜਾਰੀ ਕੀਤੀ ਗਈ ਹੈ ਇਸ ਲਈ ਜੇਕਰ ਤੁਸੀਂ ਇਹਨਾਂ ਗੱਡੀਆਂ ਚੋਂ ਕਿਸੇ ਗੱਡੀ ਦੇ ਮਾਲਕ ਹੋ ਤਾਂ ਤੁਸੀਂ ਸਾਵਧਾਨ ਹੋ ਜਾ- ਕਿਉਂਕਿ ਚੋਰਾਂ ਦੀ ਨਜ਼ਰ ਤੁਹਾਡੀ ਗੱਡੀ ਉੱਪਰ ਹੋ ਸਕਦੀ ਹੈ। ਜਾਰੀ ਕੀਤੇ ਗਏ ਜਾਰੀ ਕੀਤੇ ਗਏ ਅੰਕੜਿਆਂ ਵਿੱਚ ਕੈਨੇਡਾ ਵਿੱਚ ਸਭ ਤੋਂ ਵੱਧ ਦਸ ਚੋਰੀ ਹੁੰਦੇ ਮਾਡਲਾਂ ਬਾਰੇ ਦੱਸਿਆ ਗਿਆ ਹੈ ਕਿ ਜੋ ਸਭ ਤੋਂ ਵੱਧ ਗੱਡੀਆਂ ਚੋਰੀ ਹੁੰਦੀਆਂ ਹਨ ਉਹਨਾਂ ਵਿੱਚ ਟੋਪ 'ਤੇ ਟੋਇਟਾ ਦੀ ਹਾਈਲੈਂਡਰ ਗੱਡੀ ਹੈ ਅਤੇ ਹਾਈਲੈਂਡਰ 3414 ਵਾਰ ਚੋਰੀ ਹੋਈ ਹੈ ਅਤੇ ਉਹਨਾਂ ਵਿੱਚੋਂ ਵੀ ਸਾਲ 2021 ਵਾਲਾ ਐਸਯੂਵੀ ਮਾਡਲ ਸਭ ਤੋਂ ਜਿਆਦਾ ਟਾਰਗੇਟ ਕੀਤਾ ਗਿਆ ਹੈ। ਇਸ ਤੋਂ ਬਾਅਦ ਡੋਜ ਰੈਮ 1500 ਸੀਰੀਜ਼ ਦਾ ਨੰਬਰ ਆਉਂਦਾ ਹੈ ਤੇ ਫਿਰ ਲੈਕਸਸ ਆਰਐਕਸ ਅਤੇ ਹੌਂਡਾ ਸੀਆਰਵੀ ਦਾ ਨੰਬਰ ਹੈ। ਇਕੁਇਟ ਐਸੋਸੀਏਸ਼ਨ ਵੱਲੋਂ ਜਾਰੀ ਰਿਪੋਰਟ ਵਿੱਚ ਆਖਿਆ ਗਿਆ ਹੈ ਕਿ ਪੰਜਵੇਂ ਨੰਬਰ 'ਤੇ ਟੋਇਟਾ ਰੈਵਫੋਰ ਛੇਵੇਂ 'ਤੇ ਹੋਡਾ ਸਿਵਕ, ਸੱਤਵੇਂ 'ਤੇ ਜੀਪ ਰੈਂਗਲਰ, ਅੱਠਵੇਂ 'ਤੇ ਲੈਂਡ ਰੋਵਰ ਰੇਂਜ ਰੋਵਰ ਸੀਰੀਜ ਨੌਵੇਂ 'ਤੇ ਸ਼ੈਵਰਲੇ ਜੀਐਮਸੀ ਸਬਰਬਨ ਤੇ ਯੂਕੋਨ ਸੀਰੀਜ ਅਤੇ ਦਸਵੇਂ ਨੰਬਰਤੇ ਸ਼ੈਵਰਲੇ ਦਾ ਹੀ ਜੀਐਮ ਸਿਲਵਰੈਡੋ ਅਤੇ ਸੀਅਰਾ 1500 ਸੀਰੀਜ਼ ਆਉਂਦਾ ਹੈ। ਰਿਪੋਰਟ ਅਨੁਸਾਰ ਸਾਲ 2021 ਅਤੇ 2023 ਦੇ ਦਰਮਿਆਨ ਓਂਟੈਰੀਓ ਵਿੱਚ ਗੱਡੀਆਂ ਦੀ ਚੋਰੀ ਵਿੱਚ 48.2 ਫੀਸ ਦਾ ਵਾਧਾ ਹੋਇਆ ਜਦੋਂ ਕਿ ਕੁਬੈਕ ਵਿੱਚ 57.9 ਐਟਲਾਂਟਿਕ ਕੈਨੇਡਾ ਵਿੱਚ 34 ਫੀਸਦ ਤੇ ਅਲਬਰਟਾ ਵਿੱਚ 5.5 ਫੀਸਦ ਦਾ ਵਾਧਾ ਹੋਇਆ ਹੈ




## ਨੋਵਾ ਸ਼ਕੋਸ਼ੀਆ ਚੋਣਾਂ ਦੌਰਾਨ ਕੰਜ਼ਰਵੇਟਿਵ ਪਾਰਟੀ ਨੇ ਹੂੰਝਾਫੇਰ ਜਿੱਤ ਨਾਲ 43 ਸੀਟਾਂ ਜਿੱਤੀਆਂ

ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) ਬੀਤੇ ਦਿਨੀ ਨੋਵਾ ਸਕੋਸ਼ੀਆ ਦੀਆਂ ਹੋਈਆਂ ਵਿਧਾਨ ਸਭਾ ਚੋਣਾਂ ਵਿੱਚ ਟਿਮ ਹਿਊਸਟਨ ਦੀ ਅਗਵਾਈ ਵਾਲੀ ਪ੍ਰੋਗਰੈਸਿਵ ਕੰਜ਼ਰਵਟਿਵ ਪਾਰਟੀ ਨੇ ਸ਼ਾਨਦਾਰ ਜਿੱਤ ਪ੍ਰਾਪਤ ਕੀਤੀ ਹੈ ਤੇ ਹਿਊਸਟਨ ਦੂਜੀ ਵਾਰ ਸੂਬੇ ਦੇ ਪ੍ਰੀਮੀਅਰ ਬਣੇ ਹਨ। ਇਸ ਜਿੱਤ ਉਪਰੰਤ ਉਹਨਾਂ ਨੇ ਆਖਿਆ ਕਿ ਇਹ ਮੇਰੇ ਵਾਸਤੇ ਬੇਹਦ ਮਾਣ ਵਾਲੀ ਗੱਲ ਹੈ ਕਿ ਮੈਨੂੰ ਨੋਵਾ ਸਕੋਸ਼ੀਆ ਦੇ ਲੋਕਾਂ ਦੀ ਹੋਰ ਚਾਰ ਸਾਲ ਸੇਵਾ ਕਰਨ ਦਾ ਮੌਕਾ ਦਿੱਤਾ ਗਿਆ ਹੈ। ਵਰਨਣ ਯੋਗ ਹੈ ਕਿ ਨੋਵਾ ਸਕੋਸ਼ੀਆ ਦੇ ਚੋਣ ਨਤੀਜਿਆਂ ਵਿੱਚ ਕੰਜਰਵੇਟਿਵ ਪਾਰਟੀ ਨੇ 43 ਸੀਟਾਂ ਉੱਪਰ ਜਿੱਤ ਪ੍ਰਾਪਤ ਕੀਤੀ ਹੈ ਜਦੋਂ ਕਿ ਕਲੋਡੀਆ ਸੈਂਡਰ ਦੀ ਅਗਵਾਈ ਵਾਲੀ ਐਨਡੀਪੀ 9 ਸੀਟਾਂ ਜਿੱਤ ਕੇ ਮੁੱਖ ਵਿਰੋਧੀ ਧਿਰ ਬਣੀ ਹੈ । ਪਰ ਲਿਬਰਲ ਪਾਰਟੀ ਦੋ ਸੀਟਾਂ ਤੇ ਹੀ ਜਿੱਤ ਸਕੀ। ਮੁੱਖ ਵਿਰੋਧੀ ਧਿਰ ਬਣਨ ਉਪਰੰਤ ਐਨ ਡੀ ਪੀ ਲੀਡਰ ਕਲੋਡੀਆ ਸੈਂਡਰ ਨੇ ਕਿਹਾ ਕਿ ਸੂਬੇ ਵਿੱਚ ਉਨਾਂ ਦੀ ਪਾਰਟੀ ਪ੍ਰਗਤੀ ਵੱਲ ਵਧ ਰਹੀ ਹੈ।

## ਸਟੂਡੈਂਟ ਵੀਜ਼ੇ ਉੱਪਰ ਆਇਆ ਅਰਸ਼ਦੀਪ ਸਿੰਘ ਔਰਤਾਂ ਨਾਲ ਛੇੜਛਾੜ ਦੇ ਕਈ ਮਾਮਲਿਆਂ ਵਿਚ ਫਸ ਗਿਆ ਹੈ।

ਟੋਰਾਂਟੋ (ਪੰਜਾਬੀ ਅਖ਼ਬਾਰ ਬਿਊਰੋ) ਬਰੈਂਪਟਨ ਵਿੱਚ ਇੱਕ ਪੰਜਾਬੀ ਮੂਲ ਦੇ ਵਿਅਕਤੀ ਨੂੰ ਅਪਹਰਣ ਅਤੇ ਜਿਸਮਾਨੀ ਛੇੜਛਾੜ ਦੇ ਮਾਮਲਿਆਂ ਵਿੱਚ ਗ੍ਰਫਤਾਰ ਕੀਤਾ ਗਿਆ ਹੈ। ਪੀਲ ਰੀਜਨਲ ਪੁਲਿਸ ਨੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਹੈ ਕਿ 22 ਸਾਲ ਦੀ ਉਮਰ ਦਾ ਅਰਸ਼ਦੀਪ ਸਿੰਘ ਜੋ ਕਿ ਰਾਈਡ ਸ਼ੇਅਰ ਡਰਾਈਵਰ ਦੇ ਤੌਰ ਆਪਣੀ ਪਛਾਣ ਦੱਸਦਾ ਸੀ ਨੇ ਬਰੈਂਪਟਨ ਅਤੇ ਨਾਲ ਲੱਗਦੇ ਖੇਤਰਾਂ ਵਿੱਚ ਕਈ ਔਰਤਾਂ ਨਾਲ ਜਿਸਮਾਨੀ ਛੇੜਛਾੜ ਕੀਤੀ ਹੈ। ਤਿੰਨ ਔਰਤਾਂ ਨੇ ਇਸ ਸਬੰਧੀ ਪੁਲਿਸ ਨੂੰ ਸ਼ਿਕਾਇਤ ਦਰਜ ਕਰਵਾਈ ਹੈ। ਇਸ ਵਿਅਕਤੀ ਵੱਲੋਂ ਔਰਤਾਂ ਨਾਲ ਛੇੜਛਾੜ ਦੇ ਇਹ ਮਾਮਲੇ ਵੱਖ-ਵੱਖ ਥਾਵਾਂ ਤੇ ਕੀਤੇ ਗਏ ਹਨ। ਅਰਸ਼ਦੀਪ ਸਿੰਘ ਨੂੰ 20 ਨਵੰਬਰ ਨੂੰ ਲੰਡਨ ਤੋਂ ਗ੍ਰਿਫਤਾਰ ਕੀਤਾ ਗਿਆ ਸੀ ਅਤੇ ਉਸ ਉੱਪਰ ਕਈ ਧਾਰਾਵਾਂ ਅਧੀਨ ਮਾਮਲੇ ਦਰਜ ਕੀਤੇ ਗਏ ਹਨ। ਪੀਲ ਰੀਜਨਲ ਪੁਲਿਸ ਦੇ ਡਿਪਟੀ ਚੀਫ ਨਿਕ ਲੀਨੋਵਿਕ ਨੇ ਆਖਿਆ ਕਿ ਇਸ ਵਿਅਕਤੀ ਦੀਆਂ ਸ਼ਿਕਾਰ ਹੋਰ ਔਰਤਾਂ ਵੀ ਹੋ ਸਕਦੀਆਂ ਹਨ। ਇਸ ਕਰਕੇ ਜਿਨਾਂ ਨਾਲ ਵੀ ਇਸ ਵਿਅਕਤੀ ਨੇ ਕੋਈ ਗਲਤ ਕਾਰਾ ਕੀਤਾ ਹੈ ਤਾਂ ਉਹ ਸਾਹਮਣੇ ਆਉਣ। ਪੁਲਿਸ ਨੇ ਦੱਸਿਆ ਕਿ ਅਰਸ਼ਦੀਪ ਸਿੰਘ ਸਾਲ 2022 ਦੇ ਦਸੰਬਰ ਮਹੀਨੇ ਵਿੱਚ ਸਟੂਡੈਂਟ ਵੀਜ਼ੇ ਤੇ ਕੈਨੇਡਾ ਆਇਆ ਸੀ।




## ਫੁੱਟਬਾਲ ਦੇ ਸ਼ੌਕੀਨਾਂ ਦੀ ਆਪਸੀ ਝੜਪ ਦੌਰਾਨ ਸੈਕੜੇ ਮੌਤਾਂ ਹੋਈਆਂ

ਵਿਨੀਪੈਗ (ਪੰਜਾਬੀ ਅਖ਼ਬਾਰ ਬਿਊਰੋ) ਅਫ਼ਰੀਕੀ ਦੇਸ਼ ਗਿਨੀ ਦੇ ਦੂਜੇ ਸਭ ਤੋਂ ਵੱਡੇ ਸ਼ਹਿਰ ਜੇਰੇਕੋਰ 'ਚ ਫੁੱਟਬਾਲ ਮੈਚ ਦੌਰਾਨ ਹੋਈ ਹਿੰਸਾ 'ਚ ਕਰੀਬ 100 ਲੋਕਾਂ ਦੀ ਮੌਤ ਹੋ ਗਈ ਹੈ । ਨਿਊਯਾਰਕ ਟਾਈਮਜ਼ ਮੁਤਾਬਕ ਲਾਬੇ ਅਤੇ ਜੇਰੇਕੋਰ ਫੁੱਟਬਾਲ ਟੀਮਾਂ ਵਿਚਾਲੇ ਮੈਚ ਚੱਲ ਰਿਹਾ ਸੀ। ਇਸ ਦੌਰਾਨ ਮੈਚ ਰੈਫਰੀ ਨੇ ਇੱਕ ਵਿਵਾਦਪੂਰਨ ਫੈਸਲਾ ਦਿੱਤਾ, ਜਿਸ ਕਾਰਨ ਦੋਵਾਂ ਟੀਮਾਂ ਵਿਚਾਲੇ ਲੜਾਈ ਹੋ ਗਈ। ਲੜਾਈ ਹੁੰਦੀ ਦੇਖ ਦਰਸ਼ਕ ਵੀ ਮੈਦਾਨ ਵਿੱਚ ਆ ਗਏ ਅਤੇ ਹਿੰਸਾ ਸ਼ੁਰੂ ਕਰ ਦਿੱਤੀ। ਮਿਲੀਆਂ ਰਿਪੋਰਟਾਂ ਦੇ ਅਨੁਸਾਰ, ਲੋਕਾਂ ਨੇ ਇੱਕ ਪੁਲਿਸ ਸਟੇਸ਼ਨ ਵਿੱਚ ਵੀ ਭੰਨਤੋੜ ਕੀਤੀ ਅਤੇ ਅੱਗ ਲਗਾ ਦਿੱਤੀ। ਘਟਨਾ ਦੀ ਜਾਣਕਾਰੀ ਦਿੰਦਿਆਂ ਸਥਾਨਕ ਹਸਪਤਾਲ ਦੇ ਇੱਕ ਡਾਕਟਰ ਨੇ ਦੱਸਿਆ ਕਿ ਹਸਪਤਾਲ 'ਚ ਜਿੱਥੇ ਤੱਕ ਨਜ਼ਰ ਜਾਂਦੀ ਹੈ -ਥੋਂ ਤੱਕ ਲਾਸ਼ਾਂ ਕਤਾਰਾਂ 'ਚ ਪਈਆਂ ਹਨ। ਬਾਕੀ ਗਲਿਆਰੇ ਵਿੱਚ ਫਰਸ਼ 'ਤੇ ਪਏ ਹਨ ਤੇ ਮੁਰਦਾ ਘਰ ਭਰਿਆ ਹੋਇਆ ਹੈ। ਵਰਨਣਯੋਗ ਹੈ ਕਿ ਇਹ ਮੈਚ ਗਿੰਨੀ ਆਰਮੀ ਦੇ ਜਨਰਲ ਮਾਮਾਡੀ ਡੋਮਬੋਇਆ ਦੇ ਸਨਮਾਨ ਵਿੱਚ ਕਰਵਾਇਆ ਜਾ ਰਿਹਾ ਸੀ। ਡੋਮਬੋਇਆ ਨੇ 2021 ਵਿੱਚ ਗਿਨੀ 'ਚ ਤਖਤਾਪਲਟ ਕਰਕੇ ਸੱਤਾ 'ਤੇ ਕਬਜ਼ਾ ਕੀਤਾ ਸੀ ।

## ਪੁਲਿਸ ਅਧਿਕਾਰੀ ਵੱਲੋਂ ਚਲਾਈ ਗੋਲੀ ਆਪਣੇ ਹੀ ਮੁਲਾਜਮ ਦੇ ਲੱਗ ਗਈ,ਹੁਣ ਜਾਂਚ ਸੁਰੂ

ਸਰੀ (ਪੰਜਾਬੀ ਅਖ਼ਬਾਰ ਬਿਊਰੋ) ਬ੍ਰਿਟਿਸ਼ ਕੋਲੰਬੀਆ ਦੇ ਮਿਡਵੇਅ ਕੋਲ ਇੱਕ ਆਰਸੀਐਮਪੀ ਅਧਿਕਾਰੀ ਦੁਆਰਾ ਚਲੀ ਗੋਲੀ ਦੂਜੇ ਆਰਸੀਐਮਪੀ ਅਧਿਕਾਰੀ ਨੂੰ ਲੱਗਣ ਦੀ ਜਾਂਚ ਸ਼ੁਰੂ ਕੀਤੀ ਗਈ ਹੈ। ਬੀਤੇ ਦਿਨੀ ਘਟਨਾ ਉਸ ਸਮੇਂ ਵਾਪਰੀ ਸੀ ਜਦੋਂ ਆਰਸੀਐਮਪੀ ਵੱਲੋਂ ਇੱਕ ਐਫ -350 ਟਰੱਕ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਗਈ ਪਰ ਜਦੋਂ ਇਹ ਟਰੱਕ ਨਹੀਂ ਰੁਕਿਆ ਤਾਂ ਆਰਸੀਐਮਪੀ ਦੇ ਅਧਿਕਾਰੀਆਂ ਵੱਲੋਂ ਉਸ ਦਾ ਟਰੱਕ ਦਾ ਕਾਫੀ ਦੂਰ ਤੱਕ ਪਿੱਛਾ ਕੀਤਾ ਗਿਆ। ਇਸ ਦੌਰਾਨ ਇਸ ਟਰੱਕ ਦੁਆਰਾ ਕਈ ਮਿਊਂਸੀਪੈਲਟੀਆਂ ਨੂੰ ਕਰਾਸ ਵੀ ਕੀਤਾ ਗਿਆ ਤੇ ਆਖਿਰਕਾਰ ਅਮਰੀਕਾ ਦੇ ਬਾਰਡਰ ਕੋਲ ਇਸ ਟਰੱਕ ਨੂੰ ਰੋਕਣ ਅਤੇ ਟਰੱਕ ਵਿੱਚ ਸਵਾਰ ਦੋ ਜਣਿਆਂ ਨੂੰ ਗ੍ਰਿਫਤਾਰ ਕਰਨ ਵਿੱਚ ਆਰਸੀਐਮਪੀ ਕਾਮਯਾਬ ਹੋ ਗਈ। ਇਸੇ ਦੌਰਾਨ ਇੱਕ ਆਰਸੀਐਮਪੀ ਅਧਿਕਾਰੀ ਦੁਆਰਾ ਗੋਲੀ ਚਲਾਈ ਗਈ ਜੋ ਕਿ ਦੂਜੇ ਆਰਸੀਐਮਪੀ ਅਧਿਕਾਰੀ ਨੂੰ ਲੱਗ ਗਈ ਜਿਸ ਨੂੰ ਜਖਮੀ ਹਾਲਤ ਵਿੱਚ ਹਸਪਤਾਲ ਦਾਖਲ ਕਰਵਾਇਆ ਗਿਆ ਪਰ ਬਾਅਦ ਵਿੱਚ ਉਸ ਨੂੰ ਉਥੋਂ ਛੁੱਟੀ ਦੇ ਦਿੱਤੀ ਗਈ ਇਸ ਜਾਂਚ ਦੀ ਅਗਵਾਈ ਹੁਣ ਕਲੋਨਾ ਆਰਸੀਐਮਪੀ ਵੱਲੋਂ ਕੀਤੀ ਜਾ ਰਹੀ ਹੈ।

Calgary

## ਛੁੱਟੀਆਂ ਦੇ ਇਸ ਮੌਸਮ ਵਿੱਚ, ਬੁੱਧਵਾਰ ਦੀ ਕਾਰਟ ਪਿਕਅੱਪ ਸੋਮਵਾਰ ਨੂੰ ਤਬਦੀਲ ਹੋ ਰਹੀ ਹੈ



ਬੁੱਧਵਾਰ ਦੀ ਆਮ ਪਿਕਅੱਪ ਦੀ ਬਜਾਏ, ਤੁਹਾਡੀ ਨੀਲੀ, ਕਾਲੀ ਅਤੇ/ਜਾਂ ਹਰੀ ਕਾਰਟ ਨੂੰ ਇੰਨ੍ਹਾਂ ਤਰੀਕਾਂ ਨੂੰ ਕਲੈਕਟ ਕੀਤਾ ਜਾਵੇਗਾ:

- **ਸੋਮਵਾਰ, 23 ਦਸੰਬਰ**
- **ਸੋਮਵਾਰ, 30 ਦਸੰਬਰ**

ਆਪਣੇ ਕਲੈਕਸ਼ਨ ਦੇ ਕਾਰਜਕ੍ਰਮ ਦੀ ਜਾਂਚ ਕਰਨ ਅਤੇ ਮੁਫ਼ਤ ਰੀਮਾਈਂਡਰਾਂ ਵਾਸਤੇ ਸਾਈਨ ਅੱਪ ਕਰਨ ਲਈ **calgary.ca/collection** 'ਤੇ ਜਾਓ। ਤੁਹਾਨੂੰ ਜਾਂ ਤਾਂ ਤੁਹਾਡੀ ਕਲੈਕਸ਼ਨ ਤੋਂ ਇੱਕ ਦਿਨ ਪਹਿਲਾਂ ਜਾਂ ਕਲੈਕਸ਼ਨ ਵਾਲੀ ਸਵੇਰ ਨੂੰ ਈਮੇਲ, ਐਪ, ਕੈਲੰਡਰ ਜਾਂ ਫ਼ੋਨ ਦੁਆਰਾ ਸੂਚਿਤ ਕੀਤਾ ਜਾ ਸਕਦਾ ਹੈ।

ਛੁੱਟੀਆਂ ਦੀਆਂ ਸ਼ੁਭਕਾਮਵਾਨਾਂ!

ਦਸੰਬਰ 2024 / ਜਨਵਰੀ 2025

| ਸੋਮਵਾਰ | ਮੰਗਲਵਾਰ | ਬੁੱਧਵਾਰ | ਵੀਰਵਾਰ | ਸ਼ੁਕਰਵਾਰ |
|---|---|---|---|---|
| 23 ਦਸੰਬਰ | 24 ਦਸੰਬਰ | 25 ਦਸੰਬਰ ਕੋਈ ਪਿਕਅੱਪ ਨਹੀਂ | 26 ਦਸੰਬਰ | 27 ਦਸੰਬਰ |
| 30 ਦਸੰਬਰ | 31 ਦਸੰਬਰ | 1 ਜਨਵਰੀ ਕੋਈ ਪਿਕਅੱਪ ਨਹੀਂ | 2 ਜਨਵਰੀ | 3 ਜਨਵਰੀ |
| 6 ਜਨਵਰੀ | 7 ਜਨਵਰੀ | 8 ਜਨਵਰੀ ਪਿਕਅੱਪ ਦੁਬਾਰਾ ਸ਼ੁਰੂ | 9 ਜਨਵਰੀ | 10 ਜਨਵਰੀ |

24-0041235 | CRV-332880

# ਭਾਰਤ ਸਬੰਧੀ ਆਪਣੇ ਪਹਿਲੇ ਬਿਆਨਾਂ ਤੋਂ ਟਰੂਡੋ ਸਾਹਿਬ ਨੇ ਯੂ ਟਰਨ ਮਾਰਿਆ



ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਹਰਦੀਪ ਸਿੰਘ ਨਿਜਰ ਦੀ ਹੱਤਿਆ ਬਾਰੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਿਦੇਸ਼ ਮੰਤਰੀ ਐਸ ਜੈ ਸ਼ੰਕਰ ਅਤੇ ਅਜੀਤ ਡੋਵਾਲ ਨੂੰ ਜਾਣਕਾਰੀ ਹੋਣ ਖਿਲਾਫ ਕੋਈ ਸਬੂਤ ਨਾ ਹੋਣ ਸਬੰਧੀ ਬਿਆਨ ਉੱਪਰ ਪ੍ਰਤਿਕਿਰਿਆ ਦਿੰਦਿਆਂ ਆਖਿਆ ਹੈ ਕਿ ਅਪਰਾਧੀਆਂ ਵੱਲੋਂ ਟੋਪ ਸੀਕਰੇਟਸ ਨੂੰ ਲੀਕ ਕੀਤੇ ਜਾਣ ਉਪਰੰਤ ਮੀਡੀਆ ਵੱਲੋਂ ਗਲਤ ਢੰਗ ਨਾਲ ਰਿਪੋਰਟਾਂ ਨੂੰ ਪੇਸ਼ ਕੀਤਾ ਜਾਂਦਾ ਹੈ। ਉਹਨਾਂ ਆਖਿਆ ਕਿ ਇਸੇ ਕਾਰਨ ਅਸੀਂ ਵਿਦੇਸ਼ੀ ਦਖਲ ਅੰਦਾਜੀ ਦੀ ਜਾਂਚ ਕਰਵਾ ਰਹੇ ਹਾਂ ਉਹਨਾਂ ਆਖਿਆ ਕਿ ਮੇਰੀ ਮੁੱਖ ਜਿੰਮੇਵਾਰੀ ਕੈਨੇਡਾ ਦੇ ਲੋਕਾਂ ਨੂੰ ਸੁਰੱਖਿਅਤ ਰੱਖਣਾ ਹੈ ਅਤੇ ਇਸ ਲਈ ਅਸੀਂ ਸਭ ਕੁਝ ਕਰਨ ਨੂੰ ਤਿਆਰ ਹਾਂ। ਉਹਨਾਂ ਬ੍ਰਾਜ਼ੀਲ ਵਿਖੇ ਹੋਏ ਜੀ20 ਸੰਮੇਲਨ ਦੇ ਦੌਰਾਨ ਅਮਰੀਕਾ ਤੇ ਰਾਸ਼ਟਰਪਤੀ ਜੋ ਬਾਇਡਨ ਅਤੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਹੋਈ ਮੁਲਾਕਾਤ ਬਾਰੇ ਪੁੱਛੇ ਗਏ ਸਵਾਲ ਦੇ ਜਵਾਬ ਵਿੱਚ ਆਖਿਆ ਕਿ ਉਹਨਾਂ ਦੀ ਬਾਈਡਨ ਨਾਲ ਹੋਈ ਮੀਟਿੰਗ ਬਹੁਤ ਹੀ ਸ਼ਾਨਦਾਰ ਰਹੀ ਅਤੇ ਕੈਨੇਡਾ ਆਪਣੇ ਸਾਰੇ ਸਹਿਯੋਗੀਆਂ ਨਾਲ ਮਿਲ ਕੇ ਕਾਨੂੰਨ ਦੇ ਨਿਯਮ ਲੋਕਾਂ ਦੀ ਸੁਰੱਖਿਆ ਲਈ ਮਿਲ ਕੇ ਕੰਮ ਕਰਦਾ ਰਹੇਗਾ।

# ਕਨੇਡਾ ਨੇ ਅੰਨਸਾਰ ਅੱਲਾਹ ਨੂੰ ਅੱਤਵਾਦੀ ਸੰਗਠਨ ਐਲਾਨਿਆ

ਔਟਵਾ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਸਰਕਾਰ ਨੇ ਯਮਨ ਦੇ ਗਰੁੱਪ ਅੰਨਸਾਰ ਅੱਲਾਹ ਜਿਸ ਨੂੰ ਹੂਤੀ ਦੇ ਤੌਰ ਤੇ ਵੀ ਜਾਣਿਆ ਜਾਂਦਾ ਹੈ ਨੂੰ ਅੱਤਵਾਦੀ ਸੰਗਠਨ ਐਲਾਨ ਦਿੱਤਾ ਹੈ। ਇਹ ਐਲਾਨ ਕਰਦਿਆਂ ਪਬਲਿਕ ਸੇਫਟੀ ਅਤੇ ਐਮਰਜੈਂਸੀ ਸੇਵਾਵਾਂ ਮੰਤਰੀ ਡੋਮਕ ਲੈਬਲਾਕ ਨੇ ਆਖਿਆ ਕਿ ਅੰਨਸਾਰ ਅੱਲਾਹ ਜਾਂ ਹੁਤੀ ਨੂੰ ਕੈਨੇਡਾ ਦੇ ਕ੍ਰਿਮੀਨਲ ਕੋਡ ਅਧੀਨ ਅੱਤਵਾਦੀ ਸੰਗਠਨ ਐਲਾਨਿਆ ਗਿਆ ਹੈ, ਕਿਉਂਕਿ ਇਸ ਸੰਗਠਨ ਦਾ ਸਬੰਧ ਇਰਾਨ ਦੇ ਰੈਵੋਲਊਸ਼ਨਰੀ ਗਾਰਡ ਗਰੁੱਪ ਅਤੇ ਲਿਬਨਾਨ ਦੇ ਹਿਜਬੁੱਲਾ ਨਾਲ ਹੈ। ਵਰਨਣ ਯੋਗ ਹੈ ਕਿ ਹੂਤੀ ਵੱਲੋਂ ਲਾਲ ਸਾਗਰ ਦੇ ਵਿੱਚ ਪਿਛਲੇ ਸਾਲ ਨਵੰਬਰ ਮਹੀਨੇ ਤੋਂ ਲੈ ਕੇ ਹੁਣ ਤੱਕ ਕਈ ਸਮੁੰਦਰੀ ਜਹਾਜ਼ਾਂ ਨੂੰ ਨਿਸ਼ਾਨਾ ਬਣਾਇਆ ਜਾ ਚੁੱਕਾ ਹੈ ਅਤੇ ਫਰਵਰੀ ਮਹੀਨੇ ਵਿੱਚ ਜਦੋਂ ਅਮਰੀਕਾ ਅਤੇ ਬਰਤਾਨੀਆ ਨੇ ਯਮਨ ਦੇ ਵਿੱਚ ਹੁਤੀ ਦੇ ਖਿਲਾਫ ਹਮਲੇ ਕੀਤੇ ਸਨ ਤਾਂ ਕੈਨੇਡਾ ਨੇ ਉਸ ਵਿੱਚ ਸਮਰਥਨ ਦਿੱਤਾ ਸੀ ਅਤੇ ਇਹਨਾਂ ਹਮਲਿਆਂ ਚ ਕੈਨੇਡਾ ਵੱਲੋਂ ਦਿੱਤੇ ਗਏ ਹਥਿਆਰ ਵਰਤੇ ਗਏ ਸਨ।

## ਅਸੀਂ ਨਾਟੋ ਦੇ ਰੱਖਿਆ ਖਰਚਿਆਂ ਲਈ ਆਪਣਾ ਬਣਦਾ ਯੋਗਦਾਨ ਪਾ ਰਹੇ ਹਾਂ-ਟਰੂਡੋ

ਰੀਜਾਇਨਾ(ਪੰਜਾਬੀ ਅਖ਼ਬਾਰ ਬਿਊਰੋ) ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਆਖਿਆ ਹੈ ਕਿ ਕੈਨੇਡਾ ਨਾਟੋ ਦੇ ਰੱਖਿਆ ਖਰਚਿਆਂ ਵਿੱਚ ਆਪਣਾ ਬਣਦਾ ਹਿੱਸਾ ਪਾਉਣ ਲਈ ਬਿਲਕੁਲ ਸਪਸ਼ਟ ਰਸਤੇ ਉੱਪਰ ਚੱਲ ਰਿਹਾ ਹੈ। ਮੋਂਟਰਿਅਲ ਵਿਖੇ ਸਾਲਾਨਾ ਨਾਟੋ ਪਾਰਲੀਮੈਂਟਰੀ ਅਸੈਂਬਲੀ ਦੌਰਾਨ ਸੰਬੋਧਨ ਕਰਦਿਆਂ ਟਰੂਡੋ ਨੇ ਆਖਿਆ ਕਿ ਕੈਨੇਡਾ ਵੱਲੋਂ ਨਾਟੋ ਦੇ ਰੱਖਿਆ ਖਰਚਿਆਂ ਵਿੱਚ ਬਣਦੀ ਹਿੱਸੇਦਾਰੀ ਪਾਉਣ ਵਾਸਤੇ ਬੜੀ ਮਜ਼ਬੂਤੀ ਨਾਲ ਕੰਮ ਕੀਤਾ ਜਾ ਰਿਹਾ ਹੈ ਪਰ ਅਜੇ ਵੀ ਕਈ ਕੁੱਝ ਕਰਨਾ ਬਾਕੀ ਹੈ।

# ਆਸਟ੍ਰੇਲੀਆ ਵਿੱਚ 16 ਸਾਲ ਤੋਂ ਘੱਟ ਉਮਰ ਦੇ ਹੁਣ ਸੋਸ਼ਲ ਮੀਡੀਆ ਦੀ ਵਰਤੋਂ ਤੋਂ ਵਾਂਝੇ ਰਹਿਣਗੇ




ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) ਆਸਟ੍ਰੇਲੀਆ ਦੇ ਪ੍ਰਤੀਨਿਧੀ ਸਦਨ ਨੇ ਇਕ ਬਿੱਲ ਪਾਸ ਕੀਤਾ ਹੈ ਜੋ ਕਿ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਸੋਸ਼ਲ ਮੀਡੀਆ ਦੀ ਵਰਤੋਂ ਕਰਨ 'ਤੇ ਪਾਬੰਦੀ ਲਗਾਵੇਗਾ। ਇਸ ਕਾਨੂੰਨ ਨੂੰ ਅੰਤਿਮ ਰੂਪ ਦੇਣ ਲਈ ਸੈਨੇਟ 'ਤੇ ਛੱਡ ਦਿੱਤਾ ਗਿਆ ਹੈ। ਵੱਡੀਆਂ ਪਾਰਟੀਆਂ ਨੇ ਬਿੱਲ ਦਾ ਸਮਰਥਨ ਕੀਤਾ ਜੋ ਕਿ ਟਿੱਕਟੋਕ, ਫੇਸਬੁੱਕ, ਸਨੈਪਚੈਟ, ਰੈੱਡਿਟ, ਐਕਸ ਅਤੇ ਇੰਸਟਾਗ੍ਰਾਮ ਸਮੇਤ ਪਲੇਟਫਾਰਮਾਂ ਨੂੰ ਛੋਟੇ ਬੱਚਿਆਂ ਦੇ ਖਾਤੇ ਰੱਖਣ ਤੋਂ ਰੋਕਣ ਲਈ ਪ੍ਰਣਾਲੀਗਤ ਅਸਫਲਤਾਵਾਂ ਲਈ 50 ਮਿਲੀਅਨ ਆਸਟ੍ਰੇਲੀਅਨ ਡਾਲਰ ਤੱਕ ਦੇ ਜੁਰਮਾਨੇ ਲਈ ਜ਼ਿੰਮੇਵਾਰ ਬਣਾਏਗਾ। ਬਿੱਲ ਦੇ ਹੱਕ ਵਿੱਚ 102 ਵੋਟਾਂ ਪਈਆਂ ਜਦਕਿ ਵਿਰੋਧ ਵਿੱਚ 13 ਵੋਟਾਂ ਪਈਆਂ। ਜੇਕਰ ਬਿੱਲ ਇਸ ਹਫ਼ਤੇ ਕਾਨੂੰਨ ਬਣ ਜਾਂਦਾ ਹੈ, ਤਾਂ ਪਲੇਟਫਾਰਮਾਂ ਕੋਲ ਇਹ ਕੰਮ ਕਰਨ ਲਈ ਇੱਕ ਸਾਲ ਦਾ ਸਮਾਂ ਹੋਵੇਗਾ ਕਿ ਜੁਰਮਾਨੇ ਲਾਗੂ ਹੋਣ ਤੋਂ ਪਹਿਲਾਂ ਉਮਰ ਦੀਆਂ ਪਾਬੰਦੀਆਂ ਨੂੰ ਕਿਵੇਂ ਲਾਗੂ ਕੀਤਾ ਜਾਵੇ। ਵਿਰੋਧੀ ਧਿਰ ਦੇ ਸੰਸਦ ਮੈਂਬਰ ਡੈਨ ਤੇਹਾਨ ਨੇ ਸੰਸਦ ਨੂੰ ਦੱਸਿਆ ਕਿ ਸਰਕਾਰ ਸੈਨੇਟ ਵਿੱਚ ਸੋਧਾਂ ਨੂੰ ਸਵੀਕਾਰ ਕਰਨ ਲਈ ਸਹਿਮਤ ਹੋ ਗਈ ਹੈ ਜੋ ਗੋਪਨੀਯਤਾ ਸੁਰੱਖਿਆ ਨੂੰ ਮਜ਼ਬੂਤ ਕਰਨਗੇ।

# ਚੋਰੀ ਦੀ ਗੱਡੀ ਲੈ ਪੁਲਿਸ ਕੋਲੋਂ ਭੱਜੇ ਐਕਸੀਡੈਂਟ ਕਰ ਬੈਠੇ

ਟੋਰਾਂਟੋ (ਪੰਜਾਬੀ ਅਖ਼ਬਾਰ ਬਿਊਰੋ) ਟੋਰਾਂਟੋ ਦੇ ਸਕਾਰਬਰੋ ਵਿੱਚ ਇੱਕ ਚੋਰੀ ਦੀ ਗੱਡੀ ਦੁਆਰਾ ਦੂਜੀ ਗੱਡੀ ਨੂੰ ਟੱਕਰ ਮਾਰੇ ਜਾਣ ਕਾਰਨ 5 ਜਣੇ ਜ਼ਖਮੀ ਹੋਏ ਹਨ ਜਿਨਾਂ ਵਿੱਚੋਂ ਚਾਰ ਜਣਿਆਂ ਨੂੰ ਗਿਰਫਤਾਰ ਕਰ ਲਿਆ ਗਿਆ ਹੈ। ਪੁਲਿਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਜਦੋਂ ਟੋਰਾਂਟੋ ਪੁਲਿਸ ਵੱਲੋਂ ਇੱਕ ਨਾਕਾ ਲਗਾਇਆ ਗਿਆ ਸੀ ਤਾਂ ਉਸ ਵਕਤ ਤੇਜ਼ ਗਤੀ ਨਾਲ ਆ ਰਹੀ ਹੋਂਡਾ ਸੀ ਆਰ ਵੀ ਨਜ਼ਰ ਆਈ। ਜਦੋਂ ਪੁਲਿਸ ਵੱਲੋਂ ਇਸ ਗੱਡੀ ਦਾ ਪਿੱਛਾ ਕੀਤਾ ਗਿਆ ਤਾਂ ਇਹ ਗੱਡੀ ਇੱਕ ਇੰਟਰਸੈਕਸ਼ਨ ਉੱਪਰ ਇੱਕ ਆਡੀ ਕਾਰ ਨਾਲ ਟਕਰਾ ਗਈ ਤੇ ਉਸ ਤੋਂ ਬਾਅਦ ਇੱਕ ਖਾਲੀ ਬੱਸ ਸ਼ੈਲਟਰ ਵਿੱਚ ਜਾ ਵੱਜੀ। ਪੁਲਿਸ ਅਨੁਸਾਰ ਚੋਰੀ ਦੀ ਸੀ ਆਰ ਵੀ ਉੱਪਰ ਪੰਜ ਜਣੇ ਸਵਾਰ ਸਨ ਜਿਨਾਂ ਵਿੱਚੋਂ ਚਾਰ ਦੀ ਹਾਲਤ ਗੰਭੀਰ ਹੈ ਤੇ ਉਹਨਾਂ ਨੂੰ ਹਸਪਤਾਲ ਚ ਦਾਖਲ ਕਰਵਾਇਆ ਗਿਆ ਹੈ। ਜਦਕਿ ਦੂਜੀ ਗੱਡੀ ਵਿੱਚ 51 ਸਾਲ ਦੇ ਡਰਾਈਵਰ ਨੂੰ ਕੁਝ ਸੱਟਾਂ ਲੱਗੀਆਂ ਹਨ। ਪੁਲਿਸ ਨੇ ਦੱਸਿਆ ਕਿ ਜ਼ਖਮੀਆਂ ਵਿੱਚੋਂ ਦੋ ਵਿਅਕਤੀਆਂ ਦੀ ਉਮਰ 18 ਅਤੇ 19 ਸਾਲ ਇੱਕ 15 ਸਾਲ ਦੀ ਲੜਕੀ 16 ਸਾਲ ਦਾ ਲੜਕਾ ਸ਼ਾਮਿਲ ਹਨ ਜਦੋਂ ਕਿ ਇੱਕ 16 ਸਾਲ ਦੀ ਲੜਕੀ ਦੀ ਤਲਾਸ਼ ਕੀਤੀ ਜਾ ਰਹੀ ਹੈ।

# ਅਮਰੀਕਾ ਸਰਹੱਦ 'ਤੇ ਮਾਰੇ ਗਏ ਪਟੇਲ ਪਰਿਵਾਰ ਲਈ 2 ਜਣੇ ਦੋਸ਼ੀ ਕਰਾਰ

ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) ਸਾਲ 2022 ਵਿੱਚ ਮੈਨੀਟੋਬਾ ਤੋਂ ਅਮਰੀਕਾ ਵਿੱਚ ਗੈਰ ਕਾਨੂੰਨੀ ਤਰੀਕੇ ਨਾਲ ਦਾਖਲ ਹੋਣ ਵਾਲੇ ਇੰਡੀਆ ਤੋਂ ਆਏ ਪਟੇਲ ਪਰਿਵਾਰ ਦੇ ਚਾਰ ਮੈਂਬਰ ਠੰਡ ਵਿੱਚ ਮਾਰੇ ਗਏ ਸਨ। ਇਸ ਹਿਊਮਨ ਸਮਗਲਿੰਗ ਕੇਸ ਦੇ ਵਿੱਚ ਹਰਸ਼ ਕੁਮਾਰ ਪਟੇਲ ਅਤੇ ਸਟੀਵ ਸੈਂਡ ਉੱਤੇ ਚਾਰਜ ਲੱਗੇ ਸਨ ਜੋ ਕਿ ਫਲੋਰੀਡਾ ਦੇ ਰਹਿਣ ਵਾਲੇ ਸਨ। ਪਿਛਲੇ ਕੁੱਝ ਦਿਨਾਂ ਤੋਂ ਇਸ ਕੇਸ ਦਾ ਟਰਾਇਲ ਅਮਰੀਕਾ ਦੀ ਅਦਾਲਤ ਦੇ ਵਿੱਚ ਚੱਲ ਰਿਹਾ ਹੈ। ਅਦਾਲਤ ਨੇ ਵੱਖ-ਵੱਖ ਪਹਿਲੂਆਂ ਉੱਤੇ ਗੌਰ ਕਰਨ ਤੋਂ ਬਾਅਦ ਹੁਣ ਦੋਵਾਂ ਨੂੰ ਦੋਸ਼ੀ ਕਰਾਰ ਦਿੱਤਾ ਹੈ। ਦੋਵਾਂ ਉੱਤੇ ਚਾਰ ਵੱਖ-ਵੱਖ ਦੋਸ਼ ਲੱਗੇ ਹੋਏ ਸਨ ਅਤੇ ਇਹਨਾਂ ਨੇ ਆਪਣਾ ਕਸੂਰ ਅਜੇ ਤੱਕ ਨਹੀਂ ਮੰਨਿਆ ਸੀ ਤੇ ਆਪਣੇ ਆਪ ਨੂੰ ਬੇ-ਗੁਨਾਹ ਦੱਸ ਰਹੇ ਸਨ। ਅਦਾਲਤ ਅਨੁਸਾਰ ਸਾਲ 2021 ਦੇ ਦਸੰਬਰ ਅਤੇ ਜਨਵਰੀ 2022 ਦੇ ਵਿੱਚ ਇਹਨਾਂ ਨੇ ਕਈ ਸਮਗਲਿੰਗ ਟਰਿਪਸ ਨੂੰ ਅੰਜਾਮ ਦਿੱਤਾ ਜੋ ਕਿ ਮੈਨੀਟੋਬਾ ਤੋਂ ਮਿਨੀਸੋਟਾ ਗੈਰ ਕਾਨੂਨੀ ਤਰੀਕੇ ਦੇ ਨਾਲ ਲੋਕਾਂ ਨੂੰ ਅਮਰੀਕਾ ਦੇ ਵਿੱਚ ਦਾਖਲ ਕਰਵਾਉਂਦੇ ਸਨ ਤੇ ਇਸ ਬਦਲੇ ਤੋਂ ਮੋਟੀ ਰਕਮ ਵਸੂਲ ਕਰਦੇ ਸਨ।



## ਕਾਰਗੋ ਜਹਾਜ ਹਵਾਈ ਅੱਡੇ ਨੇੜੇ ਇੱਕ ਘਰ ਉੱਪਰ ਡਿਗਿਆ

ਰੀਜਾਇਨਾ(ਪੰਜਾਬੀ ਅਖ਼ਬਾਰ ਬਿਊਰੋ) ਯੂਰਪੀ ਦੇਸ਼ ਲਿਥੁਐਨੀਆ ਵਿੱਚ ਕੂਰੀਅਰ ਕੰਪਨੀ ਡੀ ਐਚ ਐਲ ਦਾ ਇੱਕ ਕਾਰਗੋ ਜਹਾਜ ਹਾਦਸਾ ਗ੍ਰਸਤ ਹੋ ਗਿਆ ਜਿਸ ਵਿੱਚ ਇੱਕ ਵਿਅਕਤੀ ਦੀ ਮੌਤ ਹੋਈ ਹੈ ਤੇ ਤਿੰਨ ਹੋਰ ਜ਼ਖਮੀ ਹੋਏ ਹਨ। ਅਸਲ ਵਿੱਚ ਇਹ ਜਹਾਜ਼ ਜਦੋਂ ਦੇਸ਼ ਦੀ ਰਾਜਧਾਨੀ ਵਿਲਨੀਅਸ ਦੇ ਹਵਾਈ ਅੱਡੇ 'ਤੇ ਲੈਂਡ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ ਤਾਂ ਇਹ ਕਰੈਸ਼ ਹੋ ਕੇ ਇੱਕ ਘਰ ਦੇ ਉੱਪਰ ਜਾ ਡਿੱਗਾ।ਇਸ ਹਾਦਸੇ ਉਪਰੰਤ ਇਸ ਘਰ ਵਿੱਚੋਂ 12 ਲੋਕਾਂ ਨੂੰ ਸੁਰੱਖਿਤ ਬਾਹਰ ਕੱਢਿਆ ਗਿਆ। ਇਸ ਸਬੰਧੀ ਜਦੋਂ ਪੁਲਿਸ ਕਮਿਸ਼ਨਰ ਜਨਰਲ ਨੂੰ ਸਵਾਲ ਕੀਤਾ ਗਿਆ ਕਿ ਕੀ ਇਹ ਕੋਈ ਅੱਤਵਾਦੀ ਘਟਨਾ ਹੈ



















587.674.3438
southpoint@vestaproperties.com
Sales Centre & Showhomes
600 South Point Heath SW, Airdrie, AB






Boardroom


Entertaining Zone


Social Parlor


Monarch Fitness


Serenity Retreat

ਕੂਪਰ ਕਰਾਸਿੰਗ ਵਿੱਚ ਐਲੀਵੇਟ ਕੁਲੈਕਸ਼ਨ ਦੀ ਸ਼ਿਖਰ 'ਤੇ ਸਥਿੱਤ ਮੋਨਾਰਕ ਲੈਕੇ ਆਏ ਹਨ,ਜਿਸਦਾ ਕੋਈ ਮੁਕਾਬਲਾ ਹੀ ਨਹੀਂ, ਅਮੀਰ ਗੁਣਾਂ ਵਾਲੇ 1 ਅਤੇ 2 ਬੈੱਡਰੂਮ ਵਾਲੇ ਘਰ ਪਲੱਸ ਮਰਜੀ ਅਨਸਾਰ ਵਰਤੀ ਜਾਣ ਵਾਲੀ ਜਗਾਹ, 670 ਤੋਂ 1198 ਸਕੇਅਰ ਫੁੱਟ ਤੱਕ। ਮੋਨਰਾਕ ਨਿੱਤ ਦੀ ਜ਼ਿੰਦਗੀ ਵਿੱਚ ਉੱਚ ਪੱਧਰੇ ਰਹਿਣ ਸਹਿਣ ਅਤੇ ਉੱਚ ਪੱਧਰੀ ਸਹੂਲਤਾਂ ਨੂੰ ਮੁੱਖ ਰੱਖਕੇ ਤਿਆਰ ਕੀਤਾ ਗਿਆ ਹੈ। ਇੱਥੋਂ ਦੇ ਰਹਿਣ ਵਾਲੇ ਪ੍ਰੀਮੀਅਮ ਅਪਾਰਟਮੈਂਟਸ ਅਤੇ 4500 ਵਰਗ ਤੋਂ ਵੀ ਵੱਧ ਸਹੂਲਤਾਂ, ਜਿਹਨਾਂ ਵਿੱਚ ਮੋਨਾਰਕ ਫਿਟਨਿਸ,ਸੋਸ਼ਲ ਪਾਰਲਰ, ਸਰੈਨਟੀ ਰੀ-ਟਰੀਟ, ਏਂਟਰਟੇਨਿੰਗ ਜੋਨ, ਬੋਰਡਰੂਮ, ਗੀਅਰ ਸਟੇਸ਼ਨ, ਪਾ-ਸਪਾ ਅਤੇ ਹੋਰ ਬਹੁਤ ਕੁੱਝ ਦਾ ਘਰ ਵਾਂਗ ਹੀ ਆਨੰਦ ਮਾਣ ਸਕਦੇ ਹਨ।

#1601 – 201 Cooperswood Green SW, Airdrie
587.317.1516 | cooperscrossing@vestaproperties.com

ਹੋਰ ਜਾਣਕਾਰੀ ਲਈ ਰਜਿਸਟਰ ਕਰੋ: **VESTAELEVATE.COM**

Renderings are an artist's conception and are intended as a general reference only.

VESTA PROPERTIES

Renderings are artistic concept only and subject to change without notice.


ਕੈਲਗਰੀ ਵਿੱਚ ਸਾਂਝਾ ਪੰਜਾਬ ਗਰੌਸਰੀ ਸਟੋਰ
ਦੀ ਛੇਵੀਂ ਲੋਕੇਸ਼ਨ 400-45 CARRINGTON BLVD,NW
CALGARY ਨਾਰਥਵੈਸਟ ਏਰੀਆ ਵਿੱਚ ਖੁੱਲ ਗਈ ਹੈ
Mega
Sanjha Punjab
GROCERY STORE
ਤਾਜ਼ੀਆਂ ਸਬਜ਼ੀਆਂ, ਫਲ਼ ਫਰੂਟ, ਆਟਾ ਦਾਲਾਂ,
ਰਸੋਈ ਦਾ ਸਮਾਨ ਦੇਗਾਂ, ਪਤੀਲੇ, ਕੜਛੀਆਂ,
ਪਰੈਸ਼ਰ ਕੂਕਰ, ਮੰਜੇ, ਆਦਿ ਪੰਜਾਬ ਦੀ ਘਾਟ
ਮਹਿਸੂਸ ਹੀ ਨਹੀਂ ਹੋਣ ਦਿੰਦੇ ।
Mega
Sanjha Punjab
6 LOCATIONS TO SERVE YOU
331-3690 WESTWINDS DR NE, CALGARY
117 7171 80 AVE NE, CALGARY
570-6520 FALCONRIDGE BLVD. NE, CALGARY
606 CITYSCAPE SQR NE, CALGARY
3150-235 RED EMBERS WAY NE, CALGARY
400-45 CARRINGTON BLVD, NW, CALGARY


2 ਫਾਰ ਵਨ ਵਾਲਿਆਂ ਦਾ ਪੀਜ਼ਾ ਇੱਕ ਵਾਰ ਖਾਂਓਗੇ
ਤਾਂ ਆਪਣੇ ਘਰ ਖਾਣਾ ਬਣਾਉਣਾ ਭੁੱਲ ਜਾਓਗੇ
ਪਹਿਲੀ ਅਤੇ ਆਖਰੀ ਬਾਈਟ ਦਾ ਸੁਆਦ
2 ਫਾਰ ਵਨ ਪੀਜ਼ਾ ਹਾਊਸ ਨੂੰ ਰੱਖਣਾ ਯਾਦ
2 FOR 1 PIZZA HOUSE
HOUSE OF TASTE & QUALITY
Please advise us of any food allergies
ਆਪਣੇ ਸ਼ਹਿਰ ਵਿੱਚ
2 ਫਾਰ ਵਨ ਪੀਜ਼ਾ ਦੀ ਫਰੈਂਚਾਈਜ
ਲੈਣ ਲਈ ਕਾਲ ਕਰੋ
ਅੰਮ੍ਰਿਤ :403-333-9000
2 For 1 Pizza
House Franchise
Application
"GREAT FOOD,
GREAT PRICE,
GREAT QUALITY!!"
Business Hours
Sunday – Thursday
11:00 am – 12:00 am
Friday & Saturday
11:0 am – 1:00 am
Location Hours May Vary
info@2for1pizzahouse.com
www.2for1pizzahouse.com
We are proud to serve in Edmonton with 6 locations!
CALGARY
#123, 55 Westwinds Cres NE,
Calgary, AB T3J 5H2
Tel: 403-285-9000
STONEGATE - CALGARY
#112, 2550 Country Hills Blvd NE,
Calgary, AB T3N 1E4
Tel: 403-818-9000
NOLAN HILL - CALGARY
#155, 50 Nolanridge Crt NW
Calgary, AB
Tel: 403-300-2442
CHESTERMERE
#101-288 Kinniburg BLVD
Chestermere (AB)
Tel : 403 292 0000
EDMONTON
#3747 – 8th Ave SW,
Edmonton, AB T6X 1A4
Tel: 780-250-9009
EDMONTON
#3050, 106 St NW,
Edmonton, AB T6J 5M5
Tel: 780-540-9900


BHINDER EXTERIORS LTD.
BHINDER
EXTERIOR
ਕੁਦਰਤ ਦੀ ਗੜੇਮਾਰੀ ਕਾਰਣ ਘਰਾਂ ਦੇ
ਹੋਏ ਨੁਕਸਾਨ ਦਾ ਹੁਣ ਕੀ ਕਰੀਏ ?
ਤੁਸੀਂ ਕੁੱਝ ਨਹੀਂ ਕਰਨਾ ਸਿਰਫ ਭਿੰਡਰ ਐਕਸਟੀਰੀਅਰ
ਵਾਲਿਆਂ ਨੂੰ ਫੋਨ ਕਾਲ ਹੀ ਕਰਨੀ ਹੈ।
ਹੁਣ ਤੁਸੀਂ
ਸਾਈਡਿੰਗ ਚੇਂਜ
ਕਰਕੇ ਸਟੱਕੋ
ਵੀ ਕਰਵਾ ਸਕਦੇ ਹੋ
ਇੰਸ਼ੋਰੈਂਸ ਕੰਪਨੀ ਨਾਲ ਉਹ ਆਪੇ
ਹੀ ਡੀਲ ਕਰਕੇ ਤੁਹਾਡੇ ਘਰ ਨੂੰ
ਪਹਿਲਾਂ ਨਾਲੋਂ ਵੀ ਸੋਹਣਾ ਅਤੇ
ਨਵਾਂ ਨਕੋਰ ਬਣਾ ਦੇਣਗੇ।
* ਸਾਨੂੰ
ਵਰਕਰਾਂ
ਦੀ ਲੋੜ ਹੈ
All kind of Exterior Service
* Siding * Soffit
* Fascia * Cedar
* Smart Board
* Paper Wire
* Stucco & Roofing
* Eavestrough
FREE Estimate
Call: 403 680 0436
Email: sandeeptoor72@gmail.com